
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

Atam Marg Monthly Magazine

March 2006

# ਆਤਮ ਮਾਰਗ



ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਮਹਿਲ ਸਤਿਕਾਰਯੋਗ ਮਾਤਾ ਖੀਵੀ ਜੀ ਲੰਗਰ ਵਿਚ ਖੀਰ ਵਰਤਾਉਂਦੇ ਹੋਏ।
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥

Vishav Gurmat Roohani Mission Charitable Trust, Ratwara Sahib

ਸਾਲ ਗਿਆਰਵਾਂ ਅੰਕ ਬਾਰ੍ਹਵਾਂ, ਮਹੀਨਾ ਮਾਰਚ 2006
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ
ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ

**FOREIGN (ਵਿਦੇਸ਼) CONTACT NO.**

PGDTM

**U.S.A. - Baba Satnam Singh ji Atwal**
Phone and Fax : 408-263-1844
**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Holland - Bhai Amrik Singh ji**
Phone : 624-695-753,
Fax : 765-426-805 /765-715-821
**Australia - Bhai Jiwan Singh ji**
Phone : 03-943-65865, Fax : 03-943-65867

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order & correspondence**
Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.
**Office 'Atam Marg' Ph. No. - 0160-2255002, 2255009**
**Gurdwara Ishar Parkash Ratwara Sahib - 0160-2255001**
**For more information please visit us on internet at:-**
**,Email : atammarg1@yahoo.co.in**
Website: www.ratwarasahib.org
www.atammarguk.com

***ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।***

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

# ਤੱਤਕਰਾ


| | |
|---|---|
| 1. ਬਾਰਹਮਾਹਾ | 2 |
| 2. ਸੰਪਾਦਕੀ | 14 |
| 3. ਨਾਨਕ ਘਰ ਕੇ ਗੋਲੇ | 16 |
| 4. ਆਯੁਰਵੇਦ | 28 |
| 5. ਸੰਤ ਬਾਬਾ ਬਲਵੰਤ ਸਿੰਘ ਜੀ (ਸ੍ਰੀ ਮਾਨ ਰਾੜਾ ਸਾਹਿਬ) | 29 |
| 6. ਅਮੋਲਕ ਬਚਨ | 37 |
| 7. ਮੰਝ ਪਿਆਰਾ ਗੁਰੂ ਕੋ | 40 |
| 8. ਸੰਤ ਬਿਮਲਾ ਸਿੰਘ | 49 |
| 9. ਹਿਮਾਲੀਅਨ ਯੋਗੀ ਕਾ ਸੰਗ | 53 |
| 10. ਰਿਸ਼ੀਆਂ ਮੁਨੀਆਂ ਦਾ ਬ੍ਰਹਮ ਗਿਆਨ | 60 |


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਪਰਮ ਸਤਿਕਾਰ ਯੋਗ ਬੀਜੀ | 9417214381 |
| **'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ** | **- 9417214391,80,79** |
| ਅਖੰਡਪਾਠ ਬੁਕਿੰਗ | 9417214386 |
| ਸਕੂਲ ਟਰਾਂਸਪੋਰਟ | 9417214384 |
| ਆਈ.ਟੀ. ਕਾਲਜ | 9417214382 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**

**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**

**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ (**ਚੇਤਿ**)

***ਸੰਤ ਵਰਿਆਮ ਸਿੰਘ ਜੀ***

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥***
***ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥***
***ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥***
***ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥***
***ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥***
***ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥***
***ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥***
***ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥***
***ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥***

***ਅੰਗ – 134***

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੇ ਦਰਬਾਰ 'ਚ ਆਪ ਚੇਤਰ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਮਨਾਉਂਦੇ ਹੋਏ ਏਸ ਅਸਥਾਨ ਤੇ ਪਹੁੰਚੇ ਹੋਂ।

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥***

***ਅੰਗ – 133***

ਦੂਸਰਾ ਏਸ ਤੋਂ ਵੀ ਉਪਰ ਅੱਜ ਮਹਾਨ ਗੁਰੂ ਗੁਰੂ ਹਰਿਰਾਇ ਸਾਹਿਬ ਮਹਾਰਾਜ, ਆਪ ਛੋਟੀ ਉਮਰ ਵਿਚ ਹਨ, ਆਪ ਤੋਂ ਵੱਡੇ ਹੋਰ ਕਈ ਭਰਾਤਾ, ਆਪ ਜੀ ਦੇ ਪਿਤਾ ਦੇ ਭਰਾ ਹਨ। ਲੇਕਿਨ ਗੁਰੂ ਛੇਵੇਂ ਪਾਤਸਾਹ ਮਹਾਰਾਜ ਜੀ ਨੇ ਆਪ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਜੋਤ, ਆਪਣੀ ਜੋਤ ਟਿਕਾਉਣ ਵਾਸਤੇ ਚੁਣਿਆ ਤੇ ਅੱਜ ਦੇ ਦਿਨ ਉਨ੍ਹਾਂ ਦੇ ਅੰਦਰ ਗੁਰੂ ਜੋਤੀ ਦਾ ਪ੍ਰਕਾਸ਼ ਹੋਇਆ ਤੇ ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਗੁਰਗੱਦੀ ਦੇ ਉਤੇ ਸ਼ਸ਼ੋਭਤ ਹੋਏ। ਸੋ ਉਨ੍ਹਾਂ ਦੀ ਯਾਦ ਅਤੇ ਸੰਗਰਾਂਦ ਦਾ ਦਿਹਾੜਾ ਆਪ ਪਿਆਰ ਨਾਲ ਮਨਾ ਰਹੇ ਹੋ। ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਨਿਰਾ ਹੀ ਪਿਆਰ ਦੀ ਮੂਰਤ ਸੀ। ਸ਼ਿਕਾਰ ਖੇਲ੍ਹਦੇ ਸੀ, ਬਾਹਰ ਜਾਇਆ ਕਰਦੇ ਸੀ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਵੀ ਸ਼ਿਕਾਰ ਖੇਲ੍ਹਦੇ ਸੀ ਲੇਕਿਨ ਜੀਵਾਂ ਦਾ ਉਧਾਰ ਕਰਦੇ ਸੀ। ਉਸੇ ਵੇਲੇ ਉਧਾਰ ਹੋ ਜਾਂਦਾ ਸੀ, ਲੇਕਿਨ ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਜੀ ਨੇ ਸ਼ਿਕਾਰ ਖੇਲ੍ਹਿਆ, ਵੱਡੇ-ਵੱਡੇ ਚੀਤੇ, ਸ਼ੇਰ, ਉਹ ਜੀਉਂਦੇ ਮਾਰੇ ਨਹੀਂ ਹਨ, ਫੜ ਕੇ ਰੱਖ ਲਏ। ਉਨ੍ਹਾਂ ਦੇ ਉਤੇ ਦ੍ਰਿਸ਼ਟੀ ਪਾਈ, ਥੋੜ੍ਹੀ ਦੇਰ ਤੋਂ ਬਾਅਦ ਜੰਗਲ 'ਚ ਜਾ ਕੇ ਫੇਰ ਛੱਡ ਆਉਂਦੇ ਸੀ।

ਆਪ ਦਾ ਦਿਲ ਐਨਾ ਨਰਮ ਸੀ ਕਿ ਇਕ ਵਾਰੀ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਪਿਛੇ-ਪਿਛੇ ਜਾ ਰਹੇ ਸੀ। ਗੁਰੂ ਮਹਾਰਾਜ ਸੈਰ ਕਰ ਰਹੇ ਸੀ ਤੇ ਇਹ ਪਿਛੇ ਜਾਂਦੇ ਸੀ। ਇਨ੍ਹਾਂ ਦੇ ਚੋਲਾ ਬਹੁਤ ਵੱਡਾ ਪਾਇਆ ਹੋਇਆ ਸੀ। ਧਰਤੀ ਦੇ ਨਾਲ ਲਗ ਕੇ ਜਾ ਰਿਹਾ ਸੀ। ਇਕ ਗੁਲਾਬ ਦੇ ਫੁੱਲ ਨਾਲ ਚੋਲਾ ਲੱਗਿਆ ਤੇ ਫੁੱਲ ਟੁੱਟ ਗਿਆ। ਗੁਰੂ ਮਹਾਰਾਜ ਜਦੋਂ ਸਾਰਾ ਚੱਕਰ ਕੱਢ ਕੇ ਵਾਪਸ ਆਏ, ਕੀ ਦੇਖਦੇ ਨੇ, ਛੋਟੀ ਜਿਹੀ ਉਮਰ, ਛੋਟਾ ਜਿਹਾ ਬੱਚਾ, ਗੁਰੂ ਹਰਿਰਾਇ ਸਾਹਿਬ ਮਹਾਰਾਜ, ਉਹ ਫੁੱਲ ਹੱਥ ਵਿਚ ਲਿਆ ਹੋਇਆ ਹੈ ਤੇ ਬਹੁਤ ਡੂੰਘੇ ਭਾਵ ਵਿਚ ਗਏ ਹੋਏ ਨੇ ਤੇ ਫੁੱਲ ਨਾਲ ਗੱਲਾਂ ਕਰ ਰਹੇ ਨੇ ਕਿ ਐ ਫੁੱਲ! ਤੂੰ ਕਿੰਨੀ ਦੇਰ ਅਜੇ ਟਾਹਣੀ ਦੇ ਨਾਲ ਖਿੜ ਕੇ ਕਿੰਨਾ ਅਨੰਦ ਦੇਣਾ ਸੀ ਨੇਤਰਾਂ ਨੂੰ, ਆਪਣੀ ਖ਼ੂਬਸੂਰਤੀ ਦਾ। ਕਿੰਨੀ ਸੁਗੰਧੀ ਦੇਣੀ ਸੀ ਨਾਸਕਾ ਨੂੰ। ਲੇਕਿਨ ਤੇਰੇ ਨਾਲ ਮੇਰਾ ਚੋਲਾ ਛੂੰਹਣ ਨਾਲ, ਤੂੰ ਟੁੱਟ ਗਿਆ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਕੋਲ ਜਾਂਦੇ ਨੇ, ਸਾਰੀ ਗੱਲ ਦੇਖੀ ਤੇ ਨਾਲ ਦੀ ਨਾਲ ਪਿੱਠ ਤੇ ਹੱਥ ਰੱਖਿਆ, ਬੇਟਾ! ਜੇ ਕਿਸੇ ਨੂੰ ਨਹੀਂ ਤੋੜਨਾ ਤਾਂ ਚੋਲਾ ਸੰਭਾਲ ਕੇ ਚੱਲੀਦਾ ਹੁੰਦਾ ਹੈ। ਸਾਰੀ ਜ਼ਿੰਦਗੀ ਗੁਰੂ ਹਰਿਰਾਇ ਸਾਹਿਬ ਮਹਾਰਾਜ ਨੇ ਚੋਲਾ ਪਹਿਨ ਲੈਣਾ, ਇਕੱਠਾ ਕਰਕੇ ਖੱਬੀ ਬਾਂਹ ਦੇ ਉਤੇ ਰੱਖ ਲੈਣਾ। ਸਾਰੇ ਪੱਲੇ ਇਕੱਠੇ ਕਰ ਲੈਣੇ ਹੇਠਲੇ। ਗੁਰਿਆਈ ਵੀ ਕੀਤੀ, ਸਾਰੀ ਜ਼ਿੰਦਗੀ ਬਤੀਤ ਕੀਤੀ ਪਰ ਇਹ ਜਿਹੜਾ ਇਕੋ ਵਕਤ ਦਾ ਉਪਦੇਸ਼ ਸੀ, ਛੋਟੀ ਉਮਰ ਦੇ ਅੰਦਰ, ਬੱਚੇ ਸੀ ਨਿੱਕੇ ਜਿਹੇ, ਓਸਨੂੰ ਕਮਾਉਂਦੇ ਰਹੇ ਹਮੇਸ਼ਾ ਹੀ ਕਿ ਇਹ ਮੇਰੇ ਗੁਰੂਦੇਵ ਦਾ ਹੁਕਮ ਹੈ। ਸੋ ਉਨ੍ਹਾਂ ਦਾ ਗੁਰਿਆਈ ਦਾ ਦਿਵਸ ਆਪਾਂ ਅੱਜ ਮਨਾ ਰਹੇ ਹਾਂ। ਆਪ ਨਿਰੀ ਪਿਆਰ ਦੀ ਮੂਰਤ ਸੀ, ਇਕ ਨਵਾਂ ਸਬਕ ਦੇ ਰਹੇ ਸੀ ਕਿ ਜਪ ਤਪ ਕਰਦੇ-ਕਰਦੇ ਜਪੀ ਹਾਰ ਗਏ, ਤਪੀ ਹਾਰ ਗਏ, ਵਰਤ ਰੱਖ ਕੇ ਵਰਤ ਰੱਖਣ ਵਾਲੇ ਹਾਰ ਗਏ। ਪੁੱਠੇ ਲਟਕਦੇ ਹਾਰ ਗਏ, ਧੂਣੀਆਂ ਤਾਪਦੇ ਹਾਰ ਗਏ, ਜਲਧਾਰੇ ਕਰਦੇ ਹਾਰ ਗਏ। ਬਰਫਾਂ 'ਚ ਬੈਠ ਕੇ ਸਰੀਰ ਗਾਲਣ ਵਾਲੇ ਹਾਰ ਗਏ। ਸੈਂਕੜੇ ਸਾਲਾਂ ਦੀਆਂ ਸਮਾਧੀਆਂ ਲਾਉਣ ਵਾਲੇ ਥੱਕ ਗਏ। ਲੇਕਿਨ ਪ੍ਰਮੇਸ਼ਰ ਨਹੀਂ ਮਿਲ ਸਕਿਆ ਕਿਸੇ ਨੂੰ। ਵਾਹਿਗੁਰੂ ਜੀ ਰੂਪ-ਰੰਗ, ਰੇਖ-ਭੇਖ ਤੋਂ ਨਿਆਰਾ ਹੈ ਉਹ ਨਹੀਂ ਮਿਲਦਾ ਕਿਸੇ ਨੂੰ। ਸੋ ਆਪ ਜੀ ਨੇ ਬਹੁਤ ਹੀ ਸੁਖਾਲਾ ਤਰੀਕਾ ਦੱਸਿਆ ਕਿ ਪ੍ਰੇਮੀਓ! ਵਾਹਿਗੁਰੂ ਨਿਰਾ ਪਿਆਰ ਹੈ ਜਿਸਦੇ ਹਿਰਦੇ ਵਿਚ ਪਿਆਰ ਦਾ ਵਾਸਾ ਹੋ ਜਾਵੇ। ਜਿਸਦੇ ਹਿਰਦੇ ਵਿਚ ਖਿੱਚ ਪੈਣੀ ਸ਼ੁਰੂ ਹੋ ਜਾਵੇ, ਜਿਸਦੇ ਹਿਰਦੇ ਵਿਚੋਂ ਕੁੜੱਤਣ ਤੇ ਰੁੱਖਾਪਣ ਨਿਕਲ ਜਾਵੇ, ਦ੍ਵੈਤ ਨਿਕਲ ਜਾਵੇ, ਦੁਸ਼ਮਣ ਵੀ ਆਪਣੇ ਲੱਗਣ ਲਗ ਜਾਣ, ਦੁਸ਼ਮਣ ਕੋਈ ਨਾ ਰਹੇ। ਕਹਿੰਦੇ ਜਦੋਂ ਹਿਰਦੇ ਦੇ ਅੰਦਰ ਪਿਆਰ ਦੀ ਰੌ ਰੁਮਕਦੀ ਹੈ ਫੇਰ ਖਿੱਚਾਂ ਪੈਂਦੀਆਂ ਨੇ। ਉਹ ਜਿਹੜੀ ਖਿੱਚ ਪੈਂਦੀ ਹੈ ਉਹਦੇ ਅੱਗੇ ਵਾਹਿਗੁਰੂ ਜੀ ਠਹਿਰਦੇ ਨਹੀਂ ਹੈ, ਵਾਹਿਗੁਰੂ ਜੀ ਨੂੰ

ਆਉਣਾ ਪੈਂਦਾ ਹੈ। ਉਹ ਖਿੱਚ ਖਾਂਦੇ ਨੇ, ਹੋਰ ਕੋਈ ਤਰੀਕਾ ਨਹੀਂ ਹੈ। ਸੋ ਆਪ ਨੇ ਫੁਰਮਾਨ ਕੀਤਾ ਕਿ ਪਿਆਰ ਦਾ ਰਸਤਾ ਸਾਰਿਆਂ ਨਾਲੋਂ ਸੁਖਾਲਾ ਰਸਤਾ ਹੈ, ਜਿਹਦੇ ਨਾਲ ਪਿਆਰ ਹੋਵੇ, ਉਹ ਇਕ ਸਕਿੰਟ ਵਾਸਤੇ ਵੀ ਅੱਖਾਂ ਤੋਂ ਓਹਲੇ ਨਹੀਂ ਹੋਇਆ ਕਰਦਾ। ਉਹਦੀ ਗੈਰਹਾਜ਼ਰੀ ਨਹੀਂ ਕਦੇ ਵੀ ਮਹਿਸੂਸ ਹੋਇਆ ਕਰਦੀ ਕਦੇ ਵੀ, ਜਿਹਦੇ ਨਾਲ ਪਿਆਰ ਹੋਵੇ। ਸਾਨੂੰ ਤਾਂ ਸ਼ਿਕਾਇਤ ਹੈ ਜੀ, ਭਜਨ ਕਰਦੇ ਹਾਂ ਧਿਆਨ ਨਹੀਂ ਲਗਦਾ, ਮਨ ਨਹੀਂ ਟਿਕਦਾ। ਕਿਉਂਕਿ ਪਿਆਰ ਦੇ ਵਿਚ ਨਹੀਂ ਅਸੀਂ ਆਏ। ਪਿਆਰ ਦੇ ਮੰਡਲ ਤੋਂ ਬਾਹਰ-ਬਾਹਰ ਫਿਰਦੇ ਹਾਂ, ਜਿਹਦੇ ਨਾਲ ਪਿਆਰ ਹੋ ਜਾਵੇ, ਉਹਦੇ ਲਈ ਤਾਂ ਸ਼ਿਕਾਇਤ ਨਹੀਂ ਰਹਿੰਦੀ ਕੋਈ, ਉਹ ਤਾਂ ਹਰ ਵਕਤ ਨਾਲ ਰਹਿੰਦਾ ਹੈ। ਸੁੱਤੇ ਵੀ, ਜਾਗਦੇ ਵੀ, ਗੱਲ ਕਰੋ ਤਾਂ ਉਨ੍ਹਾਂ ਦੀ ਹੀ। ਸੋ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਨੂੰ ਤਿਆਰ ਹੈ ਪਿਆਰੇ ਦੀ ਗੱਲ ਸੁਣਨ ਲਈ। ਮਹਾਰਾਜ ਕਹਿੰਦੇ -

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***

***ਅੰਗ - 558***

ਕੀ ਦੇਈਏ ਉਸਨੂੰ? ਦੇਖਿਆ ਸਭ ਚੀਜ਼ਾਂ ਕਿ ਆਹ ਦੇ ਦੇਈਏ, ਆਹ ਦੇ ਦੇਈਏ। ਸਾਰਿਆਂ ਨਾਲੋਂ ਪਿਆਰਾ ਸੀਸ ਹੁੰਦਾ ਹੈ।

***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***

***ਅੰਗ - 558***

ਬਿਨਾਂ ਸੀਸ ਤੋਂ ਸੇਵਾ ਕਰੀਏ। ਸੀਸ ਵੱਢ ਕੇ ਉਹਨੂੰ ਬੈਠਣ ਵਾਸਤੇ ਬਣਾ ਦਿਤਾ ਜਾਵੇ ਮੂੜ੍ਹਾ। ਸੋ ਵੱਡੀ ਕੁਰਬਾਨੀ ਹੈ।

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥***
***ਤਨੁ ਮਨੁ ਕਾਟਿ ਕਾਟਿ ਸਭ ਅਰਪੀ ਵਿਚਿ ਅਗਨੀ ਆਪੁ ਜਲਾਈ॥***
***ਪਖਾ ਫੇਰੀ ਪਾਣੀ ਢੋਵਾ.............॥***

***ਅੰਗ - 757***

ਅਗਲੀ ਤੁਕ ਕਿਹੜੀ ਹੈ ਧਿਆਨ ਦੇਵੋ, ਪੱਖਾਂ ਤਾਂ ਬਹੁਤ ਸਾਰੇ ਫੇਰਦੇ ਨੇ, ਪਾਣੀ ਵੀ ਢੋਂਦੇ ਨੇ। ਪਰ ਅਗਲੀ ਗੱਲ ਜਿਹੜੀ ਹੈ ਕਹਿੰਦੇ -

***............. ਜੋ ਦੇਵਹਿ ਸੋ ਖਾਈ॥ ਅੰਗ - 757***

ਹੇ ਵਾਹਿਗੁਰੂ! ਤੇਰੀ ਸੇਵਾ ਕਰਦੇ ਨੂੰ ਜੋ ਕੁਛ ਵੀ ਪ੍ਰਾਪਤ ਹੋ ਜਾਵੇ, ਉਹ ਮੈਂ ਖਾਵਾਂ, ਕਦੇ ਸ਼ਿਕਵਾ ਨਾ ਕਰਾਂ ਕਿ ਮੈਨੂੰ ਆਹ ਚੀਜ਼ ਮਿਲ ਜਾਏ, ਆਹ ਮਿਲ ਜਾਏ। ਜੇ ਦੁੱਖ ਦੇ ਦਿਤਾ ਤਾਂ ਵੀ ਮੈਂ ਤੇਰਾ ਹੀ ਧਿਆਨ ਰੱਖਾਂ, ਜੇ ਸੁਖ ਦੇ ਦਿਤਾ ਤਾਂ ਵੀ। ਜੇ ਭੁੱਖ ਦੇ ਦਿਤੀ ਤਾਂ ਮੈਂ ਭੁੱਖਾ ਹੀ ਰੱਜਿਆ ਰਹਾਂ ਕਿ ਤੇਰੇ ਵਲੋਂ ਆਈ ਹੋਈ ਹੈ। ਸੋ ਇਹ ਪਿਆਰ ਜਿਸਦੇ ਹਿਰਦੇ ਵਿਚ ਸਮਾਅ ਜਾਵੇ, ਵੱਡੇ ਭਾਗਾਂ ਵਾਲਾ ਪੁਰਸ਼ ਹੁੰਦਾ ਹੈ ਕਿਉਂਕਿ ਪੱਥਰ ਦਿਲ ਨੇ। ਪੱਥਰ ਦਿਲ ਜਿਹੜੇ ਨੇ-

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥***

***ਅੰਗ - 1379***

ਉਹ ਤਾਂ ਮਸਾਣ ਹੋਇਆ ਕਰਦੇ ਨੇ। ਮਸਾਣਾਂ ਦੀ ਮਿਟੀ ਜਿਹੜੀ ਜਲੀ ਹੋਈ ਹੈ ਉਥੇ ਘਾਹ ਬੀਜ ਕੇ ਦੇਖ ਲਓ ਹਰਾ ਨਹੀਂ ਹੁੰਦਾ ਕਿਉਂਕਿ ਜਲ ਗਈ ਮਿੱਟੀ। ਇਸੇ ਤਰ੍ਹਾਂ ਦੇ ਨਾਲ ਮੋਹ ਮਾਇਆ ਦੇ ਨਾਲ ਜਿਹਦਾ ਹਿਰਦਾ ਜਲਿਆ ਹੋਇਆ ਹੈ। ਉਥੇ ਪਿਆਰ ਨਹੀਂ ਹੋਇਆ ਕਰਦਾ। ਉਹ ਤਾਂ ਮਸਾਣ ਹੁੰਦੇ ਨੇ, ਉਥੇ ਬਿਰਹਾ ਨਹੀਂ ਹੁੰਦਾ, ਖਿੱਚ ਨਹੀਂ ਹੁੰਦੀ। ਖਿੱਚ ਬਗੈਰ ਵਾਹਿਗੁਰੂ ਨਹੀਂ ਮਿਲਦਾ।

ਕਰੋੜਾਂ ਤੀਰਥਾਂ ਕੀਤੇ ਰੱਬ ਨੂੰ ਮਿਲਣ ਵਾਸਤੇ। ਵੱਡੇ-ਵੱਡੇ ਦਾਨ, ਆਪਣਾ ਸਰੀਰ ਵੀ ਦਾਨ ਵਿਚ ਦੇ ਦਿਤਾ। ਵੱਡੇ-ਵੱਡੇ ਵਰਤ ਧਾਰਨ ਕਰ ਲਏ। ਬੇਅੰਤ ਕਿਸਮ ਦੇ ਭੇਸ ਜਾ ਕੇ ਰਿਸ਼ੀਆਂ ਮੁਨੀਆਂ ਦੇ ਵਿਚ ਕਰ ਲਏ। ਦੇਸਾਂ ਦੇਸਾਂਤਰਾਂ 'ਚ ਫਿਰਿਆ, ਲੈ ਕੇ ਵੱਡੇ-ਵੱਡੇ ਕੇਸ ਸਿਰ ਦੇ ਉਤੇ ਧਰ ਲਏ। ਮਹਾਰਾਜ ਕਹਿੰਦੇ ਐਉਂ ਤਾਂ ਨਹੀਂ ਮਿਲਣਾ ਰੱਬ। ਅਸ਼ਟਾਂਗ ਯੋਗ ਕਰੇ, 84 ਆਸਨ ਸਿੱਧਾਂ ਦੇ ਹੁੰਦੇ ਨੇ ਮਹਾਰਾਜ ਕਹਿੰਦੇ ਕਰੋੜ ਆਸਨ ਕਰ ਲੈ ਚਾਹੇ, 84 ਛੱਡ ਕੇ। ਮੂੰਹ ਕਾਲਾ ਕਰਕੇ ਫਿਰਦਾ ਰਿਹਾ। ਸੁੰਦਰਤਾ ਖਰਾਬ ਕਰ ਲਈ ਆਪਣੀ, ਸੁੱਕ ਗਿਆ। ਪਰ ਮਹਾਰਾਜ ਕਹਿੰਦੇ ਜੇ ਵਾਹਿਗੁਰੂ ਦੇ ਨਾਲ ਪਿਆਰ ਨਹੀਂ ਨਾ ਪਿਆ ਤਾਂ ਕਹਿੰਦੇ ਧਰਮਰਾਜ ਦੀ ਦੁਨੀਆਂ ਵਿਚ ਜਾਣਾ ਪੈਂਦਾ ਹੈ। ਕਹਿੰਦੇ ਕੀ ਹੋ ਗਿਆ ਜੇ ਸਿਰ ਮੁਨਾ ਲਿਆ, ਜਾਂ ਸਿਰ ਦੇ ਉਤੇ ਜਟਾਂ ਧਰ ਲਈਆਂ। ਜਾ ਕੇ ਤਪਸਿਆ ਵਾਲੀ ਥਾਂ ਤੇ ਭੇਖ ਦਿਖਾਉਣ ਲਗ ਗਿਆ।

ਕੀ ਹੋ ਗਿਆ ਜੇ ਅੱਖਾਂ ਖੋਲ੍ਹਦਾ ਹੀ ਨਹੀਂ, ਅੱਖਾਂ ਮੀਚ ਕੇ ਬਗਲੇ ਵਾਂਗਣ ਬੈਠਾ ਰਹਿੰਦਾ ਹੈ। ਅੱਖਾਂ ਮੀਚ ਲਈਆਂ, ਝੂੰਮ-ਝੂੰਮ ਕੇ ਗੁਣ ਗਾਉਂਦਾ ਹੈ।

***ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ***
***ਨਹੀ ਹਰਿ ਹਰਿ ਭੀਜੈ ਰਾਮ ਰਾਜੇ॥ ਅੰਗ - 450***

ਬੇਅੰਤ ਰਾਗਾਂ ਦੇ ਨਾਲ, ਬੇਅੰਤ ਨਾਦਾਂ ਦੇ ਨਾਲ, ਬੇਅੰਤ ਸਾਜਾਂ ਦੇ ਨਾਲ ਝੂੰਮ-ਝੂੰਮ ਕੇ ਗੁਣ ਗਾ ਰਿਹਾ ਹੈ। ਮਹਾਰਾਜ ਕਹਿੰਦੇ ਫੇਰ ਕੀ ਹੋ ਗਿਆ। ਆਰਤੀ ਕਰਦਾ ਹੈ, ਧੂਪ ਜਗਾਉਂਦਾ ਹੈ, ਸੰਖ ਵਜਾਉਂਦਾ ਹੈ, ਘੜਿਆਲਾਂ ਵਜਾਉਂਦਾ ਹੈ, ਫੁੱਲ ਸੁਟਦਾ ਹੈ। ਮਹਾਰਾਜ ਕਹਿੰਦੇ ਤੁਸੀਂ ਕਹੋ ਨਾ ਕਹੋ, ਬਿਨਾ ਪਿਆਰ ਤੋਂ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ।

ਗੁਰੂ ਤਾਂ ਨਿਰਾ ਹੀ ਪਿਆਰ ਮੰਗਦਾ ਹੈ ਸਾਧਸੰਗ ਜੀ! ਗੁਰੂ ਤਾਂ ਹਰ ਵਕਤ ਸਿੱਖ ਨੂੰ ਉਡੀਕਦਾ ਹੈ ਕਿ ਮੇਰਾ ਸਿੱਖ ਮੇਰੇ ਕੋਲ ਆਵੇ। ਕਿਉਂਕਿ ਗੁਰੂ ਪਿਆਰ ਦੀ ਮੂਰਤ

ਹੁੰਦਾ ਹੈ। ਗੁਰੂ ਤੇ ਪ੍ਰਮੇਸ਼ਰ ਦੇ ਵਿਚ ਫਰਕ ਨਹੀਂ ਹੋਇਆ ਕਰਦਾ। ਇਕੋ ਹੋਇਆ ਕਰਦੇ ਨੇ।

ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਦੇ ਜੀਵਨ ਦੇ ਅੰਦਰ, ਜਿਨ੍ਹਾਂ ਦੀ ਗੁਰਗੱਦੀ ਦਾ ਆਪਾਂ ਦਿਵਸ ਮਨਾ ਰਹੇ ਹਾਂ। ਆਪ ਦੇ ਇਤਿਹਾਸ ਦੇ ਅੰਦਰ ਇਕ ਐਸੀ ਘਟਨਾ ਆਉਂਦੀ ਹੈ, ਬੇਅੰਤ ਨੇ ਉਸ ਤਰ੍ਹਾਂ ਤਾਂ, ਪਰ ਆਪਾਂ ਇਕ ਦਾ ਜ਼ਿਕਰ ਕਰਦੇ ਹਾਂ।

ਕਿਸੇ ਦੂਰ ਪਿੰਡ ਦੇ ਅੰਦਰ ਕੋਈ ਮਾਤਾ ਰਹਿੰਦੀ ਸੀ। ਆਮ ਸਾਧਾਰਨ ਸੀ ਲੇਕਿਨ ਸਤਿਸੰਗ ਦਾ ਨਹੀਂ ਸੀ ਓਸਨੂੰ ਪਤਾ ਕਿ ਕੀ ਹੁੰਦਾ ਹੈ, ਰੱਬ ਕੀ ਹੁੰਦਾ ਹੈ? ਜਿਵੇਂ ਆਮ ਲੋਕ ਪਾਪ ਵੀ ਕਰਦੇ ਨੇ, ਪੁੰਨ ਵੀ ਕਰਦੇ ਨੇ। ਵੈਸਾ ਹੀ ਜੀਵਨ ਸੀ ਉਸਦਾ। ਇਕ ਵਾਰੀ ਐਸਾ ਹੋਇਆ ਕਿ ਕੋਈ ਪੂਰਨ ਮਹਾਂਪੁਰਸ਼ ਹਰੀ ਦਾ ਜਸ ਕਰਦੇ-ਕਰਦੇ ਗੁਰੂ ਦੇ ਸਿੱਖ, ਉਸ ਦੇ ਨਗਰ ਵਿਚ ਆ ਗਏ। ਉਥੇ ਸਤਿਸੰਗ ਹੋਣਾ ਸ਼ੁਰੂ ਹੋ ਗਿਆ। ਸਤਿਸੰਗ ਦੇ ਵਿਚ ਓਹੀ ਜਾਂਦੇ ਨੇ ਜਿਨ੍ਹਾਂ ਦੇ ਮੱਥੇ ਦੇ ਵਿਚ ਕਲਮ ਲਿਖੀ ਹੋਵੇ, ਦੂਜਾ ਨਹੀਂ ਜਾ ਸਕਿਆ ਕਰਦਾ। ਕੋਲ ਜਾ ਕੇ ਬਾਹਰ ਬੈਠ ਜਾਂਦਾ ਹੈ ਕਿਉਂਕਿ ਓਹਨੂੰ ਦਾਖਲਾ ਨਹੀਂ ਮਿਲਦਾ। ਜਿਹੜੀਆਂ ਗੁਪਤ ਤਾਕਤਾਂ ਨੇ, ਉਹ ਧੱਕਾ ਮਾਰਦੀਆਂ ਨੇ, ਜੇ ਆ ਵੀ ਜਾਵੇ ਕੰਨ ਬੰਦ ਕਰ ਦਿੰਦੀਆਂ ਨੇ, ਸੁਣਨ ਤੱਕ ਨਹੀਂ ਦਿੰਦੀਆਂ ਕਿਉਂਕਿ ਭਾਗ ਵਿਚ ਲਿਖਿਆ ਹੋਇਆ ਨਹੀਂ। ਥੋੜ੍ਹਾ ਜਿਹਾ ਪੁੰਨ ਤਾਂ ਸੀਗਾ ਕਿ ਨੇਤਰਾਂ ਦੇ ਨਾਲ ਸੰਗਤ ਦੇ ਦਰਸ਼ਨ ਕਰ ਲਓ, ਉਹਦਾ ਵੀ ਬੜਾ ਭਾਰਾ ਪੁੰਨ ਹੈ। ਲੇਕਿਨ ਐਡਾ ਪੁੰਨ ਨਹੀਂ ਸੀ ਕਿ ਸਤਿਸੰਗ ਸਰਵਣ ਕਰ ਲਏ। ਸੋ ਪ੍ਰੇਮੀ ਜਾਣੇ ਸ਼ੁਰੂ ਹੋ ਗਏ, ਕਿਸੇ ਨੇ ਕਿਹਾ ਬੀਬੀ! ਵਡੇਰੀ ਉਮਰ ਦੀ ਸੀ ਥੋੜ੍ਹੀ। ਬਾਲ-ਬੱਚੇ ਚੜ੍ਹਾਈ ਕਰ ਗਏ ਸੀ, ਘਰਵਾਲਾ ਵੀ ਚੜ੍ਹਾਈ ਕਰ ਗਿਆ ਸੀ। ਇਕੱਲੀ ਰਹਿੰਦੀ ਸੀ। ਮਿਹਨਤ ਮਜ਼ੂਰੀ ਕਰਕੇ ਆਪਣਾ ਜੀਵਨ ਬਤੀਤ ਕਰਦੀ ਸੀ। ਤਰਸ ਆ ਗਿਆ ਕਿਸੇ ਗੁਰਸਿੱਖ ਨੂੰ, ਬੀਬੀ ਨੂੰ ਕਹਿਣ ਲੱਗੀ ਮਾਤਾ! ਆਪਣੇ ਨਗਰ ਦੇ ਅੰਦਰ ਸਤਿਸੰਗ ਹੁੰਦਾ ਹੈ, ਤੂੰ ਵੀ ਚੱਲ। ਸੰਗਤ ਵਿਚ ਜਾਣ ਤੋਂ ਤਾਂ ਮਹਾਂਪੁਰਸ਼ਾਂ ਨੇ ਦੱਸਿਆ ਹੈ ਕਿ ਐਨਾ ਫਲ ਹੁੰਦਾ ਹੈ ਕਿ ਕਿ ਇਕ ਕਦਮ ਕੋਈ ਚਲ ਕੇ ਆ ਜਾਵੇ, ਇਕ ਅਸ਼੍ਵਮੇਧ ਜਗ ਦਾ ਫਲ ਉਹਨੂੰ ਮਿਲ ਜਾਂਦਾ ਹੈ। ਤੂੰ ਵੀ ਸ਼ਰਧਾ ਦੇ ਨਾਲ ਚੱਲ ਤੇ ਮਾਤਾ ਜਿਸ ਵਕਤ ਸੰਗਤ ਗਈ ਓਸ ਵੇਲੇ ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਐਸੇ ਵਿਚਾਰ ਆ ਰਹੇ ਸੀ।

***ਧਾਰਨਾ - ਇਹੋ ਤੇਰੀ ਵਾਰੀ ਐ, ਗੋਬਿੰਦ ਮਿਲਣੇ ਦੀ।***

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - 12***

ਵਿਆਖਿਆ ਹੋਈ ਕਿ ਬੜੀ ਦੇਰ ਤੋਂ ਬਾਅਦ ਫਿਰਦੇ-ਫਿਰਦੇ ਨੂੰ ਇਹ ਜਨਮ ਮਿਲਿਆ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥***
***ਅੰਗ - 631***

ਭਾਈ ਤੂੰ ਐਉਂ ਨਾ ਸਮਝ ਕਿ ਤੇਰਾ ਸਰੀਰ ਹੁਣੇ ਹੀ ਪੈਦਾ ਹੋਇਆ ਹੈ। ਜਦ ਮਾਂ ਦੇ ਪੇਟ 'ਚੋਂ ਪੈਦਾ ਹੋਇਆ ਹੈਂ ਪੁਛਦਾ ਹੈ ਕੋਈ ਬੰਦਾ ਕਿ ਤੇਰੀ ਕਿੰਨੀ ਉਮਰ ਹੈ। ਅਣਜਾਣ ਬੰਦਾ ਕਹਿੰਦਾ ਹੈ ਕਿ ਜੀ ਮੇਰੀ 40 ਸਾਲ ਦੀ ਉਮਰ ਹੈ, ਮੇਰੀ 50 ਸਾਲ ਦੀ ਉਮਰ ਹੈ। ਜਿਹੜਾ ਜਾਣਕਾਰ ਹੈ ਉਹ ਚੁੱਪ ਕਰ ਜਾਂਦਾ ਹੈ। ਫੇਰ ਉਹਨੂੰ ਪੁਛਿਆ ਜਾਂਦਾ ਹੈ ਕਿ ਤੇਰੀ ਕਿੰਨੀ ਉਮਰ ਹੈ? ਦੇਖਦਾ ਹੈ ਕਿ ਅਣਜਾਣ ਬੰਦਾ ਪੁਛ ਰਿਹਾ ਹੈ ਕਿ ਜਾਣਕਾਰ ਪੁੱਛ ਰਿਹਾ ਹੈ। ਜੇ ਅਣਜਾਣ ਬੰਦਾ ਪੁਛਦਾ ਹੈ ਤਾਂ ਸਰੀਰ ਨੂੰ ਉਮਰ ਦਸਦਾ ਹੈ। ਜੇ ਜਾਣਕਾਰ ਪੁਛਦਾ ਹੈ ਫੇਰ ਕਹਿੰਦਾ ਹੈ ਕਿ ਮੈਨੂੰ ਤਾਂ ਮੇਰੀ ਉਮਰ ਦਾ ਪਤਾ ਹੀ ਨਹੀਂ। ਕੋਈ ਨਹੀਂ ਪਤਾ ਕਿ ਮੈਂ ਕਦੋਂ ਤੋਂ ਤੁਰਿਆ ਆ ਰਿਹਾ ਹਾਂ। ਇਸ ਗੱਲ ਦੀ ਕੋਈ ਸੋਝੀ ਨਹੀਂ ਹੈ। ਇਹ ਵੀ ਨਹੀਂ ਪਤਾ ਕਿ ਮੈਂ ਕਿਹੜਾ-ਕਿਹੜਾ ਸਰੀਰ ਧਾਰਨ ਕੀਤਾ ਹੈ। ਕਿਉਂਕਿ ਮਹਾਰਾਜ ਇਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176***

ਥੋੜ੍ਹਾਂ ਸਮਾਂ ਨਹੀਂ, ਕਰੋੜਾਂ ਸਾਲ, ਅਰਬਾਂ ਸਾਲ ਮਹਾਰਾਜ ਕਹਿੰਦੇ ਲੰਘ ਗਏ। ਕੀ ਬਣਦਾ ਰਿਹਾ? ਸਫਰ ਤਾਂ ਲੰਮਾ ਹੋਇਆ, ਉਮਰ ਤਾਂ ਆਪਣੀ ਬਹੁਤ ਵੱਡੀ ਹੋਈ। ਕਪੜੇ ਪਾਏ ਕਦੇ ਸਿਆਲ ਦੇ ਪਾ ਲਏ, ਕਦੇ ਗਰਮੀਆਂ ਦੇ ਪਾ ਲਏ। ਪਹਿਨਦੇ ਆਏ ਹਾਂ ਕਰਮਾਂ ਦੇ ਮੁਤਾਬਿਕ ਕਪੜੇ। ਚਾਰ ਖਾਣੀਆਂ ਨੇ - ਅੰਡਜ, ਜੇਰਜ, ਸੇਤਜ, ਉਤਭੁਜ। ਅੰਡਿਆਂ ਤੋਂ ਪੈਦਾ ਹੋਣ ਵਾਲੇ, ਜੇਰ ਤੋਂ ਪੈਦਾ ਹੋਣ ਵਾਲੇ, ਮੁੜ੍ਹਕੇ ਤੋਂ ਪੈਦਾ ਹੋਣ ਵਾਲੇ, ਧਰਤੀ ਦੀ ਗਰਮੀ ਤੋਂ ਪੈਦਾ ਹੋਣ ਵਾਲੇ। ਇਹ ਚਾਰ ਦੇ ਵਿਚ 21-21 ਲੱਖ ਕਿਸਮ ਦੀਆਂ ਜੂਨੀਆਂ ਨੇ। ਇਨ੍ਹਾਂ ਸਾਰੀਆਂ ਦੇ ਵਿਚੋਂ ਹੋ ਕੇ ਆਪਾਂ ਆਏ ਹਾਂ। ਹੁਣ ਉਮਰ ਬੁਝੋ ਕਿੰਨੀ ਹੈ, ਕਿੰਨੇ ਸਾਲ ਪੱਥਰ ਬਣੇ ਰਹੇ, ਕਿੰਨੇ ਸਾਲ ਬਰੋਟਾ ਬਣੇ ਰਹੇ, ਕਿੰਨੇ ਸਾਲ ਪਿੱਪਲ ਬਣੇ ਰਹੇ। 24 ਲੱਖ ਕਿਸਮ ਦੇ ਰੁੱਖ, ਬ੍ਰਿਖ ਨੇ, ਨਾਗਾਂ ਦੀਆਂ ਕੁਲਾਂ ਵਿਚ ਵੀ ਘੁੰਮਦੇ ਰਹੇ ਹਾਂ, ਖੱਡਾਂ 'ਚ ਨੱਠ-ਨੱਠ ਕੇ ਵੜਦੇ ਰਹੇ ਹਾਂ। ਪੰਖੀ ਬਣ ਕੇ ਘੁੰਮਦੇ ਰਹੇ ਹਾਂ, ਉਡ ਕੇ ਓਹ ਟਾਹਣੇ ਤੇ, ਉਡ ਕੇ ਓਹ ਟਾਹਣੇ ਤੇ। ਹੁਣ ਉਮਰ ਕੀ ਦੱਸੀ ਜਾਵੇ ਆਪ ਦੀ।

ਮਹਾਰਾਜ ਕਹਿੰਦੇ ਇਹ ਦੇਹੀ ਤੈਨੂੰ ਬੜੇ ਚਿਰਾਂ ਤੋਂ ਬਾਅਦ ਪ੍ਰਾਪਤ ਹੋਈ ਹੈ। ਤੂੰ ਹੁਣ ਪ੍ਰਮੇਸ਼ਰ ਦਾ ਨਾਮ ਜਪ ਭਾਈ।

ਜਿਹੜਾ ਤਾਂ ਸੋਝੀ ਵਾਲਾ ਬੰਦਾ ਹੈ, ਜਿਹਦੇ ਨੇਤਰ ਖੁਲ੍ਹੇ ਹੋਏ ਨੇ, ਜਿਹੜਾ ਜਾਗਦਾ ਹੈ। ਉਹਨੂੰ ਪੁਛ ਲਓ ਉਮਰ ਉਹ ਸਰੀਰ ਦੀ ਨਹੀਂ ਦਸਦਾ। ਵਾਹਿਗੁਰੂ ਹੀ ਜਾਣਦਾ ਹੈ ਕਿ ਅਸੀਂ ਕਦੋਂ ਕੁ ਦੇ ਭਟਕਦੇ ਫਿਰਦੇ ਹਾਂ। ਸੋ ਹੁਣ ਸਾਡੀ ਵਾਰੀ ਆ ਗਈ। ਪਹਿਲਾਂ ਵੀ ਮਨੁੱਖ ਬਣੇ ਸੀ? ਮਹਾਰਾਜ ਕਹਿੰਦੇ ਹਾਂ, ਬਹੁਤ ਵਾਰੀ ਬਣੇ ਹਾਂ।

ਫੇਰ ਮਹਾਰਾਜ! ਜਦ ਨਾ ਸਾਨੂੰ ਸੋਝੀ ਆਈ?

ਮਹਾਰਾਜ ਕਹਿੰਦੇ ਨਾ ਸੋਝੀ ਕਿਤੇ ਸਾਰਿਆਂ ਨੂੰ ਆਉਂਦੀ ਹੈ, ਵਿਰਲੇ-ਵਿਰਲੇ ਨੂੰ ਆਉਂਦੀ ਹੈ, ਕਿਸੇ-ਕਿਸੇ ਨੂੰ। ਕੋਈ-ਕੋਈ ਪ੍ਰੇਮੀ ਹੈ ਜਿਹਨੂੰ ਸੋਝੀ ਆਵੇ, ਬਾਕੀ ਤਾਂ ਗੇੜਾ ਖਾਂਦੇ ਨੇ ਇਥੇ, ਚੱਕਰ ਖਾਂਦੇ ਨੇ। ਹਲਟ ਦੀਆਂ ਟਿੰਡਾਂ ਦੇ ਵਿਚ ਕੋਈ ਚੀਜ਼ ਬੈਠ ਜਾਵੇ, ਡੱਡੂ ਹੀ ਬੈਠ ਜਾਵੇ, ਬਾਹਰ ਆਉਣਾ ਚਾਹੁੰਦਾ ਹੈ। ਜੇ ਤਾਂ ਪਾੜਛੇ ਵਿਚ ਆ ਕੇ ਛਾਲ ਮਾਰ ਪਾਣੀ ਵਿਚ, ਤਾਂ ਤਾਂ ਨਿਕਲ ਜਾਂਦਾ ਹੈ ਬਾਹਰ। ਔਲੂ 'ਚ ਆ ਜਾਊਗਾ, ਚੁਬੱਚੇ 'ਚ ਆ ਕੇ ਫੇਰ ਬਾਹਰ ਨਿਕਲ ਜਾਂਦਾ ਹੈ। ਜੇ ਉਵੇਂ ਜਿਵੇਂ ਟਿੰਡ ਨੂੰ ਫੜ ਕੇ ਬੈਠਾ ਰਿਹਾ ਫੇਰ ਟਿੰਡ ਨੇ ਤਾਂ ਹੇਠਾਂ ਨੂੰ ਜਾਣਾ ਹੈ, ਫੇਰ ਨਹੀਂ ਨਿਕਲ ਹੁੰਦਾ, 42 ਲੱਖ ਟਿੰਡਾਂ ਉਪਰ ਨੂੰ ਜਾਂਦੀਆਂ ਨੇ, 42 ਲੱਖ ਹੇਠਾਂ ਨੂੰ ਜਾਂਦੀਆਂ ਨੇ। ਉਹ ਤਾਂ ਗੇੜੇ ਖਾਂਦਾ ਜਾਂਦਾ ਹੈ। ਹੁਣ ਆਪਾਂ ਮਨੁੱਖ ਬਣੇ ਹਾਂ ਗੁਰੂ ਮਹਾਰਾਜ ਆਵਾਜ਼ਾਂ ਦਿੰਦੇ ਨੇ। ਓ ਪ੍ਰੇਮੀਓ! ਜਾਗ ਲਓ, ਜਾਗ ਲਓ। ਨਾ ਕਰੋ ਦੁਨੀਆਂ ਦੀਆਂ ਗੱਲਾਂ, ਨਾ ਦੁਨੀਆਂ 'ਚ ਫਸੋ। ਕੀ ਦੁਨੀਆਂ 'ਚ ਖੱਟ ਕੇ ਲੈ ਗਏ ਤੁਹਾਡੇ ਬਜ਼ੁਰਗ। ਉਹ ਚਲੇ ਗਏ ਖਾਲੀ ਹੱਥ -

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥***

***ਅੰਗ - 1365***

ਲੱਖਾਂ ਕਰੋੜਾਂ ਰੁਪਿਆਂ ਵਾਲੇ ਵੀ ਚਲੇ ਗਏ। ਅਸੀਂ ਕੀ ਬਣਾ ਲਵਾਂਗੇ। ਪਰਾਲਬਧ ਤਾਂ ਵਾਹਿਗੁਰੂ ਨੇ ਲਿਖੀ ਹੋਈ ਹੈ ਉਹ ਤਾਂ ਜ਼ਰੂਰ ਮਿਲਣੀ ਹੈ।

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਅੰਗ - 10***

ਫੇਰ ਕਹਿੰਦਾ ਹੈ ਕਿ ਜੇ ਮੈਂ ਨਾ ਕਰਾਂ ਕਿਵੇਂ ਮਿਲ ਜਾਏਗਾ? ਜੇ ਮੈਂ ਹੱਥ ਪੈਰ ਨਾ ਹਿਲਾਵਾਂ। ਕਹਿੰਦੇ ਤੇਰੇ ਹੱਥ 'ਚ ਨਹੀਂ, ਹੱਥ ਪੈਰ ਹਿਲਾਉਣਾ। ਉਹ ਤਾਂ ਵਾਹਿਗੁਰੂ ਹਿਲਾਉਂਦਾ ਹੈ। ਤੈਨੂੰ ਅਧਰੰਗ ਹੋ ਜਾਏ, ਲਾ ਲੈ ਜਿੰਨਾ ਜ਼ੋਰ ਲਾਉਣਾ ਹੈ। ਹਿਲਾ ਲਏਂਗਾ, ਫੇਰ ਤਾਂ ਪਾਸਾ ਵੀ ਨਹੀਂ ਲੈ ਹੁੰਦਾ। ਤੇਰਾ ਤਾਂ ਇਸ ਤੇ ਅਖਤਿਆਰ ਹੀ ਨਹੀਂ ਹੈ ਪ੍ਰੇਮੀਆ! ਇਹ ਤਾਂ ਅਖਤਿਆਰ ਉਸ ਮਾਲਕ ਦਾ ਹੈ ਜਿਸਨੇ ਸਰੀਰ ਦਿਤਾ ਹੋਇਆ ਹੈ। ਉਹ ਸ਼ਕਤੀ ਦਿੰਦਾ ਹੈ-

***ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥***
***ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥***

***ਅੰਗ - 653***

ਕਿਰਤ ਨੇ ਧੱਕਾ ਮਾਰਿਆ ਅਰਬ ਦੇਸ਼ਾਂ ਦਾ ਉਥੇ ਚਲਿਆ ਜਾਏਗਾ, ਅਮਰੀਕਾ ਦਾ ਮਾਰਿਆ ਅਮਰੀਕਾ ਚਲਿਆ ਜਾਊ। ਕਿਰਤ ਦਿੰਦੀ ਹੈ ਧੱਕੇ। ਇਸ ਤੋਂ ਵੀ ਮਾੜਾ ਕੰਮ ਜਿਹੜਾ ਤੂੰ ਕਰਦਾ ਹੈ -

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥***

***ਅੰਗ - 268***

ਬੜੇ ਜਨਮ ਗਵਾ ਦਿਤੇ ਬਾਰ-ਬਾਰ ਮਨੁੱਖ ਬਣ ਕੇ ਤੇ ਜਾਗ ਨਹੀਂ ਆਈ। ਜਾਗਦਾ ਨਹੀਂ ਹੈ। ਮਹਾਰਾਜ ਕਹਿੰਦੇ ਤੂੰ ਬੋਲਾ ਹੈਂ। ਹਾਕਾਂ ਮਾਰਦੇ ਨੇ ਚਾਰੇ ਵੇਦ, ਛੇਈ ਸਾਸ਼ਤਰ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਧਰਮ ਗ੍ਰੰਥ ਸਾਰੇ ਮਹਾਤਮਾ ਬੁੱਧ ਦੇ, ਗੁਰੂ ਗ੍ਰੰਥ ਸਾਹਿਬ ਮਹਾਰਾਜ ਤੇ ਲੱਖਾਂ ਸਾਧੂ ਮਹਾਤਮਾ, ਅਵਾਜ਼ਾਂ ਮਾਰ-ਮਾਰ ਕੇ ਜਗਾਉਂਦੇ ਨੇ। ਲੇਕਿਨ ਜਾਗ ਨਹੀਂ ਆਉਂਦੀ ਹੈ -

*ਧਾਰਨਾ -* ***ਤੈਨੂੰ ਗੁਰੂ ਜਗਾਉਂਦੇ ਨੇ,***
***ਗਾਫਲਾ ਤੈਨੂੰ ਜਾਗ ਨਾ ਆਈ।***

***ਫਰੀਦਾ ਕੂਕੇਦਿਆ ਚਾਗੇਦਿਆ ਮਤੀ ਦੇਦਿਆ ਨਿਤ॥***

ਗੁਰੂ ਦੀ ਬਾਣੀ ਮਤਾਂ ਦਿੰਦੀ ਹੈ ਕਿ ਪ੍ਰੇਮੀਆ! ਜਾਗ ਲੈ -

***ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥***
***ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥***

***ਅੰਗ - 726***

ਪਰ ਕੀ ਮਜ਼ਾਲ ਹੈ ਜਾਗ ਖੁਲ੍ਹ ਜਾਵੇ। ਸਰੀਰ ਦੀ ਜਾਗ ਤਾਂ ਖੁਲ੍ਹ ਜਾਂਦੀ ਹੈ, ਮਨ ਦੀ ਜਾਗ ਨਹੀਂ ਖੁਲ੍ਹਦੀ। ਮਨ ਸੁੱਤਾ ਪਿਆ ਹੈ? ਮਹਾਰਾਜ ਕਹਿੰਦੇ ਸਾਰਾ ਹੀ ਸੁੱਤਾ ਪਿਆ ਹੈ।

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥***
***ਰਸਨਾ ਸੋਈ ਲੋਭਿ ਮੀਠੈ ਸਾਦਿ॥***
***ਮਨੁ ਸੋਇਆ ਮਾਇਆ ਬਿਸਮਾਦਿ॥ ਅੰਗ - 182***

ਅੱਖਾਂ ਤੇਰੀਆਂ ਸੌਂ ਗਈਆਂ ਪਰਾਈ ਦ੍ਰਿਸ਼ਟੀ ਦੇ ਵਿਕਾਰ 'ਚ। ਮਾੜੀਆਂ ਗੱਲਾਂ ਸੁਣਦੇ-ਸੁਣਦੇ ਤੇਰੇ ਕੰਨ ਸੌਂ ਗਏ। ਸ੍ਵਾਦਾਂ 'ਚ ਪੈ ਕੇ, ਜੀਭ ਸੌਂ ਗਈ ਤੇਰੀ। ਝੂਠ ਬੋਲਦੀ

ਹੈ, ਫਿੱਕਾ ਬੋਲਦੀ ਹੈ, ਨਿੰਦਿਆ ਕਰਦੀ ਹੈ, ਚੁਗਲੀਆਂ ਕਰਦੀ ਹੈ, ਸੁੱਤੀ ਪਈ ਹੈ। ਮਨ ਨੂੰ ਨਸ਼ਾ ਮਾਇਆ ਦਾ ਚੜ੍ਹ ਗਿਆ। ਮਾਇਆ ਕੀ ਹੁੰਦੀ ਹੈ? ਜਿੰਨਾ ਕੁਝ ਅੱਖਾਂ ਨਾਲ ਦਿਸੇ, ਜਿੰਨਾ ਚਿਰ ਜਿਹਦਾ ਨਾਉਂ ਹੈ, ਉਹ ਸਾਰੀ ਨੂੰ ਮਾਇਆ ਕਹਿੰਦੇ ਨੇ। ਉਹਦਾ ਵਿਸਮਾਦ ਚੜ੍ਹਦਾ ਹੈ, ਪੁੱਤਰ ਦਾ ਨਸ਼ਾ ਚੜ੍ਹਦਾ ਹੈ, ਜਿਹਦੇ ਨਹੀਂ ਹੈ ਉਹਨੂੰ ਪੁੱਛ ਕੇ ਦੇਖ ਲਓ। ਪੈਸੇ ਦਾ ਨਸ਼ਾ ਚੜ੍ਹਦਾ ਹੈ, ਜਿਹਦੇ ਕੋਲ ਨਹੀਂ ਪੈਸਾ ਉਹਨੂੰ ਪੁੱਛ ਕੇ ਦੇਖ ਲਓ। ਰਾਜਸੀ ਸ਼ਕਤੀ ਦਾ ਨਸ਼ਾ ਚੜ੍ਹਦਾ ਹੈ, ਜਿਹਦੇ ਕੋਲ ਰਾਜਸੀ ਸ਼ਕਤੀ ਨਹੀਂ ਉਹਨੂੰ ਪੁੱਛ ਕੇ ਦੇਖ ਲਓ। ਸੋ ਮਹਾਰਾਜ ਕਹਿੰਦੇ ਇਹ ਸੌਂ ਜਾਂਦਾ ਹੈ।

***ਸਗਲ ਸਹੇਲੀ ਅਪਨੈ ਰਸ ਮਾਤੀ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥***
***ਮੁਸਨਹਾਰ ਪੰਚ ਬਟਵਾਰੇ॥***
***ਸੂਨੇ ਨਗਰਿ ਪਰੇ ਠਗਹਾਰੇ॥ ਅੰਗ - 182***

ਸਾਰੀਆਂ ਆਪਣੇ-ਆਪਣੇ ਰਸਾਂ ਵਿਚ ਪੈ ਗਈਆਂ। ਘਰ ਲੁੱਟਿਆ ਜਾ ਰਿਹਾ ਹੈ ਕਿਉਂਕਿ ਸੁੱਤਾ ਪਿਆ ਹੈ। ਮਹਾਰਾਜ ਕਹਿੰਦੇ ਤੈਨੂੰ ਗੁਰੂ ਜਗਾਉਂਦੇ ਨੇ, ਜਾਗ ਤੂੰ। ਸਰੀਰ ਨੂੰ ਤਾਂ ਨਹੀਂ ਕਹਿੰਦੇ ਕਿ ਜਾਗ ਲੈ ਸਰੀਰਾ ਜਾਗ ਲੈ। ਮਨ ਨੂੰ ਕਹਿੰਦੇ ਨੇ।

***ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥***
***ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥***
***ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥***
***ਅੰਗ - 726***

ਜਿਨ੍ਹਾਂ ਨਾਲ ਤੂੰ ਪਿਆਰ ਵਿਚ ਲੱਗਿਆ ਹੋਇਆ ਹੈਂ ਨਾ ਪੁੱਤਰਾਂ, ਧੀਆਂ ਨਾਲ, ਇਹ ਪਤਾ ਕੀ ਕਰਦੇ ਨੇ ਤੈਨੂੰ ਸਾਂਭ ਕੇ ਨਹੀਂ ਰੱਖਣਾ ਜਿਹੜਾ ਤੈਨੂੰ ਦੇਖੇ ਬਿਨਾਂ ਜੀਉਂ ਨਾ ਸਕਣ। ਜਦੋਂ ਸਰੀਰ ਛੱਡ ਦਏਂਗਾ।

***ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥***
***ਅੰਗ - 727***

ਉਸੇ ਵੇਲੇ ਬੰਨ ਕੇ ਭੇਜ ਦੇਣਗੇ ਜਾਂ ਅੱਗ ਦੇ ਵਿਚ ਪਾ ਦੇਣਗ ਜਾਂ ਧਰਤੀ ਪੁੱਟ ਕੇ ਦਬ ਦੇਣਗੇ। ਫੇਰ ਪਿਆਰ ਕਿਥੇ ਰਿਹਾ, ਫੇਰ ਕਰੀ ਜਾਣ ਉਹਦੇ ਨਾਲ ਪਿਆਰ, ਅੱਖਾਂ ਖੁਲ੍ਹ ਜਾਂਦੀਆਂ ਨੇ। ਬਹੁਤ ਵਾਰੀ ਮਨੁੱਖ ਬਣਿਆ ਹੈਂ, ਫੇਰ ਖੁੰਝ ਜਾਂਦਾ ਹੈਂ, ਫੇਰ ਖੁੰਝ ਜਾਂਦੈ।

***ਇਸੁ ਪਉੜੀ ਤੇ ਜੋ ਨਰੁ ਚੂਕੈ***
***ਸੋ ਆਇ ਜਾਇ ਦੁਖੁ ਪਾਇਦਾ॥ ਅੰਗ - 1075***

ਮਨ ਦੇ ਪਿਛੇ ਲਗ ਕੇ ਗਲਤੀਆਂ ਕਰਦਾ ਹੈਂ।

ਸੋ ਮਹਾਰਾਜ ਕਹਿੰਦੇ ਤੂੰ ਪ੍ਰੇਮੀਆਂ ਗਲਤ ਗੱਲਾਂ ਵਿਚ ਪਿਆ ਹੋਇਆ ਹੈਂ। ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ, ਨਿੰਦਿਆ ਕਰਦਾ ਹੈਂ, ਨਿੰਦਿਆ ਕੀ ਕਰੇਗੀ? ਮੂੜ੍ਹ ਆਦਮੀ ਨੇ ਜਿਹੜੇ ਨਿੰਦਿਆ ਕਰਦੇ ਨੇ। ਕੋਈ ਵੀ ਜੇ ਗਲਤ ਗੱਲ ਕਰਦਾ ਹੈਂ ਫੇਰ ਉਹਦਾ ਲੇਖਾ ਦੇਣਾ ਪੈਣਾ ਹੈ। ਫੇਰ ਤੂੰ ਔਖਾ ਹੋ ਜਾਂਦੈ। ਉਥੇ ਕੋਈ ਸਹਾਇਤਾ ਨਹੀਂ ਕਰਦਾ। ਮਹਾਰਾਜ ਕਹਿੰਦੇ ਫੇਰ ਤੂੰ ਸਿਆਣਿਆ 'ਚ ਹੋਇਆ ਕਾਹਦੇ 'ਚ ਹੋਇਆ ਤੂੰ ਸੋਚ ਆਪੇ ਹੀ ਦਸ? ਕਿ ਜਨਮ ਤੈਨੂੰ ਮਿਲਿਆ ਸੀ ਪ੍ਰਮੇਸ਼ਰ ਦਾ ਭਜਨ ਕਰਨ ਵਾਸਤੇ।

ਅਕਾਲ ਪੁਰਖ ਨੇ ਆਹ ਸੰਸਾਰ ਜਿਹਦੇ ਵਿਚ ਆਪਾਂ ਚਲ ਰਹੇ ਹਾਂ। ਇਹਦੇ 84 ਲੱਖ ਦਰਵਾਜ਼ੇ ਨੇ, ਥੋੜ੍ਹੇ ਬਹੁਤੇ ਵੀ ਨਹੀਂ ਹਨ। 83 ਲੱਖ, 9 ਹਜ਼ਾਰ, 999 ਤਾਂ ਬੰਦ ਨੇ। ਇਕ ਦਰਵਾਜ਼ਾ ਖੁਲ੍ਹਾ ਹੈ, ਉਹ ਖੁਲ੍ਹਾ ਦਰਵਾਜ਼ਾ ਸਾਡੇ ਕੋਲ ਆਇਆ ਹੈ। ਉਹਦੇ ਵਿਚ ਸਾਨੂੰ ਵਿਸ਼ੇ, ਵਿਕਾਰਾਂ ਦੀ ਚਿਣਗ ਲੱਗ ਗਈ। ਹੁਣ ਨਿਕਲ ਨਹੀਂ ਰਹੇ ਬਾਹਰ, ਮੁੜ ਕੇ ਫੇਰ ਚੱਕਰ ਵਿਚ ਪੈਣਾ ਚਾਹੁੰਦੇ ਹਾਂ। ਐਹੋ ਜਿਹੇ ਕਰਮ ਕਰ ਦਿੰਦੇ ਹਾਂ, ਐਹੇ ਜਿਹੀਆਂ ਗੱਲਾਂ ਕਰ ਦਿੰਦੇ ਹਾਂ ਕਿ ਸਾਨੂੰ ਭੁਗਤਣੇ ਔਖੇ ਹੋ ਜਾਂਦੇ ਨੇ। ਜਦੋਂ ਸੱਚੀ ਦਰਗਾਹ 'ਚ ਜਾਂਦੇ ਹਾਂ ਫੇਰ ਅਸੀਂ ਬਹੁਤ ਦੁਖੀ ਹੁੰਦੇ ਹਾਂ।

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥***
***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥ ਅੰਗ - 471***

ਫੇਰ ਪਛਤਾਉਂਦਾ ਹੈ। ਜਨਮ ਲੰਘ ਜਾਂਦਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਤੈਨੂੰ ਬੰਨ੍ਹ ਕੇ ਜਮਾਂ ਨੇ ਮਾਰਨਾ,***
***ਜਨਮ ਗਵਾ ਲਿਆ ਮੂਰਖਾ।***

***ਨਾਨਕ ਨਾਮੁ ਨ ਚੇਤਨੀ***
***ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ॥***
***ਜਮ ਦਰਿ ਬਧੇ ਮਾਰੀਅਹਿ ਫਿਰਿ ਵਿਸਟਾ ਮਾਹਿ ਪਚਾਹਿ॥***
***ਅੰਗ - 648***

ਮਹਾਰਾਜ ਕਹਿੰਦੇ ਨੇ ਅਗਿਆਨੀ ਤੇ ਅੰਨ੍ਹੇ, ਤੂੰ ਨਾਮ ਨਹੀਂ ਚੇਤਿਆ। ਤੂੰ ਜ਼ਿੰਦਗੀ ਸਾਰੀ ਹੋਰ ਹੀ ਹੋਰ ਕਰਮ ਕਰਦੇ ਨੇ ਲੰਘਾ ਦਿਤੀ। ਮਾਰ ਪੈ ਕੇ ਹੀ ਮਹਾਰਾਜ ਕਹਿੰਦੇ ਖਹਿੜਾ ਛੁਟ ਜਾਏਗਾ? ਨਹੀਂ, ਵਿਸ਼ਟਾ 'ਚ ਜਾ ਕੇ ਕੀੜਾ ਬਣਨਾ ਪੈ ਜਾਂਦਾ ਹੈ। ਵਿਸ਼ਟਾ 'ਚੋਂ ਪੈਦਾ ਹੁੰਦਾ ਹੈ, ਫੇਰ ਵਿਸ਼ਟਾ 'ਚ ਚਲਿਆ ਜਾਂਦਾ ਹੈ।

***ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥***
***ਅੰਗ - 513***

ਮਾਇਆ ਦਾ ਮੋਹ ਜਿਹੜਾ ਹੈ ਉਹ ਤੈਨੂੰ ਪ੍ਰੇਤ ਲੱਗਿਆ ਹੋਇਆ ਹੈ, ਭੂਤ ਲੱਗਿਆ ਹੋਇਆ ਹੈ ਤੈਨੂੰ। ਪੁਤਰਾਂ ਦਾ, ਜ਼ਮੀਨ ਦਾ, ਜਾਇਦਾਦ ਦਾ, ਸਰੀਰ ਦਾ, ਆਪਣੀ ਪ੍ਰਭਤਾ ਦਾ, ਆਪਣੇ ਨਾਮ ਦਾ। ਜਿਹੜਾ ਮੋਹ ਹੈ ਨਾ ਇਹ ਤੈਨੂੰ ਪ੍ਰੇਤ ਚਿੰਬੜ ਗਿਆ। ਭੂਤ ਚਿੰਬੜਣ ਤੇ

ਨੱਠੇ ਫਿਰਦੇ ਨੇ ਕਿ ਜੀ ਇਲਾਜ ਕਰੋ ਇਹਦਾ। ਆਹ ਭੂਤ ਸਾਰਿਆਂ ਨੂੰ ਚਿੰਬੜਿਆ ਹੋਇਆ ਹੈ। ਇਹਦੇ ਨਾਲ ਚਾਰ ਭੂਤ ਹੋਰ ਨੇ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਕਹਿੰਦੇ ਪੰਜ ਭੂਤ ਲਗ ਗਏ, ਪੰਜ ਭੂਤ ਕਹਿੰਦੇ ਨੇ ਇਨ੍ਹਾਂ ਨੂੰ। ਜਿਹਨੂੰ ਇਹ ਭੂਤ ਲਗ ਜਾਵੇ ਫੇਰ ਕਹਿੰਦੇ ਉਹ ਗੁਰੂ ਦੀ ਦਰਗਾਹ ਵਿਚ ਨਹੀਂ ਜਾਂਦਾ। ਉਹਦਾ ਨਾਉਂ ਕੱਟ ਕੇ ਧਰਮਰਾਜ ਦੇ ਕਾਗਜ਼ਾਂ 'ਚ ਲਿਖ ਦਿੰਦੇ ਨੇ।

***ਏਹ ਜਮ ਕੀ ਸਿਰਕਾਰ ਹੈ***
***ਏਨ੍ਾ ਉਪਰਿ ਜਮ ਕਾ ਡੰਡੁ ਕਰਾਰਾ॥ ਅੰਗ - 513***

ਇਹ ਜਮ ਦੀ ਸਰਕਾਰ ਰੱਈਅਤ ਬਣ ਜਾਂਦੀ ਹੈ, ਵਿਸ਼ਾ ਬਣ ਜਾਂਦੀ ਹੈ। ਧਰਮਰਾਜ ਦੇ ਰਾਜ ਵਿਚ ਆ ਜਾਂਦੀ ਹੈ। ਇਨ੍ਹਾਂ ਉਤੇ ਫੇਰ ਕਰਾਰਾ ਜਿਹੜਾ ਕਾਨੂੰਨ ਹੈ, ਉਹ ਚਲਦਾ ਹੈ। ਫੇਰ ਕਾਨੂੰਨ ਕਰਾਰਾ ਕੀ ਹੈ? ਗੁਰਮੁਖ ਜਦੋਂ ਜਾਂਦੇ ਨੇ ਤਾਂ ਧੰਨ ਧੰਨ ਹੁੰਦੀ ਜਾਂਦੀ ਹੈ। ਜਦੋਂ ਮਨਮੁਖ ਜਾਂਦੇ ਨੇ, ਕਹਿੰਦੇ -

***ਮਨਮੁਖ ਜਮ ਮਗਿ ਪਾਈਅਨ੍ਹਿ***
***ਜਿਨ੍ ਦੂਜਾ ਭਾਉ ਪਿਆਰਾ॥ ਅੰਗ - 513***

ਜਮਾਂ ਦੇ ਰਸਤੇ ਲੈ ਤੁਰਦੇ ਨੇ ਜਿਹੜਾ ਸਵਾ ਸਾਲ, ਕਹਿੰਦੇ ਨੇ ਕਿ ਸਵਾ ਸਾਲ ਲਗਦਾ ਹੈ। ਮਹਾਰਾਜ ਕਹਿੰਦੇ ਨੇ ਨਾ -

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥ ਅੰਗ - 264***

ਕੋਈ ਪਤਾ ਨਹੀਂ ਕਿ ਕਿੰਨੀ ਦੂਰ ਹੈ, ਓਸ ਰਸਤੇ ਪੈਂਦਾ ਹੈ। ਤੇ ਫੇਰ ਜਦੋਂ ਤਕਲੀਫ ਹੁੰਦੀ ਹੈ, ਭੁੱਖਾ ਤਿਹਾਇਆ ਹੁੰਦਾ ਹੈ ਫੇਰ ਕੋਈ ਪੁਕਾਰ ਨਹੀਂ ਸੁਣਦਾ। ਦਰਗਾਹ ਵਿਚ ਜਾ ਕੇ ਤਾਂ ਓਹੀ ਮਿਲਣਾ ਹੈ ਜਿਹੜਾ ਕੁਛ ਅਸੀਂ ਇਥੇ ਬੀਜ ਦੇਈਏ। ਜੇ ਖੇਤੀ ਕਰ ਲਈਏ ਨਾ ਨਾਮ ਦੀ ਮਹਾਰਾਜ ਕਹਿੰਦੇ ਉਹ ਤਾਂ ਮੁਕਦੀ ਨਹੀਂ। ਜ਼ੋਰ ਲਾ ਲਓ ਜਿੰਨਾ ਲਗਦਾ ਹੈ। ਪੁੰਨ ਦਾਨ ਜਿਹੜੇ ਨੇ ਇਹ ਅੱਧੇ ਤਾਂ ਜਮਦੂਤ ਖਾ ਜਾਂਦੇ ਨੇ ਰਾਹ ਵਿਚ।

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ॥ ਅੰਗ - 747***

ਹੁਣ ਤੁਸੀਂ ਕੀਰਤਨ ਗਾ ਰਹੇ ਹੋ ਸੁਣ ਰਹੇ ਓਂ। ਇਹਦਾ ਫਲ ਕਿੰਨਾ ਹੋਣੈ? ਕਈ ਕਰੋੜ ਜਗਾਂ ਦਾ ਫਲ ਤੁਹਾਡੇ ਨਾਲ ਬੰਨ੍ਹਿਆ ਜਾਣਾ ਹੈ। ਮੁਕਦਾ ਹੈ ਕਿਤੇ ਮੁਕਾ ਕੇ ਦੇਖ ਲਓ। ਮਹਾਰਾਜ ਕਹਿੰਦੇ ਜੇ ਨਾਮ ਬੀਜ ਲਏ ਨਾ-

***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ***
***ਅਗੈ ਭੁਖਾ ਕਿਆ ਖਾਏ॥ ਅੰਗ - 450***

ਹੁਣ ਨਾਮ ਬੀਜ ਲੈ ਫੇਰ ਉਥੇ ਭੁੱਖ ਨਹੀਂ ਲੱਗਣੀ। ਜਿਹਨੇ ਜ਼ਿੰਦਗੀ ਗੁਜ਼ਾਰ ਦਿਤੀ ਨਾ ਪ੍ਰਮੇਸ਼ਰ ਵਲ ਪਿੱਠ ਕਰਕੇ। ਕਹਿੰਦੇ ਫੇਰ ਉਨ੍ਹਾਂ ਨੂੰ ਜਮਾਂ ਦੇ ਰਸਤੇ ਪਾ ਲੈਂਦੇ ਨੇ। ਫੇਰ ਉਥੇ ਜਾ ਕੇ ਉਨ੍ਹਾਂ ਨੂੰ ਕੁਰਸੀਆਂ ਮਿਲਦੀਆਂ ਨੇ, ਆਦਰ ਮਿਲਦਾ ਹੈ? ਮਹਾਰਾਜ ਕਹਿੰਦੇ ਆਦਰ ਨਹੀਂ ਮਿਲਦਾ। ਉਨ੍ਹਾਂ ਨੂੰ ਬੰਨ੍ਹ ਲੈਂਦੇ ਨੇ -

***ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥***
***ਅੰਗ - 513***

ਕੋਈ ਪੁਕਾਰ ਨਹੀਂ ਸੁਣਦਾ, ਕੋਈ ਉਥੇ ਆ ਕੇ ਸਹਾਇਤਾ ਨਹੀਂ ਕਰਦਾ। ਜੇ ਉਥੇ ਸਹਾਇਤਾ ਕਰਦਾ ਹੈ ਤਾਂ ਗੁਰੂ ਸਹਾਇਤਾ ਕਰਦਾ ਹੈ, ਤੱਤ ਬੇਤਾ ਮਹਾਂਪੁਰਸ਼ ਸਹਾਇਤਾ ਕਰਦਾ ਹੈ। ਹੋਰ ਦਾ ਤਾਂ ਹੱਥ ਹੀ ਨਹੀਂ ਪਹੁੰਚਦਾ। ਉਹਦਾ ਕਹਿਆ ਚਲਦਾ ਹੈ ਉਥੇ। ਗੁਰੂ ਬੇਲੀ ਹੁੰਦਾ ਹੈ ਉਥੇ, ਅੰਤ ਦੇ ਸਮੇਂ ਉਹਦਾ ਕਹਿਆ ਹੋਇਆ ਉਥੇ ਮੰਨਿਆ ਜਾਂਦਾ ਹੈ।

ਰਾਜਾ ਜਨਕ ਨੇ ਅੱਧੀ ਘੜੀ ਨਾਮ ਜਪ ਕੇ, ਸਾਰੇ ਨਰਕ, 84 ਨਰਕ, ਸਾਰੇ ਕੁੰਡ ਖਾਲੀ ਕਰ ਦਿਤੇ। ਕਿੱਡੀ ਤਾਕਤ ਹੈ ਉਹਦੀ। ਉਹ ਕ੍ਰਿਪਾ ਕਰਕੇ ਬੇਲੀ ਹੋ ਗਿਆ ਸਾਰਿਆਂ ਦਾ, ਲੇਕਿਨ ਹੁੰਦਾ ਨਹੀਂ ਆਮ ਤੌਰ ਤੇ। ਸੋ ਕਹਿਣ ਲੱਗੇ ਜਿੰਨਾ ਚਿਰ ਸੰਸਾਰ 'ਚ ਆ ਕੇ ਗੁਰੂ ਧਾਰਨ ਨਹੀਂ ਕਰਦਾ ਤੇ ਗੁਰੂ ਦੇ ਨਾਲ ਪਿਆਰ ਨਹੀਂ ਪਾਉਂਦਾ। ਗੁਰੂ ਦੇ ਬਚਨ ਨਹੀਂ ਕਮਾਉਂਦਾ ਓਨਾ ਚਿਰ ਗੁਰੂ ਬੇਲੀ ਨਹੀਂ ਹੁੰਦਾ। ਜੇ ਗੁਰੂ ਧਾਰਨ ਕਰਕੇ ਚੋਰੀ ਕਰੇ, ਮਹਾਰਾਜ ਕਹਿੰਦੇ-

***ਚੋਰ ਕੀ ਹਾਮਾ ਭਰੇ ਨ ਕੋਇ॥***
***ਚੋਰ ਕੀਆ ਚੰਗਾ ਕਿਉ ਹੋਇ॥***

ਗੁਰੂ ਧਾਰਨ ਕਰਕੇ ਨਿੰਦਿਆ ਕਰਦਾ ਹੈ, ਗੁਰੂ ਕਹਿੰਦਾ ਹੈ-

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***
***ਅੰਗ - 755***

ਇਹ ਤਾਂ ਗੁਰੂ ਦਾ ਹੀ ਹੁਕਮ ਹੈ, ਗੁਰੂ ਧਾਰਨ ਕਰਕੇ ਐਉਂ ਨਹੀਂ ਬਚਦਾ। ਗੁਰੂ ਦਾ ਬਚਨ ਕਮਾਉਣਾ ਪੈਂਦਾ ਹੈ। ਜੇ ਗੁਰੂ ਧਾਰਨ ਕਰਕੇ ਈਰਖਾ ਕਰੀ ਜਾਂਦਾ ਹੈ ਮਹਾਰਾਜ ਕਹਿੰਦੇ, ਉਹਦੀ ਵੀ ਕਲਿਆਣ ਨਹੀਂ ਹੁੰਦੀ।

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ॥ ਅੰਗ - 308***

ਜਿਹਦੇ ਅੰਦਰ ਈਰਖਾ ਚਲਦੀ ਹੈ ਕਹਿੰਦੇ ਉਹਦਾ ਭਲਾ ਕਿਵੇਂ ਹੋ ਜਾਏਗਾ। ਸੋ ਗੁਰੂ ਦੇ ਨਾਲ ਜਿਹਦੀ ਬਣ ਜਾਵੇ, ਗੁਰੂ ਦੇ ਹੁਕਮ ਨੂੰ ਜਿਹੜਾ ਕਮਾਵੇ, ਉਹ ਗੁਰੂ ਨੂੰ ਪਿਆਰਾ ਲਗਦਾ ਹੈ। ਗੁਰੂ ਨਹੀਂ ਮਿਲਦਾ ਜਦੋਂ ਤੱਕ ਭਾਗ ਵਿਚ ਨਾ ਹੋਵੇ। ਨਿਗੁਰੀਓ ਦੁਨੀਆਂ ਤੁਰ ਜਾਂਦੀ ਹੈ। ਜਿਥੇ ਨਿਗੁਰਾ ਪੁਰਸ਼ ਬੈਠ ਜਾਂਦਾ ਹੈ ਸਵਾ ਗਜ਼ ਗਹਿਰੀ, ਸਵਾ

ਗਜ਼ ਚੌੜੀ ਧਰਤੀ ਭ੍ਰਿਸ਼ਟ ਕਰਕੇ ਚਲਿਆ ਜਾਂਦਾ ਹੈ। ਜਿਥੇ ਪ੍ਰਭੂ ਦਾ ਪਿਆਰਾ ਬੈਠ ਜਾਵੇ, ਉਹ ਥਾਂ ਪਵਿੱਤਰ ਹੋ ਜਾਂਦੀ ਹੈ। ਉਹ ਸੁਹਾਵਾ ਥਾਂ ਹੋ ਜਾਂਦਾ ਹੈ, ਪੂਜਣਯੋਗ ਥਾਂ ਹੋ ਜਾਂਦੀ ਹੈ। ਸੋ ਸਮਰੱਥ ਗੁਰੂ ਜੋ ਹੈ ਉਹ ਜਦੋਂ ਤੱਕ ਮੱਥੇ ਵਿਚ ਲੇਖ ਨਾ ਲਿਖਿਆ ਹੋਵੇ, ਮਿਲਦਾ ਨਹੀਂ ਹੈ –

***ਧਾਰਨਾ – ਲੇਖ ਧੁਰਾ ਤੋਂ ਜਿਨ੍ਹਾਂ ਦੇ ਮੱਥੇ ਲਿਖਿਆ,***
***ਤਿਨਾ ਨੂੰ ਸਤਿਗੁਰੂ ਆਣ ਮਿਲਦੇ।***

***ਸੋ ਪਾਏ ਪੂਰਾ ਸਤਗੁਰੂ ਜਿਸੁ ਧੁਰਿ ਮਸਤਕਿ***
***ਲਿਲਾਟਿ ਲਿਖੋਇਐ॥ ਅੰਗ – 587***

ਜਿਹਦੇ ਮਸਤਕ ਵਿਚ ਧੁਰ ਦਰਗਾਹ ਤੋਂ ਲੇਖ ਲਿਖਿਆ ਹੋਇਆ ਹੈ। ਦੂਜੇ ਨੂੰ ਨਹੀਂ ਮਿਲਿਆ ਕਰਦਾ। ਉਹ ਸਤਿਗੁਰੂ ਕੀ ਕਰਦਾ ਹੈ ਕਹਿੰਦੇ ਕਿ –

***ਭੂਲੇ ਮਾਰਗੁ ਜਿਨਹਿ ਬਤਾਇਆ॥***
***ਐਸਾ ਗੁਰੁ ਵਡਭਾਗੀ ਪਾਇਆ॥***
***ਸਿਮਰਿ ਮਨਾ ਰਾਮ ਨਾਮਿ ਚਿਤਾਰੇ॥***
***ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ॥ ਅੰਗ – 804***

ਉਹ ਸਤਿਗੁਰੂ ਡੁਬਦੇ ਸਿੱਖ ਨੂੰ ਕੱਢ ਲੈਂਦਾ ਹੈ।

***ਧਾਰਨਾ – ਭਵਜਲ ਡੁਬਦੇ ਨੂੰ,***
***ਬਾਂਹ ਫੜ ਕੇ ਸਤਿਗੁਰੂ ਕਢਦੇ।***

ਕਾਮ, ਕ੍ਰੋਧ, ਲੋਭ, ਮੋਹ ਚਾਰੋਂ ਡੋਬਣ ਵਾਲੀਆਂ ਚੀਜ਼ਾਂ ਮਨ 'ਚ ਵਸ ਗਈਆਂ। ਜੇ ਪੂਰਾ ਗੁਰੂ ਮਿਲ ਜਾਵੇ ਉਹਨੇ ਇਹਦੇ ਬੰਧਨ ਕੱਟ ਦੇਣੇ ਨੇ ਤੇ ਮੁਕਤ ਕਰ ਦੇਣਾ ਹੈ। ਇਨ੍ਹਾਂ ਚੀਜ਼ਾਂ ਤੋਂ ਛੁਡਾ ਕੇ ਗੁਰੂ ਨੇ ਆਪਣੇ ਚਰਨਾਂ ਕਮਲਾਂ ਦਾ ਸਹਾਰਾ ਦੇ ਦਿਤਾ। ਸਾਰਾ ਸੰਸਾਰ ਅੱਗ ਦੇ ਸਮੁੰਦਰ 'ਚ ਡੁਬਦਾ ਚਲਿਆ ਜਾਂਦਾ ਹੈ। ਜਿਹੜਾ ਪੂਰਾ ਗੁਰੂ ਹੈ ਬਾਂਹ ਫੜ ਕੇ ਕੱਢ ਲੈਂਦਾ ਹੈ।

ਸੋ ਉਸ ਤੋਂ ਬਾਅਦ ਵਿਚਾਰ ਹੁੰਦੀ ਰਹੀ, ਇਹ ਬੀਬੀ ਸੁਣਦੀ ਰਹੀ। ਦੀਵਾਨ ਦੀ ਸਮਾਪਤੀ ਹੋ ਗਈ। ਉਸ ਵੇਲੇ ਮਹਾਂਪੁਰਸ਼ਾਂ ਦੇ ਪਾਸ ਇਕੱਲੀ ਗਈ, ਕਹਿਣ ਲੱਗੀ ਮਹਾਂਪੁਰਸ਼ੋ! ਮੈਂ ਤਾਂ ਪਹਿਲੀ ਵਾਰੀ ਸਤਿਸੰਗ ਸੁਣਿਆ ਹੈ। ਮੈਂ ਜਿਹੜਾ ਕੁਛ ਸੁਣਿਆ ਹੈ ਉਹ ਮੈਂ ਸੱਚ ਕਰਕੇ ਮੰਨਿਆ ਹੈ। ਕਹਿਣ ਲੱਗੇ, ਬੀਬੀ! ਇਥੇ ਝੂਠ ਤਾਂ ਕੋਈ ਬੋਲਿਆ ਹੀ ਨਹੀਂ ਕਰਦਾ। ਇਥੇ ਅੱਖਾਂ ਨਾਲ ਦੇਖੀਆਂ ਹੋਈਆਂ, ਤੇ ਬਿਲਕੁਲ ਸੱਚ-ਸੱਚ ਗੱਲ ਜਿਹੜੀ ਹੁੰਦੀ ਹੈ ਨਾ, ਸੰਤਾਂ ਦੀ ਗਵਾਹੀ ਸੱਚੀ ਹੁੰਦੀ ਹੈ ਉਹ ਓਹ ਗੱਲ ਕਹਿੰਦੇ ਨੇ ਜਿਹੜੀ ਅੱਖਾਂ ਨਾਲ ਦੇਖ ਲੈਣ। ਸੋ ਬੀਬੀ ਅਸੀਂ ਤਾਂ ਅੱਖਾਂ ਨਾਲ ਦੇਖੀਆਂ ਹੋਈਆਂ, ਜਗ ਨਾਲ ਵਰਤੀਆਂ ਹੋਈਆਂ, ਗੁਰੂ ਦਾ ਅਨੁਭਵ ਜਿਹੜਾ ਹੈ ਉਹ ਅਸੀਂ ਇਥੇ ਦੱਸਿਆ ਹੈ। ਕਹਿੰਦੀ ਏਸੇ ਤਰ੍ਹਾਂ ਹੋਏਗਾ ਫੇਰ? ਕਹਿੰਦੇ ਹਾਂ ਇਸ ਤਰ੍ਹਾਂ ਹੋਏਗਾ। ਕਹਿੰਦੀ ਗੁਰਮੁਖੋ, ਮੇਰਾ ਕੀ ਹਾਲ ਹੋਏਗਾ? ਕੀ ਗੱਲ ਬੀਬੀ ਤੂੰ ਕਿਸ ਤਰ੍ਹਾਂ ਦੀ ਹੈ? ਕਹਿੰਦੀ ਮੈਂ ਦੋ ਲੜਕੀਆਂ ਮਾਰੀਆਂ ਨੇ ਆਪਣੀਆਂ। ਲੜਕੀਆਂ ਮਾਰਨ ਦਾ ਰਿਵਾਜ ਹੁੰਦਾ ਸੀ। ਕਹਿਣ ਲੱਗੀ, ਗੁਰਮੁਖੋ! ਮੇਰੀ ਵੀ ਗਤੀ ਹੋਏਗੀ ਕਿਤੇ। ਉਹ ਕਹਿਣ ਲੱਗੇ, ਦੇਖ ਬੀਬੀ ਜੇ ਤੂੰ ਗੁਰੂ ਦੇ ਨਾਲ ਪਿਆਰ ਪਾ ਲਵੇ ਨਾ ਤੇ ਤੂੰ ਪਿਆਰ ਨਾਲ ਉਨ੍ਹਾਂ ਨੂੰ ਯਾਦ ਕਰੇਂ। ਏਸ ਵੇਲੇ ਸਾਰੀ ਸ੍ਰਿਸ਼ਟੀ ਨੂੰ ਤਾਰਨ ਵਾਲੇ ਗੁਰੂ ਹਰਿਰਾਇ ਸਾਹਿਬ ਮਹਾਰਾਜ ਕੀਰਤਪੁਰ ਦੇ ਅੰਦਰ ਦਰਸ਼ਨ ਦੇ ਰਹੇ ਹਨ। ਗੁਰੂ ਨਾਨਕ ਪਿਆਰ ਐਸ ਤਰ੍ਹਾਂ ਤਾਂ ਹੁੰਦਾ ਨਹੀਂ ਕਿ ਕਿਵੇਂ ਪਾਵੇ। ਇਹ ਤਾਂ ਖਿੱਚ ਵਧਦੀ ਹੁੰਦੀ ਹੈ, ਯਾਦ ਵਧਦੀ ਹੁੰਦੀ ਹੈ। ਤੂੰ ਉਹਨੂੰ ਯਾਦ ਕਰ, ਯਾਦ ਕਰ। ਯਾਦ ਕਰਦੇ-ਕਰਦੇ ਤੇਰਾ ਪਿਆਰ ਉਹਦੇ ਨਾਲ ਪੈ ਜਾਏਗਾ। ਫੇਰ ਤੂੰ ਉਨ੍ਹਾਂ ਨੂੰ ਭੁੱਲੀਂ ਨਾ। ਦੇਖ ਤੈਨੂੰ ਮਿਸਾਲਾਂ ਦੇ ਕੇ ਦਸਦੇ ਹਾਂ। ਚੰਦਰਮਾ ਹੈ ਇਹਦੇ ਨਾਲ ਇਕ ਪੰਛੀ ਦਾ ਪਿਆਰ ਹੈ। ਜੁਗਾਂ-ਜੁਗਾਂਤਰਾਂ ਤੋਂ ਚਲਿਆ ਆਇਆ ਹੈ, ਚੰਦਰਮਾ ਟਸ ਤੋਂ ਮਸ ਨਹੀਂ ਹੁੰਦਾ। ਕਦੇ ਨਹੀਂ ਆ ਕੇ ਮਿਲਿਆ ਕਿ ਚਕੋਰ ਨੂੰ ਮਿਲ ਜਾਵੇ। ਚੱਕਵੀ ਸੂਰਜ ਨਾਲ ਪਿਆਰ ਕਰਦੀ ਹੈ। ਰਾਤ ਨੂੰ ਐਨੀ ਉਦਾਸ ਹੋ ਜਾਂਦੀ ਹੈ ਕਿ ਜੋੜਾ ਵਿਛੁੜ ਜਾਂਦਾ ਹੈ। ਵਿਛੁੜ ਕੇ ਅੱਡ-ਅੱਡ ਹੋ ਜਾਂਦੇ ਨੇ। ਸੂਰਜ ਚੜ੍ਹਦਾ ਹੈ, ਫੇਰ ਖੁਸ਼ੀਆਂ ਉਨ੍ਹਾਂ 'ਚ ਆ ਜਾਂਦੀਆਂ ਨੇ, ਫੇਰ ਇਕੱਠੇ ਹੋ ਜਾਂਦੇ ਨੇ। ਇਵੇਂ ਜਿਵੇਂ ਕਮਲ ਦਾ ਫੁੱਲ ਹੈ, ਇਹਦਾ ਪਾਣੀ ਨਾਲ ਪਿਆਰ ਹੈ। ਪਾਣੀ ਸੁੱਕ ਜਾਏ ਨਾਲ ਦੀ ਨਾਲ ਹੀ ਮਰ ਜਾਂਦਾ ਹੈ, ਖੇੜਾ ਉਹਦਾ ਖਤਮ ਹੋ ਜਾਂਦਾ ਹੈ। ਸੋ ਇਸੇ ਤਰ੍ਹਾਂ ਦਾ ਪਿਆਰ ਜੇ ਗੁਰੂ ਨਾਲ ਲੱਗ ਜਾਏ ਨਾ। ਜਿਵੇਂ ਖਿੱਚ ਉਨ੍ਹਾਂ ਦੀ ਹੈ। ਕਹਿੰਦੇ ਚੰਦਰਮਾ ਚੜ੍ਹ ਜਾਂਦਾ ਹੈ, ਚਕੋਰ ਆ ਕੇ ਬਹਿ ਜਾਂਦੀ ਹੈ। ਖਾਣਾ ਪੀਣਾ ਸਭ ਭੁੱਲ ਜਾਂਦਾ ਹੈ। ਜਿੰਨਾਂ ਚਿਰ ਨਿਗ੍ਹਾ 'ਚ ਰਹਿੰਦਾ ਹੈ ਓਨਾ ਚਿਰ ਅਸਮਾਨ ਵਲ ਉਹਨੇ ਝਾਕੀ ਜਾਣਾ ਹੈ। ਉਹਨੇ ਨਹੀਂ ਅੱਖ ਨੀਵੀਂ ਕਰਨੀ। ਗਰਦਨ ਬੇਸ਼ੱਕ ਮੁੜ ਜਾਵੇ, ਪਰ ਉਹਨੇ ਦੇਖਦੇ ਹੀ ਰਹਿਣਾ ਹੈ। ਪੂਰਨਮਾਸ਼ੀ ਦੇ ਚੰਨ ਨੂੰ ਉਹਨੇ ਚੜ੍ਹਨ ਤੋਂ ਲੈ ਕੇ ਛਿਪਣ ਤਕ ਉਹਨੇ ਦੇਖੀ ਜਾਣਾ ਹੈ, ਹਿਲਣਾ ਨਹੀਂ, ਪੈਰ ਨਹੀਂ ਚੁੱਕਣਾ, ਗਰਦਨ ਮਰੋੜੀ ਜਾਣੀ ਹੈ। ਸੋ ਐਸਾ ਜੇ ਪਿਆਰ ਤੇਰਾ ਪੈ ਜਾਏ, ਫੇਰ ਗੁਰੂ ਖਿੱਚੇ ਹੋਏ ਆ ਜਾਂਦੇ ਨੇ। ਗੁਰੂ ਤੇਰਾ ਕਲਿਆਣ ਕਰ ਸਕਦੇ ਨੇ, ਸਮਰੱਥ ਗੁਰੂ ਨੇ, ਤੂੰ ਉਨ੍ਹਾਂ ਨਾਲ ਪਿਆਰ ਕਰ।

***ਚੰਦ ਚਕੋਰ ਪਰੀਤ ਹੈ ਲਾਇ ਤਾਰਿ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ।***
***ਭਾਈ ਗੁਰਦਾਸ ਜੀ, ਵਾਰ 27/4***

ਕਹਿਣ ਲੱਗੇ, ਮਾਤਾ! ਕੋਈ ਜਪ ਤਪ, ਕੋਈ ਕਰਮ ਧਰਮ, ਕੋਈ ਗੁਰੂ ਨੂੰ ਨਹੀਂ ਰਿਝਾ ਸਕਦਾ। ਗੁਰੂ ਨੂੰ ਜੇ ਕੋਈ ਰਿਝਾਉਂਦਾ ਹੈ ਤਾਂ ਹਿਰਦੇ ਦਾ ਪਿਆਰ ਰਿਝਾਉਂਦਾ।

*ਸਚਾ ਅਲਖ ਅਭੇਉ ਹਠਿ ਨ ਪਤੀਜਈ॥*

*ਅੰਗ - 1285*

ਕਹਿੰਦੇ ਬੜਾ ਹਠ ਕਰਿਐ ਜੀ ਰੱਬ ਖੁਸ਼ ਹੋ ਗਿਆ। ਪਰ ਰੱਬ ਨਹੀਂ ਖੁਸ਼ ਹੁੰਦਾ। ਜਿੰਨਾ ਜੀਅ ਕਰਦਾ ਹੈ, ਹੱਠ ਕਰ ਲਓ, ਧੁੱਪ 'ਚ ਬੈਠੇ ਰਹੋ, ਪਾਣੀ 'ਚ ਬੈਠੇ ਰਹੋ। ਰੱਬ ਨਾਲ ਨਹੀਂ ਇਸ ਗੱਲ ਦਾ ਸਬੰਧ।

*ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ॥*

*ਅੰਗ - 1285*

ਬੜੇ-ਬੜੇ ਰਾਗ ਗਾ ਰਿਹਾ ਹੈ, ਰਾਗ ਦੇ ਤਾਂ ਨੇੜੇ ਤੇੜੇ ਵੀ ਨਹੀਂ ਜਾਂਦਾ।

*ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ॥*

*ਅੰਗ - 1285*

ਇਕ ਨੱਚਦੇ ਨੇ, ਗਰਮੀ-ਗਰਮੀ ਹੋਏ ਪਏ ਨੇ, ਸਾਹ ਨਹੀਂ ਲੈ ਰਹੇ। ਘੰਟੇ ਖੜਕਾ ਰਹੇ ਨੇ, ਬੇਅੰਤ ਸਾਜ ਵੱਜ ਰਹੇ ਨੇ, ਨਚਦੇ ਟਪਦੇ ਨੇ। ਮਹਾਰਾਜ

*ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ॥*
*ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ॥*
*ਕਰਮ ਵਧਹਿ ਕੈ ਲੋਅ ਖਪਿ ਮਰੀਜਈ॥*
*ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ॥ ਅੰਗ - 1285*

ਜੇ ਲਾਹਾ ਸੰਸਾਰ ਦੇ ਅੰਦਰ ਹੈ, ਤਾਂ ਪ੍ਰਮੇਸ਼ਰ ਦੀ ਯਾਦ ਦੇ ਵਿਚ ਜਿਹਨੂੰ ਨਾਮ ਕਹਿੰਦੇ ਨੇ।

*ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ॥*

*ਅੰਗ - 1285*

ਪਿਆਰ ਜਿਹਦੇ ਹਿਰਦੇ ਵਿਚ ਪੈਦਾ ਹੋ ਗਿਆ, ਉਹ ਗੁਰਮੁਖ ਹੈ।

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਸਮਝਾਇਆ ਕਿ ਮਾਤਾ! ਤੂੰ ਗੁਰੂ ਮਹਾਰਾਜ ਨਾਲ ਪਿਆਰ ਕਰ। ਸਾਰਾ ਸੰਸਾਰ ਓਹਦਾ ਬਣ ਜਾਊ ਜੇ ਵਾਹਿਗੁਰੂ ਦਾ ਕੋਈ ਬਣ ਜਾਊ।

ਪ੍ਰੀਤ ਕੀ ਹੁੰਦੀ ਹੈ ਸਾਧਸੰਗਤ ਜੀ! ਪਿਆਰ ਕੀ ਹੁੰਦਾ ਹੈ? ਇਹ ਬਹੁਤ ਔਖਾ ਹੈ ਸਮਝਣਾ। ਪਿਆਰ ਖਿੱਚ ਦਾ ਦੂਜਾ ਨਾਉਂ ਹੈ, ਜਿਹਦੇ ਨਾਲ ਪਿਆਰ ਹੋਏਗਾ, ਉਹ ਖਿੱਚ ਹਿਰਦੇ 'ਚ ਹਰ ਵਕਤ ਰਹੇਗੀ। ਜਿਹਦੇ ਹਿਰਦੇ 'ਚ ਖਿੱਚ ਪੈ ਜਾਵੇ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

*ਡਾ. ਭਾਈ ਵੀਰ ਸਿੰਘ ਜੀ*

ਉਨ੍ਹਾਂ ਦਾ ਮਿਲਾਪ ਤੋਂ ਉਰ੍ਹੇ ਕੋਈ ਥਾਂ ਹੀ ਨਹੀਂ, ਟਿਕਦੇ ਹੀ ਨਹੀਂ ਹਨ, ਵਧਦੇ ਹੀ ਤੁਰੇ ਜਾਂਦੇ ਨੇ। ਜਦੋਂ ਮਿਲਾਪ ਹੁੰਦਾ ਹੈ, ਫੇਰ ਮੈਂ ਤੇ ਤੂੰ ਦਾ ਭੇਦ ਹਟ ਜਾਂਦਾ ਹੈ। ਨਾ ਮੈਂ ਰਹਿੰਦੀ ਹੈ ਨਾ ਤੂੰ ਰਹਿੰਦਾ ਹੈ। ਇਕ ਰਹਿ ਜਾਂਦਾ ਹੈ। ਸੋ ਪਿਆਰ ਦੇ ਨਾਲ ਮਿਲ ਜਾਂਦਾ ਹੈ, ਘੁਲ ਜਾਂਦਾ ਹੈ। ਜਿਹੜਾ ਹਰ ਵਕਤ ਧਿਆਨ ਦੇ ਮੂਹਰੇ ਆਈ ਜਾਂਦਾ ਹੈ ਉਹਦੇ ਨਾਲ ਪਿਆਰ ਹੋਇਆ ਕਰਦਾ ਹੈ। ਗਰਜ਼ ਤੋਂ ਉਪਰ ਹੋ ਕੇ ਪਿਆਰ ਹੋਇਆ ਕਰਦਾ ਹੈ। ਪਿਆਰ ਕਦੇ ਕੁਛ ਮੰਗਿਆ ਨਹੀਂ ਕਰਦਾ, ਦਿੰਦਾ ਹੀ ਦਿੰਦਾ ਰਹਿੰਦਾ ਹੈ। ਪਿਆਰ ਦਾ ਕੰਮ ਦੇਣਾ ਹੀ ਹੁੰਦਾ ਹੈ ਆਪਣਾ ਸਭ ਕੁਛ, ਲੈਣਾ ਕੁਛ ਨਹੀਂ ਹੁੰਦਾ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ..............॥*

*ਅੰਗ - 757*

ਕਿੱਡੀ ਵੱਡੀ ਗੱਲ ਮਹਾਰਾਜ ਨੇ ਕਹਿ ਦਿਤੀ। ਮੰਗਿਆ ਤਾਂ ਨਹੀਂ ਹੈ ਕਿ ਹੇ ਸੱਚੇ ਪਾਤਸ਼ਾਹ! ਜੇ ਦੁੱਖ ਦਿੰਦਾ ਹੈਂ ਤਾਂ ਮੈਂ ਤੇਰਾ ਧਿਆਨ ਛੱਡ ਦੇਣਾ ਹੈ। ਸਾਡੇ ਤਾਂ ਕਹਿੰਦੇ ਨੇ ਜੀ ਅਸੀਂ ਸੇਵਾ ਵੀ ਕਰੀ ਜੀ, ਦਾਨ ਵੀ ਦਰਿਆ ਜੀ। ਸਾਡਾ ਫਲਾਣਾ ਕੰਮ ਤਾਂ ਬਣਿਆ ਨਹੀਂ, ਭਾਈ! ਠੇਕੇਦਾਰੀ ਤਾਂ ਇਥੇ ਹੈ ਨਹੀਂ, ਸੌਦੇਬਾਜ਼ੀ ਨਹੀਂ ਇਥੇ ਹੈ। ਜੀ ਮੈਂ ਤਾਂ ਐਨੇ ਪਾਠ ਕਰੇ ਮੇਰੇ ਪੁੱਤਰ ਹੀ ਨਹੀਂ ਹੈ। ਤੁਸੀਂ ਤਾਂ ਫੇਰ ਸੌਦੇਬਾਜ਼ੀ ਕਰਦੇ ਓਂ, ਪਿਆਰ ਵਿਚ ਤਾਂ ਨਹੀਂ ਆਏ। ਜਿਹੜਾ ਪਿਆਰ ਵਿਚ ਆ ਜਾਏ, ਉਹ ਤਾਂ ਕਹਿੰਦਾ ਹੈ ਕਿ ਮੈਂ ਮੰਗਣਾ ਹੀ ਤੈਨੂੰ ਹੈ। ਹੋਰ ਤਾਂ ਕੁਛ ਚਾਹੀਦਾ ਹੀ ਨਹੀਂ।

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ॥ ਅੰਗ - 534*

ਕੌਣ ਹੈ ਜਿਹੜਾ ਰਾਜ ਛੱਡ ਦੇਵੇ, ਕਿਹੜਾ ਹੈ ਜਿਹੜਾ ਮੁਕਤੀ ਛੱਡ ਦੇਵੇ। ਮੈਨੂੰ ਤਾਂ ਮਹਾਰਾਜ ਚਾਹੇ ਕਿਤੇ ਰੱਖ ਲਓ, ਜਿਥੇ ਤੇਰਾ ਜੀਅ ਕਰਦਾ ਹੈ। ਜੇ ਤੂੰ ਪਿਆਰ ਕਰੇ, ਬਖਸ਼ ਦੇਵੇਂ ਤਾਂ ਤੇਰੀ ਉਪਮਾ ਹੈ। ਜੇ ਮੈਨੂੰ ਧੱਕੇ ਮਾਰ ਕੇ ਕੱਢ ਦੇਵੇਂ ਤਾਂ ਵੀ ਮੈਂ ਤੇਰੇ ਨਾਲ ਹੀ ਪਿਆਰ ਕਰਨਾ ਹੈ, ਮੈਂ ਤਾਂ ਕਿਤੇ ਨਹੀਂ ਜਾਂਦਾ। ਬੁੱਲੇ ਨੂੰ ਉਸ ਦੇ ਮੁਰਸ਼ਦ ਅਨਾਇਤਸ਼ਾਹ ਨੇ ਧੱਕੇ ਮਾਰ ਕੇ ਕੱਢ ਦਿਤਾ। ਨਾਲ ਹੁਕਮ ਦੇ ਦਿਤਾ ਕਿ ਸਾਡੇ ਮੱਥੇ ਨਾ ਲੱਗੇ। ਬੁਰਾ ਭਲਾ ਕਿਹਾ ਸਭ ਕੁਛ ਕਹਿ ਦਿਤਾ। ਹੁਣ ਬੁੱਲਾ ਪਿਆਰ ਵਾਲਾ ਸੀ, ਜੇ ਤਾਂ ਸਾਡੇ ਵਰਗਾ ਹੁੰਦਾ ਤਾਂ ਕਹਿੰਦਾ ਮੈਂ ਸੀਗਾ ਸਈਅਦ ਤੇ ਇਹ ਸੀਗਾ ਰਾਈਂ। ਰਾਈਂ ਦੇ ਪਿਛੇ ਲਗ ਕੇ ਮੈਂ ਕਿੰਨਾ ਸਮਾਂ ਖਰਾਬ ਕਰ ਲਿਆ। ਨਾ ਸਾਧਸੰਗਤ ਜੀ! ਅਨਾਇਤਸ਼ਾਹ ਨੂੰ ਗਾਉਣ, ਸੁਣਨ ਦਾ ਸ਼ੌਕ ਸੀ। ਮਾਰਫ਼ਤ ਦੇ ਗਾਉਣੇ, ਕੀਰਤਨ ਸੁਣਿਆ ਕਰਦਾ ਹੈ। ਉਹਨੂੰ ਕੀਰਤਨ ਸੁਣਾਉਣ ਵਾਸਤੇ ਬਹੁਤ ਵਾਰੀ ਵੇਸਵਾਵਾਂ ਆ ਜਾਇਆ ਕਰਦੀਆਂ ਸੀ। ਤੇ ਮਾਫਰਤ ਦੇ

ਗਾਣੇ ਸੁਣ ਕੇ ਮਸਤ ਰਹਿੰਦਾ ਸੀ। ਇਹ ਬੁੱਲ੍ਹੇਸ਼ਾਹ 12 ਸਾਲ ਨਚਦਾ ਰਿਹਾ। ਜਿਥੇ ਉਹਨੇ ਠਹਿਰਨਾ, ਦੋ ਕੁ ਸੌ ਗਜ਼ ਦੇ ਉਤੇ ਆਪ ਹਨ੍ਹੇਰੇ 'ਚ ਆ ਜਾਣਾ ਤੇ ਸਾਰੀ ਰਾਤ ਗਾਉਂਦੇ ਰਹਿਣਾ। ਅਖੀਰ ਇਕ ਦਿਨ 12 ਸਾਲਾਂ ਬਾਅਦ ਇਹ ਆਪ ਚਲਿਆ ਗਿਆ ਕਿ ਦੇਖਾਂ ਤਾਂ ਸਹੀ, ਗਾਉਂਦਾ ਕੌਣ ਹੈ, ਸਾਲਾਂ ਦੇ ਸਾਲ ਲੰਘ ਗਏ। ਅੱਗੇ ਜਾ ਕੇ ਦੇਖਿਆ ਤਾਂ ਬੁੱਲਾ।

ਕਹਿਣ ਲੱਗਿਆ, "ਤੂੰ ਬੁਲਾ?"

ਕਹਿੰਦਾ, "ਹਾਂ ਪੀਰ ਜੀ, ਮੈਂ ਭੁਲਾ।"

ਉਸ ਵੇਲੇ ਪਿਆਰ ਉਭਰਿਆ, ਬਖਸ਼ ਦਿਤਾ। ਅਗਮ ਨਿਗਮ ਦੀ ਸੋਝੀ ਕਰਾ ਦਿਤੀ, ਪੂਰਨ ਪਦ ਤੇ ਪਹੁੰਚਾ ਦਿਤਾ। ਸੋ ਇਹ ਚੀਜ਼ ਸੌਦੇਬਾਜ਼ੀ ਨਹੀਂ ਹੁੰਦੀ ਪਿਆਰ ਦੀ। ਕਿੱਡੀਆਂ-ਕਿੱਡੀਆਂ ਤਕਲੀਫਾਂ ਭਾਈ ਮਨੀ ਸਿੰਘ ਨੇ ਕੱਟੀਆਂ, ਪਿਆਰ ਦੇ ਵਿਚ ਹੀ ਬੰਦ-ਬੰਦ ਕਟਵਾ ਲਏ। ਭਾਈ ਤਾਰੂ ਸਿੰਘ ਨੇ ਪਿਆਰ ਦੇ ਨਾਲ ਹੀ ਖੋਪਰੀ ਲੁਹਾ ਲਈ। ਭਾਈ ਮਤੀ ਦਾਸ ਨੇ ਪਿਆਰ ਦੇ ਨਾਲ ਹੀ ਆਰਾ ਸਿਰ ਦੇ ਉਤੇ ਚਲਵਾ ਲਿਆ। ਦੋ ਫਾੜ ਹੋ ਗਏ ਪਿਆਰ ਦੇ ਅੰਦਰ।

ਕਹਿਣ ਲੱਗੇ, "ਬੀਬੀ! ਪਿਆਰ ਹੋਣਾ ਚਾਹੀਦਾ ਹੈ।

***ਜੇ ਗੁਰੁ ਝਿੜਕੇ ਤ ਮੀਠਾ ਲਾਗੈ***
***ਜੇ ਬਖਸੇ ਤ ਗੁਰ ਵਡਿਆਈ॥ ਅੰਗ - 758***

ਸੋ ਪਿਆਰ ਚੀਜ਼ ਹੀ ਹੋਰ ਹੈ। ਪਿਆਰ ਬਦਲਾ ਨਹੀਂ ਮੰਗਦਾ। ਪਿਆਰ, ਪਿਆਰ ਹੀ ਹੁੰਦਾ ਹੈ। ਜਦੋਂ ਸਾਰਿਆਂ ਨਾਲੋਂ ਟੁੱਟ ਜਾਏਗੀ -

***ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ਅੰਗ - 659***

ਤੇਰੇ ਨਾਲ ਜੋੜ ਲਈ ਤੇ ਸਾਰੇ ਸੰਸਾਰ ਨਾਲ ਤੋੜ ਦਿਤੀ। ਹੁਣ ਮੈਨੂੰ ਸੰਸਾਰ ਦਾ ਨਹੀਂ ਵਾਸਤਾ ਤੇਰਾ ਵਾਸਤਾ ਹੈ। ਤੂੰ ਖੁਸ਼ ਚਾਹੀਦਾ ਹੈਂ।

ਸੋ ਮਹਾਂਪੁਰਸ਼ ਕਹਿਣ ਲੱਗੇ ਬੀਬਾ! ਐਹੋ ਜਿਹਾ ਪਿਆਰ ਜੇ ਗੁਰੂ ਨਾਲ ਹੋ ਜਾਵੇ ਨਾ, ਫੇਰ ਗੁਰੂ ਆਪ ਆ ਕੇ ਮਿਲਦੇ ਨੇ। ਸਭ ਕੁਛ ਬਖਸ਼ ਦਿੰਦੇ ਨੇ, ਤੂੰ ਪਿਆਰ ਕਰ, ਹੋਰ ਕਿਸੇ ਗੱਲ 'ਚ ਨਾ ਪੈ।

ਭਾਈ ਗੋਂਦਾ ਗੁਰੂ ਸਤਵੇਂ ਪਾਤਸ਼ਾਹ ਵੇਲੇ ਆਪ ਕਾਬਲ ਵਿਚ ਰਿਹਾ ਕਰਦੇ ਸੀ ਤੇ ਬਹੁਤ ਪਿਆਰ ਸੀ ਉਨ੍ਹਾਂ ਦੇ ਹਿਰਦੇ ਵਿਚ, ਗੁਰੂ ਸਤਵੇਂ ਪਾਤਸ਼ਾਹ ਦਾ। ਇਕ ਸਕਿੰਟ ਵੀ ਉਨ੍ਹਾਂ ਤੋਂ ਬਗੈਰ ਨਹੀਂ ਸੀ ਰਹਿਣਾ ਚਾਹੁੰਦੇ। ਧੰਨ ਗੁਰੂ ਹਰਿਰਾਇ ਸਾਹਿਬ-ਧੰਨ ਗੁਰੂ ਹਰਿਰਾਇ ਸਾਹਿਬ ਆਪ ਦੀ ਜ਼ੁਬਾਨ ਤੇ ਹਰ ਵਕਤ ਹੁੰਦਾ ਰਹਿੰਦਾ ਸੀ। ਅੱਜ ਆਪ ਨੇ ਇਸ਼ਨਾਨ ਕੀਤਾ। ਇਸ਼ਨਾਨ ਕਰਕੇ ਬੈਠੇ, ਚੌਂਕੜਾ ਮਾਰਿਆ, ਸੁਰਤੀ ਖਿੱਚੀ, ਟਿਕਾਈ, ਚਲੀ ਕਿਥੇ ਗਈ, ਕੀਰਤਪੁਰ ਸਾਹਿਬ। ਜਾ ਕੇ ਗੁਰੂ ਮਹਾਰਾਜ ਦੇ ਚਰਨਾਂ ਨੂੰ ਜੱਫਾ ਪਾ ਲਿਆ। ਕੋਈ ਫੁਰਨਾ ਨਹੀਂ ਆ ਰਿਹਾ, ਬੈਠੇ ਨੇ, ਸਮਾਂ ਭੁੱਲ ਗਿਆ। ਨਾ ਕੋਈ ਦੇਸ਼, ਨਾ ਕੋਈ ਕਾਲ, ਨਾ ਕੋਈ ਮੌਸਮ। ਨਦੀ ਦੇ ਕੰਢੇ ਬੈਠੇ ਨੇ, ਦਿਨ ਚੜ੍ਹ ਗਿਆ। ਦੱਸ ਵਜ ਗਏ, ਗਿਆਰ੍ਹਾਂ ਵਜ ਗਏ, ਬਾਰ੍ਹਾਂ ਵਜ ਗਏ, ਦੋ ਵਜ ਗਏ, ਚਾਰ ਵੱਜ ਗਏ। ਚਾਰ ਵਜੇ ਨੇਤਰ ਖੋਲ੍ਹੇ। ਏਧਰਲੇ ਪਾਸੇ ਗੁਰੂ ਹਰਿਰਾਇ ਸਾਹਿਬ ਮਹਾਰਾਜ, ਅੱਜ ਅੰਮ੍ਰਿਤ ਵੇਲੇ ਬੈਠੇ ਨੇ ਸੰਗਤ ਦੇ ਅੰਦਰ। ਕੀਰਤਨ ਹੋ ਹਟਿਆ, ਅਰਦਾਸ ਹੋਈ, ਆਪ ਨੇ ਨੇਤਰ ਨਹੀਂ ਖੋਲ੍ਹੇ। ਲੰਗਰ ਤਿਆਰ ਹੋ ਗਿਆ ਸਵੇਰ ਦਾ ਵਰਤਣ ਵਾਸਤੇ। ਹੁਕਮ ਲੈਣ ਵਾਸਤੇ ਆਏ ਗੁਰਸਿੱਖ, ਆਪ ਨੇ ਨੇਤਰ ਬੰਦ ਕਰੇ ਹੋਏ ਨੇ। ਚੁੱਪ ਕਰ ਰਹੇ ਕਿ ਪਤਾ ਨਹੀਂ ਕਿਹਦੇ ਪਿਆਰ ਦੇ ਬੰਨ੍ਹੇ ਹੋਏ ਬੈਠੇ ਨੇ। ਦੁਪਹਿਰ ਦਾ ਲੰਗਰ ਤਿਆਰ ਹੋ ਗਿਆ, ਫੇਰ ਦੁਬਾਰਾ ਆਏ। ਮਹਾਰਾਜ ਉਸੇ ਤਰ੍ਹਾਂ ਬੈਠੇ ਨੇ, ਲੰਗਰ ਨਹੀਂ ਵਰਤਿਆ। ਸਾਰੀ ਸੰਗਤ ਉਸੇ ਤਰ੍ਹਾਂ ਸਵੇਰ ਤੋਂ ਭੁੱਖੀ ਬੈਠੀ ਹੈ। ਚਾਰ ਵੱਜ ਗਏ, ਚਾਰ ਵਜੇ ਗੁਰੂ ਪਾਤਸ਼ਾਹ ਨੇ, ਤਿੰਨ ਵਾਰੀ ਕਿਹਾ, ਨਿਹਾਲ ਸਿੱਖਾ, ਨਿਹਾਲ, ਨਿਹਾਲ।

ਉਸੇ ਵੇਲੇ ਗੁਰਸਿੱਖਾਂ ਨੇ ਬੇਨਤੀ ਕੀਤੀ ਪਾਤਸ਼ਾਹ! ਅੱਜ 2 ਵਜੇ ਤੋਂ 4 ਵਜ ਗਏ। ਚੌਦਾਂ ਘੰਟੇ ਦੇ ਆਪ ਬੈਠੇ ਓਂ। ਕਹਿਣ ਲੱਗੇ ਪਿਆਰਿਓ! ਕਦੇ ਸੁਣਿਆ ਹੈ, ਰੱਸਿਆਂ ਨਾਲ ਤਾਂ ਬੰਨ੍ਹ ਸਕਦੇ ਹਾਂ ਕਿਸੇ ਨੂੰ, ਬੰਦਾ ਵੀ ਬੰਨ੍ਹ ਹੋ ਜਾਂਦਾ ਹੈ, ਜਾਨਵਰ ਵੀ ਬੰਨ੍ਹ ਹੋ ਜਾਂਦੇ ਨੇ, ਭਰੇ ਵੀ ਬੰਨ੍ਹ ਹੋ ਜਾਂਦੇ ਨੇ, ਹੋਰ ਚੀਜ਼ਾਂ ਵੀ ਬੰਨ੍ਹ ਹੋ ਜਾਂਦੀਆਂ ਨੇ। ਪਰ ਇਕ ਡੋਰੀ ਐਸੀ ਹੈ ਜਿਹੜੀ ਦਿਸਦੀ ਨਹੀਂ ਹੈ। ਲੇਕਿਨ ਉਹ ਬੰਨ੍ਹ ਕੇ ਬਹਾਲ ਦਿੰਦੀ ਹੈ ਤੇ ਵਸ ਆ ਜਾਂਦਾ ਹੈ, ਹਿੱਲ ਨਹੀਂ ਸਕਦਾ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਰੱਬ ਵਸ ਭਗਤਾਂ ਨੇ ਕੀਤਾ***
***ਪਾ ਕੇ ਤੇ ਪ੍ਰੇਮ ਡੋਰੀਆਂ।***

***ਨਾ ਤੂ ਆਵਹਿ ਵਸਿ ਬੇਦ ਪੜਾਵਣੇ॥***
***ਨਾ ਤੂ ਆਵਹਿ ਵਸਿ ਤੀਰਥਿ ਨਾਈਐ॥***
***ਨਾ ਤੂ ਆਵਹਿ ਵਸਿ ਧਰਤੀ ਧਾਈਐ॥***
***ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥***
***ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥***
***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥***

***ਅੰਗ - 962***

ਬੰਨੇ ਹੋਏ ਬੈਠੇ ਨੇ 14 ਘੰਟੇ ਹਿੱਲ ਨਹੀਂ ਸਕੇ। ਮਹਾਰਾਜ ਕਹਿੰਦੇ ਇਹ ਪ੍ਰੇਮ ਦੀ ਡੋਰੀ ਹੁੰਦੀ ਹੈ ਸਾਧਸੰਗਤ ਜੀ! ਦਿਸਦੀ ਨਹੀਂ ਹੈ ਕਿਤੇ, ਟੈਲੀਵੀਜ਼ਨ ਦਾ ਰਿਮੋਟ ਕੰਟਰੋਲ ਦਿਸਦਾ ਹੈ ਕਿਤੇ। ਬਟਨ ਦੱਬ ਦਿਓ ਆਪੇ ਚਲਣ ਲਗ ਜਾਂਦਾ ਹੈ। ਵਿਚਾਲੇ ਤਾਂ ਕੁਛ ਵੀ ਨਹੀਂ ਹੈ। ਏਸੇ ਤਰ੍ਹਾਂ ਪਿਆਰ ਦੇ ਨਾਲ ਜਿਹੜੀ ਸਭ ਤੋਂ ਵੱਡੀ ਸ਼ਕਤੀ

ਵਾਹਿਗੁਰੂ ਦੀ ਹੈ, ਉਹ ਬੰਨ੍ਹੀ ਜਾਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਆਪ ਸਮਝਾਉਂਦੇ ਨੇ ਕਿ ਮਾਤਾ! ਤੂੰ ਗੁਰੂ ਦੇ ਨਾਲ ਪਿਆਰ ਕਰ। ਗੁਰੂ ਬਹੁਤ ਵੱਡੇ ਨੇ, ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਨੇ। ਮਹਾਰਾਜਿਆਂ ਦੇ ਰਾਜੇ ਨੇ। ਵੱਡੇ-ਵੱਡੇ ਰਾਜੇ, ਮਹਾਰਾਜੇ ਆ ਕੇ ਦਹਿਲੀਜ਼ ਤੇ ਨੱਕ ਰਗੜਦੇ ਨੇ।

ਕਹਿਣ ਲੱਗੀ, "ਗੁਰਮੁਖੋ! ਮੈਨੂੰ ਕੌਣ ਪੁਛੇਗਾ ਉਥੇ?"

ਕਹਿਣ ਲੱਗੇ, "ਮਾਤਾ! ਪਿਆਰ ਦੇ ਬੰਨ੍ਹੇ ਹੋਏ ਇਥੇ ਆ ਜਾਣਗੇ ਤੇਰੇ ਕੋਲ। ਪਿਆਰ ਪਰ ਪੂਰਾ ਹੋਣਾ ਚਾਹੀਦਾ ਹੈ।"

"ਕਿਹੋ ਜਿਹਾ ਪਿਆਰ?"

***ਧਾਰਨਾ - ਐਸੀ ਪ੍ਰੀਤੀ ਕਰ ਲੈ,***
***ਜੈਸੇ ਮੱਛੀ ਅਤੇ ਨੀਰ ਦੀ।***

ਐਸਾ ਪਿਆਰ ਜੇ ਗੁਰੂ ਦੇ ਨਾਲ ਹੋ ਜਾਵੇ ਕਹਿਣ ਲੱਗੇ, ਮਾਤਾ! ਫੇਰ ਤੈਨੂੰ ਜਾਣ ਦੀ ਲੋੜ ਨਹੀਂ ਹੈ। ਜਿਹਨੂੰ ਤੂੰ ਪਿਆਰ ਕਰਦੀ ਹੈਂ ਉਹ ਆਪ ਹੀ ਸਮਰੱਥ ਹੈ। ਦਰਸ਼ਨ ਦੇਵੇਗਾ ਤੈਨੂੰ।

ਸੋ ਐਸਾ ਉਪਦੇਸ਼ ਦੇ ਕੇ ਮਹਾਂਪੁਰਸ਼ ਚਲੇ ਗਏ। ਸਾਨੂੰ ਵੀ ਐਸਾ ਉਪਦੇਸ਼ ਹੁੰਦਾ ਹੈ ਪਰ ਸਾਡੇ ਤੋਂ ਮੰਨ ਨਹੀਂ ਹੁੰਦਾ। ਭਾਗਾਂ ਵਾਲੀ ਸੀ ਮਾਤਾ ਜਿਹਨੇ ਇਸ ਉਪਦੇਸ਼ ਨੂੰ ਮੰਨ ਲਿਆ। ਉਸ ਵੇਲੇ ਓਸੇ ਘੜੀ ਤੋਂ ਪਿਆਰ ਹੋ ਗਿਆ ਅਣਡਿੱਠੇ ਸਤਿਗੁਰੂ ਦੇ ਨਾਲ। ਮਨ ਵਿਚ ਖਿਆਲ ਆਇਆ ਕਿ ਮੈਂ ਗਰੀਬਣੀ ਹਾਂ, ਕੀ ਭੇਟਾ ਕਰਾਂ। ਉਥੇ ਤਾਂ ਬੜੇ-ਬੜੇ ਦੁਸ਼ਾਲੇ, ਬੜੀਆਂ-ਬੜੀਆਂ ਚੀਜ਼ਾਂ ਦੱਸੀਆਂ ਨੇ। ਬੇਅੰਤ ਦੌਲਤਾਂ ਰਾਜੇ ਆ ਕੇ ਨਿਵਦੇ ਨੇ। ਮਹਾਰਾਜੇ ਆ ਕੇ ਨਿਵਦੇ ਨੇ। ਮੈਂ ਤਾਂ ਗਰੀਬਣੀ ਹਾਂ, ਪਤੀ ਵੀ ਨਹੀਂ ਹੈ ਮੇਰਾ, ਬੱਚੇ ਵੀ ਨਹੀਂ ਹੈ ਮੇਰੇ। ਮਿਹਨਤ ਮਜ਼ੂਰੀ ਕਰਕੇ ਖਾਣ ਵਾਲੀ ਹਾਂ। ਉਸ ਵੇਲੇ ਉਸ ਨੇ ਕਪਾਹ ਲਈ, ਬਹੁਤ ਵਧੀਆ। ਲੈ ਕੇ ਉਸ ਨੂੰ ਵਲਾਇਆ, ਵਿਲਾ ਕੇ ਕੱਤਿਆ। ਕੱਤ ਕੇ ਸੂਤ ਤਿਆਰ ਕੀਤਾ। ਬਹੁਤ ਵਧੀਆ ਸੂਤ ਕੱਤਿਆ ਤੇ ਹਰ ਤੰਦ ਨਾਲ ਗੁਰੂ ਮਹਾਰਾਜ ਦਾ ਧਿਆਨ ਹੈ। ਤੰਦ ਨਹੀਂ ਸੀ ਕੱਢਦੀ। ਨੇਤਰਾਂ 'ਚੋਂ ਜਲ ਨਾਲ ਜਾ ਰਿਹਾ ਸੀ। ਚਰਖਾ ਘੂਕਦਾ ਸੀ, ਨਾਲ ਗੁਰੂ ਦੀ ਧੁਨ ਚਲਦੀ ਸੀ। ਜਿਉਂ-ਜਿਉਂ ਕਤਦੀ ਸੀ, ਤਿਉਂ-ਤਿਉਂ ਹਿਰਦੇ ਦੇ ਅੰਦਰੋਂ ਨਾਦ ਬਣ ਕੇ ਐਸੀ ਅਰਦਾਸ ਹੁੰਦੀ ਹੈ-

***ਧਾਰਨਾ - ਹਰਿ ਦਰਸ਼ਨ ਕੀ ਆਸਾ ਮੇਰੇ ਮਨ,***
***ਹਰਿ ਦਰਸ਼ਨ ਕੀ ਆਸਾ।***

ਐਸੀਆਂ ਅਨੇਕਾਂ ਅਰਦਾਸਾਂ, ਚਰਖਾ ਚਲਾਉਂਦੀ ਹੈ, ਸੂਤ ਕੱਤਦੀ ਹੈ, ਨਾਲ ਦੀ ਨਾਲ ਗੁਰੂ ਚਰਨਾਂ 'ਚ ਧਿਆਨ ਧਰ ਕੇ, ਆਪਣੇ ਦਿਲ ਦੇ ਭਾਵ ਬਾਰ-ਬਾਰ ਗੁਰੂ ਚਰਨਾਂ 'ਚ ਭੇਜਦੀ ਹੈ -

***ਧਾਰਨਾ - ਨਿਤ ਰਸਤੇ ਉਡੀਕਾਂ ਤੇਰੇ,***
***ਇਨੀਂ ਰਾਹੀਂ ਆ ਜਾ ਮਾਲਕਾ।***

***ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥***
***ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥***
***ਉਡਹੁ ਨ ਕਾਗਾ ਕਾਰੇ॥***
***ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥***
***ਕਹਿ ਕਬੀਰ ਜੀਵਨ ਪਦ ਕਾਰਨਿ***
***ਹਰਿ ਕੀ ਭਗਤਿ ਕਰੀਜੈ॥***
***ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ॥***

***ਅੰਗ - 337***

ਅੱਖਾਂ 'ਚੋਂ ਹੰਝੂ ਜਾਂਦੇ ਨੇ, ਰਸਤੇ ਵਲ ਨੂੰ ਦੇਖ ਰਹੀ ਹੈ ਕਿ ਮੇਰਾ ਪਿਆਰਾ ਆ ਰਿਹਾ ਹੈ? ਕੁਰਬਾਨ ਕਰ ਦੇਵਾਂ ਆਪਣਾ ਆਪ ਜਿਹੜਾ ਮੈਨੂੰ ਆਪਣੇ ਪਿਆਰੇ ਦੇ ਦਰਸ਼ਨ ਕਰਾ ਦੇਵੇ। ਝੌਲੇ ਪੈਂਦੇ ਨੇ, ਰਾਤ ਨੂੰ ਨੀਂਦ ਨਹੀਂ ਆਉਂਦੀ। ਨੀਂਦ ਆਉਂਦੀ ਹੈ, ਰਾਤ ਆਈ। ਲਿਸ਼ਕਾਰਾ ਵੱਜਿਆ, ਪ੍ਰਕਾਸ ਵੱਜਿਆ ਸੁਪਨੇ ਦੇ ਅੰਦਰ। ਤਿੰਨ ਤਰ੍ਹਾਂ ਦੇ ਦਰਸ਼ਨ ਹੁੰਦੇ ਨੇ ਇਕ ਤਾਂ ਉਹ ਹੁੰਦੇ ਨੇ ਜਿਹੜੇ ਅੱਖਾਂ ਖੁਲ੍ਹੀਆਂ ਨਾਲ ਹਰ ਵਕਤ ਹੁੰਦੇ ਰਹਿੰਦੇ ਨੇ। ਪਿਆਰਾ ਕਦੇ ਅੱਖਾਂ ਤੋਂ ਓਹਲੇ ਹੋਇਆ ਹੀ ਨਹੀਂ ਕਰਦਾ। ਹਰ ਚੀਜ਼ ਦੇ ਅੰਦਰ ਉਹਦੇ ਦਰਸ਼ਨ ਹੁੰਦੇ ਨੇ। ਇਕ ਦਰਸ਼ਨ ਹੋਇਆ ਕਰਦੇ ਨੇ ਕਿ ਥੋੜ੍ਹੀ ਦੇਰ ਵਾਸਤੇ ਆਏ, ਦਰਸ਼ਨ ਦਿਤੇ ਤੇ ਫੇਰ ਅਲੋਪ ਹੋ ਗਏ। ਇਕ ਦਰਸ਼ਨ ਹੋਇਆ ਕਰਦੇ ਨੇ ਕਿ ਸੁਪਨੇ ਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਉਹਨੂੰ ਸਵਪਨ ਦਰਸ਼ਨ ਕਹਿੰਦੇ ਨੇ, ਅਨੁਭਵ ਦੇ ਦਰਸ਼ਨ ਹੁੰਦੇ ਨੇ। ਉਹ ਪ੍ਰਤੱਖ ਸੁਪਨਾ ਹੁੰਦਾ ਹੈ। ਸੁਪਨੇ ਦੇ ਅੰਦਰ ਗੁਰੂ ਮਹਾਰਾਜ ਜੀ ਦੇ ਦਰਸ਼ਨ ਹੁੰਦੇ ਨੇ, ਸੇਵਾ ਕਰਦੀ ਹੈ। ਲੇਕਿਨ ਥੋੜ੍ਹੀ ਦੇਰ ਤੋਂ ਬਾਅਦ ਨੇਤਰ ਖੁਲ੍ਹ ਗਏ। ਅੱਖੀਆਂ ਉਘੜ ਗਈਆਂ, ਨਜ਼ਰ ਨਹੀਂ ਆ ਰਹੇ। ਉਸ ਵੇਲੇ ਵੈਰਾਗ ਹੋ ਜਾਂਦਾ ਹੈ, ਵੈਰਾਗ ਬਿਨਾਂ ਹੋਰ ਕੋਈ ਚਾਰਾ ਨਹੀਂ ਹੁੰਦਾ ਸਾਧਸੰਗਤ ਜੀ ਉਸ ਵੇਲੇ -

***ਧਾਰਨਾ - ਸੁਪਨੇ ਆਇਆ ਭੀ ਗਿਆ,***
***ਮੈਂ ਜਲ ਭਰਿਆ ਰੋਇ॥***
***ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥***
***ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥***
***ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥***

***ਅੰਗ - 558***

ਐਸੇ ਝਲਾਵੇ ਪੈਂਦੇ ਨੇ। ਪ੍ਰਤੱਖ ਦਰਸ਼ਨ ਨਹੀਂ ਅਜੇ ਹੋ ਰਹੇ। ਉਸ ਵੇਲੇ ਆਪ ਦੇ ਕੰਨਾਂ ਨੇ ਕੀ ਸੁਣਿਆ, ਬਾਹਰ ਆਵਾਜ਼ ਆ ਰਹੀ ਹੈ ਪ੍ਰਿਹੁ-ਪ੍ਰਿਹੁ-ਪ੍ਰਿਹੁ। ਬੱਦਲ ਆ ਰਹੇ ਨੇ, ਉਪਰ ਨੂੰ ਮੂੰਹ ਚੁੱਕਿਆ ਹੋਇਆ ਹੈ। ਆਵਾਜ਼ ਬੰਦ ਨਹੀਂ ਹੁੰਦੀ। ਮੂੰਹ ਹਨ੍ਹੇਰੇ ਤੋਂ ਆਵਾਜ਼ ਆਉਂਣੀ ਸ਼ੁਰੂ ਹੋ ਗਈ, ਸ਼ਾਮ ਹੋ ਗਈ। ਨਾ ਕੁਛ ਪੰਛੀ ਨੇ ਖਾਧਾ ਹੈ, ਨਾ ਕੁਛ ਪੀਤਾ ਹੈ। ਲੇਕਿਨ ਆਵਾਜ਼ ਆਉਂਦੀ ਹੈ ਪ੍ਰਿਹੁ-ਪ੍ਰਿਹੁ-

ਪ੍ਰਿਹੁ। ਜੋ ਬਿਰਹੀ ਪੁਰਸ਼ ਹੁੰਦਾ ਹੈ, ਉਹਦੇ ਹਿਰਦੇ ਨੂੰ ਇਹ ਆਵਾਜ਼ਾਂ ਵੇਧ ਕੇ ਰੱਖ ਦਿੰਦੀਆਂ ਨੇ, ਵਿੰਨ੍ਹ ਕੇ ਰੱਖ ਦਿੰਦੀਆਂ ਨੇ। ਉਸ ਵੇਲੇ ਮਨ ਦੇ ਵਿਚੋਂ ਅਰਦਾਸ ਉਤਰਦੀ ਹੈ ਹੇ ਪ੍ਰਭੂ! ਮੇਰੀ ਵੀ ਐਸੀਓ ਅਵਸਥਾ ਹੈ।

*ਧਾਰਨਾ – ਮੇਰੀ ਕੂਕ ਪਪੀਹੇ ਵਾਲੀ,*
*ਕੰਨ ਦੇ ਕੇ ਸੁਣ ਲੈ ਮਾਲਕਾ।*
*ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ॥*
*ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ॥*
*ਤੂ ਸੁਖਦਾਤਾ ਬੇਅੰਤ ਹੈ ਗੁਣਦਾਤਾ ਨਿਧਾਨੁ॥*
*ਨਾਨਕ ਗੁਰਮੁਖਿ ਬਖਸਿ ਲਏ ਅੰਤਿ ਬੇਲੀ ਹੋਇ ਭਗਵਾਨੁ॥*
*ਅੰਗ – 1284*

ਹੇ ਪ੍ਰਭੂ! ਮੇਰੇ ਪ੍ਰਾਨ ਛੁਟ ਜਾਣ, ਮੈਂ ਜੀਉਂ ਨਹੀਂ ਸਕਦਾ ਜਲ ਤੋਂ ਬਗੈਰ। ਕ੍ਰਿਪਾ ਕਰ ਮੈਨੂੰ ਦਾਨ ਦੇ।

ਕੋਈ ਨਹੀਂ ਜਾਣ ਸਕਦਾ ਦੂਸਰੇ ਦੀ ਅਵਸਥਾ ਹੈ। ਕਬੀਰ ਸਾਹਿਬ ਲਿਖਦੇ ਨੇ ਕਿ ਐਸੀ ਅਵਸਥਾ ਵਾਲਾ ਸੰਸਾਰ ਨੂੰ ਇਕ ਤਰ੍ਹਾਂ ਨਾਲ ਬਉਰਾ ਨਜ਼ਰ ਆਉਣ ਲਗ ਜਾਂਦਾ ਹੈ।

*ਧਾਰਨਾ – ਬਉਰਾ ਹੋ ਜਾਂਦਾ ਹੈ,*
*ਰਾਮ ਦਾ ਵਿਯੋਗੀ ਪਿਆਰੇ।*
*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥*
*ਅੰਗ – 1368*

ਬਉਰਾ ਕਹਿਣ ਲਗ ਜਾਂਦਾ ਹੈ ਸੰਸਾਰ।

ਅੱਜ ਮਾਤਾ ਨੇ ਚਾਦਰਾ ਬਹੁਤ ਸੋਹਣਾ ਤਿਆਰ ਕਰ ਲਿਆ ਹੈ। ਹੱਥਾਂ ਨਾਲ ਕੱਤਿਆ ਤੇ ਬਣਾਇਆ। ਬਣਾ ਕੇ ਤਹਿ ਲਾ ਕੇ ਰੱਖ ਦਿਤਾ ਕਿ ਜਦੋਂ ਮੇਰੇ ਪਾਤਸ਼ਾਹ ਆਉਣਗੇ ਤੇ ਮੈਂ ਇਹ ਚਾਦਰਾ ਭੇਟ ਕਰਾਂਗੀ। ਅੱਜ ਪਿਆਰ ਐਨਾ ਵਧਿਆ ਕਿ ਅੰਮ੍ਰਿਤ ਵੇਲੇ ਤੋਂ ਉਠ ਕੇ ਪਹਿਲਾਂ ਚੱਕੀ ਦੇ ਨਾਲ ਆਟਾ ਪੀਸ ਕੇ ਮਿੱਸੇ ਪ੍ਰਸ਼ਾਦੇ ਲਾਹੇ। ਮੱਖਣ ਤਾਜ਼ਾ ਕੱਢ ਕੇ ਸੋਹਣਾ ਤਾਜ਼ਾ ਘਿਉ ਕੱਢਿਆ ਤੇ ਸ਼ੁੱਧ ਖੰਡ ਲਿਆਂਦੀ, ਖੰਡ ਘਿਉ ਲਿਆਂਦੀ ਤੇ ਰਲਾ ਕੇ ਰੱਖ ਲਈ। ਉਸ ਤੋਂ ਬਾਅਦ ਦਿਨ ਚੜ੍ਹ ਗਿਆ, ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਇਹ ਪ੍ਰਸ਼ਾਦਾ ਤੁਸੀਂ ਛਕਣਾ ਹੈ, ਤੁਸੀਂ ਛਕੋਂਗੇ ਫੇਰ ਮੈਂ ਛਕਾਂਗੀ।

ਅੱਜ ਪਿਆਰ ਉਸ ਜਗ੍ਹਾ ਪਹੁੰਚ ਗਿਆ ਜਿਥੋਂ ਭਗਵਾਨ ਤੋਂ ਫੇਰ ਬੈਠ ਨਹੀਂ ਹੋਇਆ ਕਰਦਾ। ਵਾਹਿਗੁਰੂ ਕਹਿੰਦਾ ਹੈ ਕਿ ਮੈਨੂੰ ਮੇਰੇ ਪਿਆਰੇ ਖਿੱਚ ਲੈਂਦੇ ਨੇ। ਉਸ ਵੇਲੇ ਗੁਰੂ ਸਤਵੇਂ ਪਾਤਸ਼ਾਹ ਮਹਾਰਾਜ, ਦੀਵਾਨ ਲੱਗਿਆ ਹੋਇਆ ਹੈ, ਦੀਵਾਨ ਦੀ ਸਮਾਪਤੀ ਹੋਈ। ਅੱਜ ਆਪ ਘੋੜੇ ਤੇ ਛੇਤੀ ਦੇ ਕੇ ਚੜ੍ਹ ਗਏ। ਪਹਿਲਾਂ ਵੀ ਜਾਇਆ ਕਰਦੇ ਸੀ। ਕੁਛ ਅਟਕ ਕੇ ਜਾਇਆ ਕਰਦੇ ਸੀ, ਕੁਛ ਸਿੱਖਾਂ ਨੂੰ ਨਾਲ ਲਿਆ ਕਰਦੇ ਸੀ ਤੇ ਫੇਰ ਆਪਣੀ ਮੌਜ ਨਾਲ ਜੰਗਲ ਵਲ ਨੂੰ ਨਿਕਲ ਜਾਣਾ। ਅੱਜ ਆਪ ਘੋੜੇ ਤੇ ਸਵਾਰ ਹੋਏ। ਇਕ ਦਮ ਘੋੜੇ ਨੂੰ ਅੱਡੀ ਲਾ ਦਿਤੀ, ਦੌੜਾ ਲਿਆ। 60 ਮੀਲ ਦੀ ਰਫਤਾਰ ਤੇ ਘੋੜਾ ਉਡਿਆ ਜਾ ਰਿਹਾ ਹੈ ਤੇ ਪਿਛਲੇ ਪਾਸੇ ਸਿੱਖਾਂ ਨੇ ਦੇਖਿਆ ਕਿ ਮਹਾਰਾਜ! ਅੱਜ ਐਨੀ ਤੇਜ਼ੀ ਨਾਲ ਘੋੜਾ ਨਠਾ ਰਹੇ ਨੇ ਤੇ ਕਿਸ ਦਿਸ਼ਾ ਨੂੰ ਜਾ ਰਹੇ ਨੇ। ਜੰਗਲ ਵਲ ਨੂੰ ਨਹੀਂ ਜਾ ਰਹੇ। ਆਬਾਦੀਆਂ ਵਲ ਨੂੰ ਜਾ ਰਹੇ ਨੇ। ਸਮਝ ਗਏ ਪਿਆਰ ਵਾਲੇ ਕਿ ਕੋਈ ਕੌਤਕ ਵਰਤ ਰਿਹਾ ਹੈ।

ਉਸ ਵੇਲੇ ਮਹਾਰਾਜ ਇਕ ਪਿੰਡ ਵਿਚ ਪਹੁੰਚ ਗਏ। ਗਰਦ ਦੇਖ-ਦੇਖ ਕੇ ਪਿਛੇ ਗੁਰਸਿੱਖ ਆ ਰਹੇ ਨੇ ਤੇ ਮਹਾਰਾਜ ਇਕ ਗਲੀ ਵਿਚ ਵੜ ਗਏ। ਅੱਗੇ ਇਕ ਕੱਚਾ ਕੋਠਾ ਹੈ, ਮੂਹਰੇ ਇਕ ਛੋਟੇ ਜਿਹੇ ਵਿਹੜੇ ਦੀ ਕੰਧ ਕਰੀ ਹੋਈ ਹੈ। ਵਿਹੜੇ ਨੂੰ ਦਰਵਾਜ਼ਾ ਕੋਈ ਨਹੀਂ ਲਾਇਆ ਹੋਇਆ, ਖੁਲ੍ਹਾ ਹੀ ਹੈ। ਵਿਹੜੇ 'ਚ ਘੋੜਾ ਮਹਾਰਾਜ ਨੇ ਅੰਦਰ ਵਾੜਿਆ ਤੇ ਆਵਾਜ਼ ਦਿਤੀ ਮਾਤਾ! ਸਾਨੂੰ ਭੁੱਖ ਬਹੁਤ ਲੱਗੀ ਹੋਈ ਹੈ, ਜੋ ਕੁਛ ਤੇਰੇ ਕੋਲ ਤਿਆਰ ਹੈ ਉਹ ਲੈ ਕੇ ਆ –

*ਧਾਰਨਾ – ਹਰਿ ਜੀ ਛਡ ਕੇ ਸਿੰਘਾਸਨ ਆ ਗਏ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ।*
*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਅੰਗ – 403*

ਧਾਵੈ ਕਹਿੰਦੇ ਨੇ, ਪੂਰੇ ਜ਼ੋਰ ਨਾਲ, ਪੂਰੀ ਰਫਤਾਰ ਨਾਲ।

ਮਾਤਾ ਦੇ ਨੇਤਰ ਬੰਦ ਨੇ, ਅਰਦਾਸ ਵਿਚ ਜੁੜੀ ਹੋਈ ਹੈ। ਹੈਂ ਆਵਾਜ਼ ਕਿਥੋਂ ਆਈ? ਪ੍ਰਸ਼ਾਦਾ ਤਿਆਰ ਕਰੇ ਗਰਮ-ਗਰਮ ਅਜੇ ਰੱਖਿਆ ਹੋਇਆ ਹੈ। ਖੰਡ ਘਿਉ ਉਤੇ ਪਾਇਆ ਹੋਇਆ ਹੈ, ਦੋਵੇਂ ਹੱਥਾਂ 'ਚ ਲਈ ਖੜ੍ਹੀ ਹੈ। ਨੇਤਰ ਖੋਲ੍ਹੇ, ਕਿੰਨੀ ਭਾਗਾਂ ਵਾਲੀ ਹੈ, ਕੀ ਦੇਖਦੀ ਹੈ ਕਿ ਜਿਹਨੂੰ ਮੈਂ ਯਾਦ ਕਰਦੀ ਸੀ, ਅੱਜ ਤੱਕ ਜਿਹਦੇ ਦਰਸ਼ਨ ਨਹੀਂ ਕਰੇ ਉਹ ਆਪ ਆ ਕੇ ਮੇਰੇ ਤੋਂ ਪ੍ਰਸ਼ਾਦੇ ਮੰਗ ਰਿਹਾ ਸੀ। ਉਸੇ ਤਰ੍ਹਾਂ ਮਹਾਰਾਜ ਦੇ ਪਿਆਰ ਵਿਚ ਦੀਵਾਨੀ ਹੋਈ ਨੇ ਗੁਰੂ ਮਹਾਰਾਜ ਦੇ ਹੱਥ 'ਚ ਪ੍ਰਸ਼ਾਦੇ ਫੜਾ ਦਿਤੇ। ਭੁੱਲ ਗਈ ਕਹਿਣਾ ਕਿ ਪਾਤਸ਼ਾਹ! ਘੋੜੇ ਤੋਂ ਹੇਠਾਂ ਉਤਰ ਆਓ, ਅੰਦਰ ਲੰਘ ਆਓ, ਬੈਠ ਜਾਓ, ਆਸਣ ਲਓ। ਭੁੱਲ ਗਈ ਕੋਈ ਆਸਣ ਵਿਛਾਉਣਾ ਹੈ ਕੁਛ ਨਹੀਂ ਯਾਦ।

*ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ*
*ਬੁਧਿ ਕੀ ਨ ਬੁਧਿ ਰਹੀ*
*ਮਤਿ ਮੈ ਨ ਮਤਿ ਹੈ॥ ਕਬਿੱਤ ਭਾਈ ਗੁਰਦਾਸ ਜੀ*

ਮਹਾਰਾਜ ਨੇ ਦੋਵੇਂ ਹੱਥਾਂ ਦੇ ਵਿਚ ਪ੍ਰਸ਼ਾਦਾ ਲਿਆ ਹੋਇਆ ਹੈ ਤੇ ਬੜੇ ਹੀ ਪਿਆਰ ਦੇ ਨਾਲ ਬੁਰਕੀ ਤੋੜਦੇ ਨੇ, ਖੰਡ ਘਿਉ ਨਾਲ ਲਾ ਲੈਂਦੇ ਨੇ, ਮਾਤਾ ਵਲ ਦੇਖ ਰਹੇ

ਨੇ, ਅੰਦਰ ਹੀ ਅੰਦਰ ਬੇਅੰਤ ਮਹਾਰਾਜ ਵਰ ਦੇ ਰਹੇ ਨੇ। ਐਨੇ ਨੂੰ ਸਿੱਖ ਵੀ ਪਹੁੰਚ ਗਏ। ਹੈਰਾਨ ਹੁੰਦੇ ਕਿ ਪਾਤਸ਼ਾਹ! ਨਾ ਹੱਥ ਧੋਤੇ ਨੇ, ਘੋੜੇ ਵਾਲੇ ਹੱਥ ਨੇ ਤੇ ਨਾ ਸੁੱਚੇ ਆਸਣ ਤੇ ਬੈਠੇ ਨੇ, ਨਾ ਚਉਂਕਾ ਕੀਤਾ ਹੈ, ਨਾ ਕੋਈ ਬਰਤਨ ਹੈ ਕੋਲ, ਹੱਥਾਂ ਦੇ ਵਿਚ ਪ੍ਰਸ਼ਾਦੇ ਰੱਖੇ ਹੋਏ ਛਕ ਰਹੇ ਨੇ। ਉਸ ਵੇਲੇ ਨਜ਼ਾਰਾ ਸਾਮ੍ਹਣੇ ਆ ਗਿਆ ਕਿ ਠੀਕ ਏਸੇ ਤਰ੍ਹਾਂ ਬਲ ਰਾਜੇ ਦੇ ਦਰ ਦੇ ਉਤੇ ਪਾਰਬ੍ਰਹਮ ਪ੍ਰਮੇਸ਼ਰ ਪਿਆਰ ਦਾ ਬੰਨ੍ਹਿਆ ਹੋਇਆ ਖੜ੍ਹਾ ਹੈ –

***ਧਾਰਨਾ – ਖੜ੍ਹਾ ਹੈ ਦੁਆਰੇ ਹਰਿ ਜੀ ਬੰਨ੍ਹਿਆ ਪ੍ਰੇਮ ਦਾ।***
***ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ॥***
***ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥***
***ਅੰਗ – 1105***

ਸੋ ਬਲਰਾਜੇ ਦੇ ਦਰ ਤੇ ਖੜ੍ਹਾ ਜਿਵੇਂ ਪ੍ਰਮੇਸ਼ਰ ਐਸ ਤਰ੍ਹਾਂ ਗੁਰੂ ਹਰਿਰਾਇ ਸਾਹਿਬ ਮਹਾਰਾਜ ਉਸ ਮਾਈ ਦੇ ਦਰ ਦੇ ਸਾਮ੍ਹਣੇ ਘੋੜੇ ਤੇ ਚੜ੍ਹੇ ਹੋਏ ਪ੍ਰਸ਼ਾਦਾ ਛਕ ਰਹੇ ਨੇ। ਪਿਆਰ ਦੇ ਵਿਚ ਬੰਨ੍ਹੇ ਹੋਏ ਖੜ੍ਹੇ ਨੇ। ਨਾ ਆਪ ਨੂੰ ਇਹ ਸਿਮਰਨ ਹੈ ਕਿ ਅਸੀਂ ਅੰਦਰ ਜਾਈਏ, ਕਿਸੇ ਪਲੰਘ ਤੇ ਬੈਠੀਏ, ਹੱਥ ਧੋਈਏ ਫੇਰ ਕਿਸੇ ਬਰਤਨ ਵਿਚ ਪ੍ਰਸ਼ਾਦਾ ਛਕੀਏ। ਨਾ ਮਾਤਾ ਨੂੰ ਸੁਧ ਹੈ ਕਿ ਮੈਂ ਅੰਦਰ ਬੁਲਾਵਾਂ, ਪ੍ਰਸ਼ਾਦਾ ਪੂਰੇ ਸਤਿਕਾਰ ਨਾਲ ਦੇਵਾਂ। ਸੋ ਸਾਰੇ ਦੇਖ ਕੇ ਹੈਰਾਨ ਹੋ ਰਹੇ ਨੇ।

ਉਸ ਤੋਂ ਬਾਅਦ ਮਹਾਰਾਜ ਜੀ ਨੇ ਪ੍ਰਸ਼ਾਦਾ ਛਕ ਲਿਆ। ਉਸ ਤੋਂ ਬਾਅਦ ਨਾ ਹੱਥ ਧੁਆਉਣ ਦੀ ਉਹਨੂੰ ਸੁਧ ਹੈ ਨਾ ਮਹਾਰਾਜ ਜੀ ਨੇ ਕਿਹਾ। ਹੱਥ ਉਚਾ ਉਠਿਆ, ਮਾਤਾ ਦੇ ਸਿਰ ਤੇ ਰੱਖਿਆ ਮਾਤਾ! ਨਿਹਾਲ! ਨਿਹਾਲ! ਨਿਹਾਲ। ਕੋਈ ਕਰਮ ਧਰਮ ਕਰਨ ਦੀ ਲੋੜ ਨਹੀਂ ਪਈ। ਕੋਈ ਤਪ ਕਰਨ ਦੀ ਲੋੜ ਨਹੀਂ ਪਈ। ਵੱਡੇ-ਵੱਡੇ ਯੋਗੀਆਂ ਨੂੰ ਜੋ ਗਤੀ ਪ੍ਰਾਪਤ ਹੁੰਦੀ ਹੈ, ਪ੍ਰਭੂ ਲੋਕ ਦੀ ਉਸ ਦੇ ਵਿਚ ਮਾਤਾ ਦਾ ਨਿਵਾਸ ਕਰਾ ਦਿਤਾ।

ਦੂਸਰਾ ਦਿਨ ਆ ਗਿਆ। ਸਾਰਿਆਂ ਨੇ ਸੋਚਿਆ ਕਿ ਮਹਾਰਾਜ ਨੂੰ ਭੁੱਖ ਲੱਗੀ ਸੀ ਤੇ ਜਾ ਕੇ ਪ੍ਰਸ਼ਾਦਾ ਮੰਗਿਆ ਇਨ੍ਹਾਂ ਨੇ ਤੇ ਕਿਉਂ ਨਾ ਪ੍ਰਸ਼ਾਦਾ ਨਾਲ ਲਾਹ ਕੇ ਲੈ ਚੱਲਿਆ ਕਰੀਏ। ਉਸ ਵੇਲੇ ਲਾਂਗਰੀ ਸਿੰਘ, ਸ੍ਰੀ ਮਾਨ ਨੇ ਪ੍ਰਸ਼ਾਦੇ ਲਾਹੇ ਤੇ ਜੋ ਮੁਖੀ ਸੇਵਕ ਸੀ ਉਨ੍ਹਾਂ ਨੂੰ ਦਿੱਤੇ ਮਹਾਰਾਜ ਘੋੜੇ ਤੇ ਜਾ ਰਹੇ ਨੇ। ਉਨ੍ਹਾਂ ਨੇ ਪ੍ਰਸ਼ਾਦੇ ਬੰਨ੍ਹੇ ਹੋਏ ਨੇ ਨਾਲ। ਪਾਣੀ ਬੰਨ੍ਹਿਆ ਹੋਇਆ ਹੈ ਹੱਥ ਧੁਆਉਣ ਵਾਸਤੇ। ਅੱਗੇ ਜੰਗਲ 'ਚ ਚਲੇ ਗਏ। ਅੱਗੇ ਘੋੜੇ ਰੁਕੇ, ਮਹਾਰਾਜ ਅੱਗੇ ਗਏ ਤਾਂ ਕਹਿਣ ਲੱਗੇ, ਸੱਚੇ ਪਾਤਸ਼ਾਹ! ਹੁਕਮ ਹੋਵੇ ਤਾਂ ਆਸਣ ਵਿਛਾਈਏ? ਕਹਿੰਦੇ ਕੀ ਗੱਲ? ਕਹਿੰਦੇ ਪਾਤਸ਼ਾਹ! ਸਾਡੇ ਮਨ ਵਿਚ ਕੁਛ ਸ਼ੰਕਾ ਵਿਆਪ ਗਿਆ। ਆਪ ਲੰਗਰ ਦੀ ਸੁੱਚਤਾ ਦੇ ਵਿਚ ਐਨੀ ਜ਼ਿਆਦਾ ਤਾਕੀਦ ਕਰਦੇ ਹੋਂ ਕਿ ਬਿਲਕੁਲ ਸਾਫ ਸੁਥਰੇ ਹੱਥ ਹੋਣ, ਸ਼ੁਧ ਥਾਂ ਹੋਵੇ ਤੇ ਫੇਰ ਜਾ ਕੇ ਪ੍ਰਸ਼ਾਦੇ ਦੀ ਗਰਾਹੀ ਮੂੰਹ 'ਚ ਪਾਉਣੀ ਚਾਹੀਦੀ ਹੈ। ਸ਼ੁਧੀ ਨਾਲ ਪ੍ਰਸ਼ਾਦਾ ਬਣਾਇਆ ਹੋਵੇ। ਪਾਤਸ਼ਾਹ! ਕੱਲ੍ਹ ਆਪ ਇਕ ਅਣਜਾਣ ਘਰ ਦੇ ਅੱਗੇ ਜਾ ਕੇ, ਉਥੇ ਪ੍ਰਸ਼ਾਦਾ ਛਕਿਆ। ਨਾ ਆਪ ਨੇ ਹੱਥ ਧੋਤੇ ਰਾਸਾਂ ਵਾਲੇ, ਨਾ ਪ੍ਰਸ਼ਾਦਾ ਛਕਣ ਤੋਂ ਬਾਅਦ ਧੋਤੇ, ਤੇ ਨਾ ਇਹ ਦੇਖਿਆ ਕਿ ਇਹ ਜੋ ਪ੍ਰਸ਼ਾਦਾ ਤਿਆਰ ਕੀਤਾ ਗਿਆ ਹੈ, ਸੁੱਚ ਨਾਲ ਤਿਆਰ ਹੋਇਆ ਹੈ ਜਾਂ ਐਵੇਂ ਹੀ ਤਿਆਰ ਹੋਇਆ ਹੈ। ਪਾਤਸ਼ਾਹ! ਮਨ ਵਿਚ ਸ਼ੰਕਾ ਆ ਗਿਆ ਤੇ ਅਸੀਂ ਅੱਜ ਪ੍ਰਸ਼ਾਦਾ ਤਿਆਰ ਕਰਕੇ ਲਿਆਏ ਹਾਂ। ਕਹਿੰਦੇ ਓ, ਪ੍ਰੇਮੀਓ! ਸਾਨੂੰ ਭੁੱਖ ਨਹੀਂ ਹੈ ਪ੍ਰਸ਼ਾਦਿਆਂ ਦੀ। ਸਾਨੂੰ ਜੇ ਭੁੱਖ ਹੈ ਸੱਚੀਮੁਚੀ ਦੀ ਉਹਨੂੰ ਦੁਨੀਆਂ ਨਹੀਂ ਸਮਝਦੀ –

***ਧਾਰਨਾ – ਭਾਉ ਭਗਤ ਦਾ ਭੁੱਖਾ,***
***ਗੋਬਿੰਦ ਭਾਉ ਭਗਤ ਦਾ ਭੁੱਖਾ।***

ਕਹਿੰਦੇ ਪ੍ਰੇਮੀਓ! ਭੁੱਖ ਨਹੀਂ ਸਾਨੂੰ ਲੱਗੀ ਸੀ ਇਹ ਤਾਂ ਜਿਸ ਚੀਜ਼ ਦੇ ਅਸੀਂ ਭੁੱਖੇ ਹਾਂ ਨਾ।

***ਗੋਬਿੰਦ ਭਾਉ ਭਗਤ ਦਾ ਭੁੱਖਾ।***

ਬਿਦਰ ਦੇ ਚਲੇ ਗਏ ਸੀ ਕ੍ਰਿਸ਼ਨ ਮਹਾਰਾਜ ਕੋਈ ਮਰਿਆਦਾ ਦੇਖੀ ਸੀ ਉਨ੍ਹਾਂ ਨੇ। ਭੀਲਣੀ ਦੇ ਘਰ ਸ੍ਰੀ ਰਾਮ ਚੰਦਰ ਜੀ ਨੇ ਕੀ ਖਾਧਾ ਸੀ ਜੂਠੇ ਬੇਰ। ਸੁੱਚ, ਜੂਠ ਹੁੰਦੀ ਹੈ ਪਿਆਰ ਦੇ ਅੰਦਰ? ਤੁਸੀਂ ਨਹੀਂ ਇਹ ਗੱਲ ਸਮਝ ਸਕਦੇ ਪਿਆਰਿਓ। ਪਿਆਰ ਦੇ ਅੰਦਰ ਕੋਈ ਮਰਿਆਦਾ ਨਹੀਂ, ਆਦਿ ਜੁਗਾਦਿ ਤੋਂ ਚਲਿਆ ਆਉਂਦਾ ਹੈ।

ਸੋ ਇਸ ਕਰਕੇ ਵਾਹਿਗੁਰੂ ਜੇ ਭਿੱਜਦਾ ਹੈ, ਗੁਰੂ ਜੇ ਭਿੱਜਦੇ ਨੇ ਤਾਂ ਪਿਆਰ ਨਾਲ ਭਿੱਜਦੇ ਨੇ, ਹੋਰ ਕੋਈ ਚੀਜ਼ ਉਨ੍ਹਾਂ ਨੂੰ ਰਿਝਾਉਣ ਦੀ ਸਮਰੱਥਾ ਨਹੀਂ ਰੱਖਦੀ।

***ਸਾਚੁ ਕਹੋਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਸੋ ਇਸ ਤਰ੍ਹਾਂ ਗੁਰੂ ਹਰਿਰਾਇ ਸਾਹਿਬ ਮਹਾਰਾਜ ਦਾ ਅੱਜ ਗੁਰਿਆਈ ਦਾ ਦਿਨ ਹੈ। ਜਿਨ੍ਹਾਂ ਦੇ ਜੀਵਨ ਦੇ ਵਿਚੋਂ ਇਕ ਪਿਆਰ ਦਾ ਵਰਕਾ ਆਪਾਂ ਪੜ੍ਹਿਆ ਹੈ। ਸੋ ਅੱਜ ਚੇਤ ਦੀ ਸੰਗਰਾਂਦ ਹੈ ਮਹਾਰਾਜ ਕਹਿੰਦੇ ਨੇ –

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥***

ਆਰਾਧਨਾ ਹੁੰਦਾ ਹੈ ਪਿਆਰ ਕਰਨਾ। ਚੇਤ ਦੇ ਅੰਦਰ ਗੋਬਿੰਦ ਨੂੰ ਪਿਆਰ ਕਰੋ, ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

# ਸੰਪਾਦਕੀ

'ਆਤਮ ਮਾਰਗ' ਦੇ ਸੁਹਿਰਦ ਪਾਠਕਾਂ ਨਾਲ ਅੱਜ ਗੁਰਮਤਿ ਦਰਸ਼ਨ ਦੀ ਇਕ ਵਡਮੁੱਲੀ ਵਿਚਾਰ ਸਾਂਝੀ ਕਰਨੀ ਹੈ ਜਿਸ ਬਾਰੇ ਬਾਣੀ ਪੜ੍ਹਨ, ਸੁਣਨ, ਵਿਚਾਰਨ ਵਾਲਿਆਂ ਦੇ ਮਨ ਵਿਚ ਇਕ ਸ਼ੰਕਾ ਉਤਪੰਨ ਹੁੰਦਾ ਹੈ। ਉਹ ਸ਼ੰਕਾ ਇਹ ਹੈ ਕਿ ਇਕ ਪਾਸੇ ਗੁਰਬਾਣੀ ਵਿਚ ਇਹ ਕਿਹਾ ਗਿਆ ਹੈ ਕਿ ਵਾਹਿਗੁਰੂ ਇਸ ਸ੍ਰਿਸ਼ਟੀ ਦਾ ਕਰਤਾ (ਬਣਾਉਣ ਵਾਲਾ) ਚਲਾਉਣ ਵਾਲਾ ਤੇ ਹਰਤਾ (ਸਮੇਟਣ ਵਾਲਾ) ਹੈ, ਮਨੁੱਖ ਦੇ ਆਪਣੇ ਹੱਥ ਕੁਝ ਨਹੀਂ। ਜਿਵੇਂ ਗੁਰ ਫੁਰਮਾਨ ਹੈ –

***ਸਗਲ ਸਮਗਰੀ ਤੁਮਰੈ ਸੂਤ੍ਰਿ ਧਾਰੀ॥***
***ਤੁਮ ਤੇ ਹੋਇ ਸੁ ਆਗਿਆਕਾਰੀ॥***

ਅਰਥਾਤ ਸਾਰੇ ਬ੍ਰਹਿਮੰਡ ਦੀ ਕਿਰਿਆ ਤੇਰੇ ਨਿਯੰਤਰਣ ਵਿਚ ਹੈ। ਤੇਰੇ ਤੋਂ ਹੀ ਪੈਦਾ ਹੋਈ ਹੈ ਅਤੇ ਤੇਰੀ ਆਗਿਆ ਵਿਚ ਚਲ ਰਹੀ ਹੈ।

***ਕਰਨ ਕਰਾਵਨ ਆਪੇ ਆਪਿ***
***ਸਦਾ ਸਦਾ ਨਾਨਕ ਹਰਿ ਜਾਪਿ॥ ਅੰਕ – 279***

ਅਰਥਾਤ ਰਚਨਾ ਨੂੰ ਸਿਰਜਣ ਵਾਲਾ ਅਤੇ ਚਲਾਉਣ ਵਾਲਾ ਉਹ ਵਾਹਿਗੁਰੂ ਆਪ ਹੀ ਹੈ।

***ਮਾਰੈ ਰਾਖੈ ਏਕੋ ਆਪਿ॥***
***ਮਾਨੁਖ ਕੈ ਕਿਛੁ ਨਾਹੀ ਹਾਥਿ॥ ਅੰਕ – 281***

ਅਰਥਾਤ ਹਰੇਕ ਰੂਪ ਨੂੰ ਖਤਮ ਕਰਨ ਵਾਲਾ ਪ੍ਰਭੂ ਆਪ ਹੈ। ਮਨੁੱਖ ਦੇ ਹੱਥ ਵਿਚ ਕੋਈ ਸ਼ਕਤੀ ਜਾਂ ਸੁਤੰਤਰਤਾ ਨਹੀਂ।

ਇਹ ਵੀ ਕਿਹਾ ਗਿਆ ਹੈ ਕਿ ਜੀਵ ਉਹੋ ਕੁਝ ਕਰਦਾ ਹੈ ਜੋ ਵਾਹਿਗੁਰੂ ਉਸ ਤੋਂ ਕਰਾਉਣਾ ਲੋੜਦੇ ਹਨ, ਉਹ ਆਪਣੇ ਆਪ ਕੁਝ ਨਹੀਂ ਕਰਦਾ, ਨਾ ਕਰ ਸਕਦਾ ਹੈ। ਗੁਰਵਾਕ ਹੈ –

***ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥***
***ਅੰਕ – 134***

ਇਸ ਭਾਵ ਨੂੰ ਹੋਰ ਸਪਸ਼ਟ ਕਰਦਿਆਂ ਕਿਹਾ ਹੈ ਕਿ ਮਨੁੱਖ ਤਾਂ ਮਿੱਟੀ ਦਾ ਪੁਤਲਾ ਹੈ, ਆਪਣੇ ਆਪ ਕੁਝ ਵੀ ਕਰਨ ਦੀ ਸਮਰਥਾ ਨਹੀਂ ਰਖਦਾ। ਇਸ ਨੂੰ ਸਿਰਜਣ ਵਾਲਾ, ਖਿਡਾਵਣ ਵਾਲਾ ਜਾਣਦਾ ਹੈ ਕਿ ਇਸ ਤੋਂ ਕੀ ਕੰਮ ਕਰਵਾਉਣਾ ਹੈ। ਮਨੁੱਖ ਤਿਵੇਂ ਹੀ ਕਿਰਿਆਸ਼ੀਲ ਹੁੰਦਾ ਹੈ। ਪੁਤਲੀਆਂ ਦੇ ਹੱਥ ਕੀ ਹੈ? ਕੁਝ ਵੀ ਨਹੀਂ। ਇਨ੍ਹਾਂ ਨੂੰ ਨਚਾਉਣ ਵਾਲੇ ਦੇ ਹੱਥ ਡੋਰ ਹੁੰਦੀ ਹੈ। ਜਿਸ ਤਰ੍ਹਾਂ ਤੰਦਾਂ ਖਿਚਦਾ ਹੈ, ਪੁਤਲੀਆਂ ਨਚਦੀਆਂ ਹਨ –

***ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥***
***ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ॥***
***ਅੰਕ – 206***

ਇਨ੍ਹਾਂ ਗੁਰਵਾਕਾਂ ਤੋਂ ਇਹ ਨਿਰਣਾ ਕਰ ਲੈਣਾ ਉਚਿਤ ਨਹੀਂ ਕਿ ਜਦ ਸਭ ਕੁਝ ਵਾਹਿਗੁਰੂ ਨੇ ਹੀ ਕਰਨਾ ਹੈ ਤੇ ਸਾਡੇ ਵਸ ਕੁਝ ਨਹੀਂ ਤਾਂ ਫਿਰ ਉਦਮ ਹਿੰਮਤ, ਮਿਹਨਤ ਕਰਨ ਦੇ ਕੀ ਅਰਥ ਹੋਏ? ਇਹ ਤਾਂ ਸਭ ਨਿਰਾਰਥਕ, ਫਜ਼ੂਲ ਦੀ ਗੱਲ ਹੈ। ਨਾਸਮਝ ਮਨੁੱਖ ਇੰਜ ਆਲਸੀ, ਨਿਰਾਸ਼ਾਵਾਦੀ, ਸੁਸਤ ਤੇ ਵਿਹਲੜ ਵੀ ਬਣ ਸਕਦਾ ਹੈ। ਉਸ ਨੂੰ ਐਸੇ ਗੁਰਵਾਕਾਂ ਨੂੰ ਵਿਚਾਰਨ ਦੀ ਲੋੜ ਹੈ ਜਿਨ੍ਹਾਂ ਵਿਚ ਇਹ ਕਿਹਾ ਗਿਆ ਹੈ ਕਿ ਮਨੁੱਖ ਜੋ ਕਰਦਾ ਹੈ, ਸੋਈ ਭਰਦਾ ਹੈ, ਹਰੇਕ ਕੰਮ ਦਾ ਪ੍ਰਤੀਕਰਮ ਅਵਸ਼ ਹੈ। ਜੋ ਮਨੁੱਖ ਬੀਜਦਾ ਹੈ, ਓਹੀ ਵਢਦਾ ਹੈ, ਇਹ ਵਾਹਿਗੁਰੂ ਜੀ ਦਾ, ਕੁਦਰਤ ਦਾ ਅਟੱਲ ਨਿਯਮ ਹੈ। ਗੁਰਵਾਕ ਹੈ –

***ਪੁੰਨੀ ਪਾਪੀ ਆਖਣੁ ਨਾਹਿ॥***
***ਕਰਿ ਕਰਿ ਕਰਣਾ ਲਿਖਿ ਲੈ ਜਾਹੁ॥***
***ਆਪੇ ਬੀਜਿ ਆਪੇ ਹੀ ਖਾਹੁ॥***

***ਨਾਨਕ ਹੁਕਮੀ ਆਵਹੁ ਜਾਹੁ॥ ਅੰਕ – 4***
***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥***
***ਅੰਕ – 134***

***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ॥ ਅੰਕ – 433***

ਭਾਵ ਇਹ ਹੈ ਕਿ ਮਨੁੱਖ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਅਵੱਸ਼ ਮਿਲਦਾ ਹੈ, ਚੰਗੇ ਕਰਮਾਂ ਦਾ ਚੰਗਾ ਫਲ, ਬੁਰੇ ਕੰਮਾਂ ਦਾ ਬੁਰਾ ਫਲ। ਫਲ ਪ੍ਰਾਪਤੀ ਦਾ ਸਮਾਂ ਘੱਟ ਵੱਧ ਹੋ ਸਕਦਾ ਹੈ ਜਿਵੇਂ ਇਮਲੀ ਨੂੰ ਫਲ ਲੱਗਣ ਤੇ 30 ਸਾਲ ਤੋਂ ਵੱਧ ਸਮਾਂ ਲਗ ਜਾਂਦਾ ਹੈ ਪਰ ਸਾਗ, ਪਾਲਕ, ਮੇਥੀ, ਧਨੀਆਂ ਤੇ ਸਾਰੀਆਂ ਸਬਜ਼ੀਆਂ ਦਿਨਾਂ ਅਤੇ ਮਹੀਨਿਆਂ ਵਿਚ ਹੀ ਪ੍ਰਾਪਤ ਹੋ ਜਾਂਦੀਆਂ ਹਨ। ਇਹ ਵੀ ਨਹੀਂ ਹੁੰਦਾ ਕਿ ਮਨੁੱਖ ਬੀਜੇ ਤਾਂ ਕਿੱਕਰ ਪਰ ਆਸ ਕਰੇ ਦਾਖਾਂ ਦੀ, ਹੱਥ ਵਿਚ ਉਨ ਫੜੀ ਹੈ ਪਰ ਪਹਿਨਣਾ ਚਾਹੁੰਦਾ ਹੈ ਰੇਸ਼ਮ –

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ ਅੰਕ – 1379***

ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਮਨੁੱਖ ਨੂੰ ਆਪਣੇ ਚੰਗੇ ਅਤੇ ਮਾੜੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ। ਪਰ ਵੇਖਣਾ ਤਾਂ ਇਹ ਹੈ ਕਿ ਕੀ ਮਨੁੱਖ ਕੰਮ ਕਰਨ ਵਿਚ ਸੁਤੰਤਰ ਹੈ? ਇਸ ਬਾਰੇ ਚਰਚਾ ਕਰਨ ਤੋਂ ਪਹਿਲਾਂ

ਕੁਝ ਐਸੇ ਗੁਰਵਾਕਾਂ ਨੂੰ ਵੀ ਵਾਚ ਲੈਣਾ ਚਾਹੀਦਾ ਹੈ ਜਿਨ੍ਹਾਂ ਵਿਚ ਮਨੁੱਖ ਨੂੰ ਉਦਮੀ ਹੋਣ ਦੀ, ਪਾਠ ਭਜਨ ਕਰਨ ਦੀ, ਸੇਵਾ ਪਰਉਪਕਾਰ ਕਰਨ ਦੀ ਨਾਮ-ਸਿਮਰਨ ਵਿਚ ਲਗਣ ਦੀ ਬਾਰ-ਬਾਰ ਪ੍ਰੇਰਨਾ ਹੈ। ਜੇ ਮਨੁੱਖ ਨੇ ਕੁਝ ਕਰਨਾ ਹੀ ਨਹੀਂ, ਤਾਂ ਇਸ ਪ੍ਰੇਰਨਾ ਦੇ ਕੀ ਅਰਥ ਹਨ? ਸਪਸ਼ਟ ਹੈ ਕਿ ਇਹ ਪ੍ਰੇਰਨਾ ਵੀ ਜ਼ਰੂਰੀ ਹੈ ਤੇ ਮਨੁੱਖ ਦਾ ਉਦਮੀ ਹੋਣਾ ਵੀ, ਕਿਰਿਆਸ਼ੀਲ ਹੋਣਾ ਵੀ, ਸਿਮਰਨ-ਅਭਿਆਸ ਕਰਨਾ ਵੀ ਅਤੇ ਚੰਗੇ ਕੰਮ, ਚੰਗੀ ਸੰਗਤ, ਪਰਉਪਕਾਰ, ਸੇਵਾ ਵਿਚ ਦਿਲਚਸਪੀ ਲੈਣੀ ਵੀ। ਗੁਰਵਾਕ ਹਨ -

***ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥***
***ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥ ਅੰਕ - 522***

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ ਅੰਕ - 8***

***ਸਾਸਿ ਸਾਸਿ ਸਿਮਰਹੁ ਗੋਬਿੰਦ॥***
***ਮਨ ਅੰਤਰ ਕੀ ਉਤਰੈ ਚਿੰਦ॥ ਅੰਕ - 295***

ਉਪਰੋਕਤ ਵਿਚਾਰਾਂ ਵਿਚ ਕਿਤੇ ਵੀ ਸ੍ਵੈ-ਵਿਰੋਧ ਨਹੀਂ, ਇਹ ਸਭ ਉਪਦੇਸ਼ ਜਗਿਆਸੂ ਦੀ ਵੱਖ-ਵੱਖ ਮਾਨਸਿਕ ਸਥਿਤੀ ਨੂੰ ਸੰਬੋਧਨ ਹਨ। ਜਗਿਆਸੂ ਦੀ ਪਹਿਲੀ ਅਵਸਥਾ ਵਿਚ, ਜਦੋਂ ਅਸੀਂ ਹਉਮੈ ਵਿਚ ਕਿਰਿਆਸ਼ੀਲ ਹੋ ਰਹੇ ਹਾਂ ਅਤੇ ਆਪਣੇ ਸੰਸਕਾਰਾਂ ਅਧੀਨ ਚੰਗੇ ਮਾੜੇ ਕੰਮ ਕਰ ਰਹੇ ਹਾਂ, ਤਾਂ ਸਾਨੂੰ ਐਸੇ ਉਪਦੇਸ਼ ਹੀ ਗ੍ਰਹਿਣ ਕਰਨੇ ਚਾਹੀਦੇ ਹਨ ਜਿਨ੍ਹਾਂ ਵਿਚ ਉਦਮ ਕਰਨ, ਭਲਕੇ ਉਠਣ, ਨਾਮ ਜਪਣ, ਸਿਮਰਨ ਕਰਨ, ਸੇਵਾ ਤੇ ਪਰਉਪਕਾਰ ਕਰਨ, ਬਾਣੀ ਪੜ੍ਹਨ, ਸੰਗਤ ਕਰਨ ਦੇ ਉਪਦੇਸ਼ ਹਨ, ਵਿਸ਼ੇਸ਼ ਤੌਰ ਤੇ ਐਸੇ ਉਪਦੇਸ਼ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥***
***ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥***
***ਅੰਕ - 611***

***ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਅੰਕ - 305***

***ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥***
***ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥***
***ਅੰਕ - 255***

ਜਿਉਂ-ਜਿਉਂ ਮਨੁੱਖ ਸਿਮਰਨ ਵਿਚ ਜੁੜਦਾ ਹੈ, ਅਕਾਲ ਪੁਰਖ ਦੀ ਲੀਲ੍ਹਾ ਦੇ ਭੇਤ ਖੁਲ੍ਹਦੇ ਹਨ, ਹਉਮੈ ਦੀ ਮੈਲ ਘਟਦੀ ਹੈ, ਕਰਤੇ ਦੀ ਕੁਦਰਤ ਦੇ ਰਾਜ਼ਾਂ ਦੀ ਸੋਝੀ ਆਉਂਦੀ ਹੈ, ਬਿਬੇਕ ਬੁੱਧੀ ਰਾਹੀਂ ਸਤਿ ਅਤੇ ਅਸਤਿ ਦੀ ਪਛਾਣ ਹੁੰਦੀ ਹੈ, ਮਨੁੱਖ ਅਸਤਿ (ਕੂੜ) ਨੂੰ ਛੱਡ ਕੇ ਸਤਿ (ਸੱਚ) ਨੂੰ ਗ੍ਰਹਿਣ ਕਰਦਾ ਹੈ, ਉਸ ਨੂੰ ਸੋਝੀ ਆਉਂਦੀ ਹੈ ਕਿ ਪ੍ਰਭੂ ਦੇ ਹੁਕਮ ਵਿਚ ਕਾਇਨਾਤ ਦਾ ਜ਼ਰਾ ਜ਼ਰਾ ਕਿਰਿਆਸ਼ੀਲ ਹੋ ਰਿਹਾ ਹੈ ਤੇ ਉਹ ਵੀ ਇਸ ਹੁਕਮ ਵਿਚ ਹੀ ਉਦਮੀ ਬਣ ਕੇ ਨਾਮ-ਸਿਮਰਨ ਵਿਚ ਲੱਗਿਆ ਹੋਇਆ ਹੈ। ਜਿਹੜਾ ਪ੍ਰਭੂ-ਹੁਕਮ ਪਹਿਲਾਂ ਉਸ ਨੂੰ ਆਪਣਾ ਉਦਮ ਜਾਪਦਾ ਸੀ, ਉਹ ਦਰਅਸਲ ਰੱਬੀ ਹੁਕਮ ਤੇ ਰਜ਼ਾ ਹੀ ਸੀ, ਹਉਮੈ ਦੇ ਅਸਰ ਅਧੀਨ ਉਸ ਨੇ ਉਸ ਉਦਮ ਨੂੰ, ਨਾਮ-ਸਿਮਰਨ ਦੀ ਕਿਰਿਆ ਨੂੰ ਆਪਣਾ (ਹਉਮੈ ਦਾ) ਉਦਮ ਮੰਨ ਲਿਆ ਸੀ। ਜਿਉਂ-ਜਿਉਂ ਹਉਮੈ ਸੂਖਮ ਹੁੰਦੀ ਹੈ ਪੇਤਲੀ ਹੁੰਦੀ ਹੁੰਦੀ, ਘਟਦੀ ਘਟਦੀ ਨਾਮ ਮਾਤਰ ਰਹਿ ਜਾਂਦੀ ਹੈ, ਤਿਵੇਂ ਤਿਵੇਂ ਇਹ ਨਿਸ਼ਚਾ ਦ੍ਰਿੜ੍ਹ ਹੁੰਦਾ ਜਾਂਦਾ ਹੈ ਅਤੇ ਅਨੁਭਵ ਵਿਚ ਸਪਸ਼ਟ ਹੁੰਦਾ ਜਾਂਦਾ ਹੈ ਕਿ ਉਹ ਸਭ ਕੁਝ ਆਪ ਹੀ ਆਪ ਹੈ ਆਪ ਹੀ ਕਰਤਾ ਤੇ ਭੁਗਤਾ ਹੈ। ਮਨੁੱਖ ਦੀ ਸਾਰੀ ਪ੍ਰੇਰਨਾ ਕਿਸੇ ਅਦ੍ਰਿਸ਼ਟ ਸੰਸਾਰ ਤੋਂ ਹੋ ਰਹੀ ਹੈ, ਮਨੁੱਖ ਦਾ ਸੁਲਝਿਆ ਹੋਇਆ ਦਿਮਾਗ ਤੇ ਬੁੱਧੀ ਵੀ ਪ੍ਰਭੂ ਵਲੋਂ ਆ ਰਹੇ ਖਿਆਲਾਂ ਦੀ ਤਰਜਮਾਨੀ ਕਰਦੇ ਹਨ। ਸਾਡਾ ਦਿਮਾਗ ਇਕ ਮਸ਼ੀਨ ਨਿਆਈਂ ਹੈ ਅਤੇ ਉਸ ਨੂੰ ਕਿਰਿਆਸ਼ੀਲ ਕਰਨ ਵਾਲੀ ਸ਼ਕਤੀ ਕੋਈ ਹੋਰ ਹੈ, ਉਹ ਬ੍ਰਹਮ-ਸ਼ਕਤੀ, ਵਾਹਿਗੁਰੂ ਸ਼ਕਤੀ ਹੀ, ਉਸ ਦਾ ਹੁਕਮ ਤੇ ਰਜ਼ਾ ਹੀ ਕਾਇਨਾਤ ਦੇ ਜ਼ਰੇ-ਜ਼ਰੇ ਨੂੰ ਅਤੇ ਮਨੁੱਖ ਨੂੰ ਕਿਰਿਆਸ਼ੀਲ ਕਰ ਰਹੇ ਹਨ। ਇਸ ਲਈ ਇਹ ਕਹਿਣਾ ਬਿਲਕੁਲ ਉਚਿਤ ਹੈ -

***ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥***
***ਅੰਕ - 134***

ਹੁਕਮ ਨੂੰ ਸਮਝੀਏ, ਬੁਝੀਏ ਤਾਕਿ ਬਖਸ਼ਿਸ਼ ਰਾਹੀਂ ਦਾਤੇ ਦੇ ਦਰ ਦੀ ਸੋਝੀ ਪ੍ਰਾਪਤ ਹੋਵੇ -

***ਹਉਮੈ ਬੂਝੈ ਤਾ ਦਰੁ ਸੂਝੈ॥***
***ਗਿਆਨ ਵਿਹੂਣਾ ਕਥਿ ਕਥਿ ਲੂਝੈ॥***
***ਨਾਨਕ ਹੁਕਮੀ ਲਿਖੀਐ ਲੇਖੁ॥***
***ਜੇਹਾ ਵੇਖਹਿ ਤੇਹਾ ਵੇਖੁ॥ ਅੰਕ - 466***

## ਜ਼ਰੂਰੀ ਸੂਚਨਾ

**'ਆਤਮ ਮਾਰਗ ਇਕ ਧਾਰਮਿਕ ਮੈਗਜ਼ੀਨ ਹੈ' ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਛਪੀ ਹੁੰਦੀ ਹੈ। ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਆਪਣੇ ਪੁਰਾਣੇ ਮੈਗਜ਼ੀਨ ਨਹੀਂ ਰੱਖਣਾ ਚਾਹੁੰਦੇ ਤਾਂ, ਤੁਸੀਂ ਆਪਣੇ ਆਤਮ ਮਾਰਗ ਦੇ ਸੇਵਾਦਾਰ ਨੂੰ ਵਾਪਿਸ ਕਰ ਸਕਦੇ ਹੋ ਜਾਂ ਆਤਮ ਮਾਰਗ ਦੇ ਦਫਤਰ ਰਤਵਾੜਾ ਸਾਹਿਬ ਨਾਲ ਇਸ ਫੋਨ ਨੰਬਰ ਤੇ ਸੰਪਰਕ ਕਰੋ ਜੀ।**

**0160-2255002, ਮੋਬਾਇਲ 9417214391**

# ......ਨਾਨਕ ਘਰ ਕੇ ਗੋਲੇ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

***ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥***
***ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ॥***
***ਜਿਹਵਾ ਏਕ ਕਵਨ ਗੁਨ ਕਹੀਐ॥***
***ਬੇਸੁਮਾਰ ਬੇਅੰਤ ਸੁਆਮੀ***
***ਤੇਰੋ ਅੰਤੁ ਨ ਕਿਨ ਹੀ ਲਹੀਐ॥ ਰਹਾਉ॥***
***ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥***
***ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ॥***
***ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥***
***ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥***
***ਅੰਗ - 674***

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਏਸ ਗਰਮੀ ਦੇ ਅੰਦਰ ਵਾਹਿਗੁਰੂ ਜਾਣਦਾ ਹੈ ਕਿ ਆਪ ਕਿੱਡਾ ਤਪ ਕਰ ਰਹੇ ਓਂ। ਦੂਰ-ਦਰਾਜ ਤੋਂ ਚੱਲ ਕੇ ਇਥੇ ਪਹੁੰਚੇ ਓਂ। ਜੋ ਕੁਝ ਗੁਰਬਾਣੀ ਦੇ ਅੰਦਰ ਫੁਰਮਾਨ ਆਇਆ ਹੈ, ਜੋ ਕੁਛ ਮਹਾਂਪੁਰਸ਼ਾਂ ਤੋਂ ਸੁਣਿਆ ਹੈ, ਉਹ ਇਹ ਦਸਦੇ ਨੇ ਕਿ ਜੇ ਕੋਈ ਗੁਰੂ ਵਲ ਨੂੰ ਚੱਲ ਕੇ ਆਉਂਦਾ ਹੈ, ਜਿੰਨੇ ਕੋਈ ਕਦਮ ਪੁੱਟਦਾ ਹੈ, ਓਨੇ ਯੱਗਾਂ ਦਾ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ। ਇਕ ਯੱਗ ਸੰਪੂਰਨ ਕਰਨਾ ਹੋਵੇ ਬੜਾ ਸਮਾਂ ਲਗਦਾ ਹੈ। ਯੱਗ ਇਹਨੂੰ ਨਹੀਂ ਕਹਿੰਦੇ ਕਿ ਲੰਗਰ ਤਿਆਰ ਕਰਕੇ ਛਕਾ ਦਿਤੇ। ਇਹ ਤਾਂ ਹੁਣ ਆ ਕੇ ਗੱਲ ਬਣ ਗਈ। ਪਹਿਲਾਂ ਯੱਗ ਬਹੁਤ ਵੱਡੀ ਗੱਲ ਹੁੰਦੀ ਸੀ। ਬੇਅੰਤ ਪਾਠ ਕੀਤਾ ਜਾਂਦਾ ਸੀ, ਮਹੀਨਿਆਂ ਬੱਧੀ, ਸਾਲਾਂ ਬੱਧੀ, ਸੈਂਕੜੇ ਬੰਦੇ ਲਗਦੇ ਹੁੰਦੇ ਸੀ। ਅੱਗ ਦੇ ਵਿਚ ਅਹੂਤੀਆਂ ਪਾਉਂਦੇ ਸੀ। ਫੇਰ ਵੀ ਇਹ ਪਤਾ ਨਹੀਂ ਸੀ ਯੱਗ ਸੰਪੂਰਨ ਹੋ ਜਾਏਗਾ ਕਿ ਰਹਿ ਜਾਏਗਾ ਵਿਚਾਲੇ।

ਪਾਂਡਵਾਂ ਨੇ ਰਾਜਸੂ ਯੱਗ ਕਰਿਆ, ਸ਼ਰਤ ਇਹ ਰੱਖੀ ਕਿ ਜੇ ਸੰਖ ਆਪਣੇ ਆਪ ਵੱਜ ਗਿਆ ਤਾਂ ਸਮਝਿਆ ਜਾਵੇਗਾ ਕਿ ਇਹ ਯੱਗ ਸੰਪੂਰਨ ਹੋ ਗਿਆ। ਜੇ ਨਾ ਵੱਜਿਆ, ਫੇਰ ਕੋਈ ਵਿਘਨ ਪੈ ਗਿਆ। ਵਿਘਨ ਪੈ ਵੀ ਜਾਂਦੇ ਨੇ ਸਾਧਸੰਗਤ ਜੀ, ਪਤਾ ਲਗ ਜਾਂਦਾ ਹੈ ਕਿ ਵਿਘਨ ਪੈ ਗਿਆ ਕਿ ਨਹੀਂ ਪੈ ਗਿਆ। ਕੋਈ ਮੂਹਰੇ ਨਿਸ਼ਾਨਾ ਹੁੰਦਾ ਹੈ, ਜੇ ਤਾਂ ਉਹ ਪੂਰਾ ਹੋ ਗਿਆ ਤਾਂ ਤਾਂ ਠੀਕ ਹੈ। ਸਭ ਤੋਂ ਵੱਡਾ ਯੱਗ ਹੈ ਨਾ ਦੁਨੀਆਂ 'ਚ, ਉਹਨੂੰ ਗਿਆਨ ਦਾ ਯੱਗ ਕਹਿੰਦੇ ਨੇ। ਉਸ ਦੇ ਹੇਠਾਂ ਬਹੁਤ ਵੱਡੇ ਫਲ ਨੇ। ਪਰ ਗਿਆਨ ਦਾ ਯੱਗ ਸਭ ਤੋਂ ਵੱਡਾ ਹੁੰਦਾ ਹੈ। ਇਹਦਾ ਮੁਕਾਬਲਾ ਕੋਈ ਕਰ ਨਹੀਂ ਸਕਦਾ। ਗਿਆਨ ਦਾ ਯੱਗ ਕਿਵੇਂ ਹੋਵੇ? ਗੁਰੂ ਗ੍ਰੰਥ ਸਾਹਿਬ ਮਹਾਰਾਜ ਗਿਆਨ ਨੇ ਆਪ, ਗਿਆਨ ਦਾ ਸਰੂਪ ਨਹੀਂ ਹੈਗੇ, ਗਿਆਨ ਨੇ। ਗਿਆਨ ਦਾ ਸਰੂਪ ਹੋਰ ਹੁੰਦਾ ਹੈ, ਗਿਆਨ ਹੋਰ ਹੁੰਦਾ ਹੈ। ਇਨ੍ਹਾਂ ਦੀ ਜੋ ਬਾਣੀ ਹੈ ਇਹ ਸੱਚ ਕਰਕੇ ਜਾਣੋ। ਇਹਦੀ ਕੀਮਤ ਤਾਂ ਪਾਈ ਨਹੀਂ ਜਾਣੀ ਕਿਸੇ ਤੋਂ ਵੀ। ਸ਼ਾਇਦ ਅੱਗੇ ਕੋਈ ਜ਼ਮਾਨਾ ਆ ਜਾਵੇ, ਵਾਹਿਗੁਰੂ ਦਿਮਾਗ ਦੇ ਵਿਚ ਕੋਈ ਐਸੀ ਸੋਝੀ ਦੇ ਦੇਵੇ। ਨਹੀਂ ਤਾਂ ਇਹ ਬਾਣੀ ਐਨੀ ਬੇਅੰਤ ਹੈ, ਸਾਰੀ ਜ਼ਿੰਦਗੀ ਮੈਨੂੰ ਖੋਜਦੇ ਨੂੰ ਲੰਘ ਗਈ। ਜਿਉਂ-ਜਿਉਂ ਮੈਂ ਗਹਿਰਾ ਉਤਰਦਾ ਹਾਂ ਤਿਉਂ-ਤਿਉਂ ਮੈਂ ਬਿਲਕੁਲ ਅਣਜਾਣ ਬਣਦਾ ਜਾਂਦਾ ਹਾਂ ਕਿ ਮੈਨੂੰ ਤਾਂ ਆਉਂਦਾ ਹੀ ਕੁਛ ਨਹੀਂ। ਕਿਉਂਕਿ ਐਨੀ ਵਿਸ਼ਾਲ ਹੁੰਦੀ ਜਾਂਦੀ ਹੈ, ਇਹਦਾ ਭਾਵ ਐਨਾ ਵੱਡਾ ਫੈਲਦਾ ਜਾਂਦਾ ਹੈ ਕਿ ਨਿੱਕਾ ਜਿਹਾ ਬੱਚਾ ਬਣ ਕੇ ਆਦਮੀ ਰਹਿ ਜਾਂਦਾ ਹੈ। ਇਹਦੀ ਮਹਿਮਾ ਨੂੰ ਕੋਈ ਨਹੀਂ ਜਾਣ ਸਕਦਾ ਕਿਉਂਕਿ ਅਕਾਲ ਪੁਰਖ ਦੀ ਬਾਣੀ ਹੈ ਇਹ। ਗੁਰੂਆਂ ਦੇ ਰਾਹੀਂ ਇਹਦਾ ਪ੍ਰਕਾਸ਼ ਹੋਇਆ ਹੈ। ਜਿੱਥੇ ਇਹ ਬਾਣੀ ਦਾ ਉਚਾਰਨ ਹੁੰਦਾ ਹੋਏਗਾ, ਜਿਵੇਂ ਤੁਸੀਂ ਸੰਗਤ ਬੈਠੇ ਓਂ ਐਸ ਤਰ੍ਹਾਂ ਸੁਣਦੇ ਹੋਵੋਂਗੇ, ਇਹ ਸਭ ਤੋਂ ਸ੍ਰੇਸ਼ਟ ਯੱਗ ਹੁੰਦਾ ਹੈ। ਆਪਾਂ ਅਖੰਡਪਾਠ ਕਹਿ ਦਿੰਦੇ ਹਾਂ। ਲੇਕਿਨ ਇਹ ਗਿਆਨ ਦਾ ਯੱਗ ਹੈ। ਜਿਥੇ ਕੋਈ ਤੱਤ ਬੇਤਾ ਮਹਾਂਪੁਰਸ਼ ਮਾਇਆ ਦੀਆਂ ਮੰਜ਼ਲਾਂ ਲੰਘ ਕੇ, ਆਤਮ ਮੰਡਲ ਵਿਚ 'ਚ ਪ੍ਰਵੇਸ਼ ਕਰਕੇ ਬਚਨ ਕਰਦਾ ਹੋਏਗਾ, ਉਹ ਗਿਆਨ ਦਾ ਯੱਗ ਹੁੰਦਾ ਹੈ। ਇਸ ਤੋਂ ਹੇਠਾਂ-ਹੇਠਾਂ ਯੱਗ ਬਹੁਤ ਨੇ। ਉਨ੍ਹਾਂ ਦਾ ਵੀ ਫਲ ਬਹੁਤ ਹੈ। ਆਪਣਾ ਸਰੀਰ ਕਿਸੇ ਲੇਖੇ ਵਿਚ ਲਾ ਦੇਣਾ। ਜਿਹਨੂੰ ਅਸੀਂ ਕਹਿੰਦੇ ਹਾਂ ਸ਼ਹੀਦ ਹੋ ਗਿਆ। ਉਹਨੇ ਆਪਣੇ ਸਰੀਰ ਦਾ ਤੇ ਪ੍ਰਾਣਾਂ ਦਾ ਯੱਗ ਕਰ ਦਿਤਾ। ਇਹ ਵੀ ਬਹੁਤ ਵੱਡਾ ਯੱਗ ਹੈ। ਇਸ ਤਰ੍ਹਾਂ ਦੇ ਨਾਲ ਹੇਠਲੇ ਯੱਗ ਤੁਰੇ ਆਉਂਦੇ ਨੇ। ਬੇਅੰਤ ਕਿਸਮ ਦੇ ਯੱਗ ਨੇ, ਕੋਈ ਹਿਸਾਬ ਕਿਤਾਬ ਜਿਹਾ ਨਹੀਂ ਹੈਗਾ ਇਹਦਾ। ਪ੍ਰਸ਼ਾਦੇ ਦਾ ਯੱਗ ਹੈ ਉਹ ਵੀ ਬਹੁਤ ਵੱਡੀ ਚੀਜ਼ ਹੈ। ਪਰ ਮਹਾਰਾਜ ਕਹਿੰਦੇ ਜਿਹੜਾ ਵੱਡੇ ਤੋਂ ਵੱਡਾ ਯੱਗ ਹੈ ਨਾ ਉਹਦਾ ਫਲ ਕਿੰਨਾ ਹੈ ਜੇ ਕੋਈ ਮਨ ਚਿੱਤ ਲਾ ਕੇ ਹਿਰਦੇ 'ਚ ਵਸਾ ਲਵੇ।

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ - 546***

ਇਕ ਤਾਂ ਇਹ ਗਿਆਨ ਦਾ ਯੱਗ ਹੈ ਵੈਸੇ ਹੀ ਇਹਦਾ ਫਲ ਜ਼ਿਆਦਾ ਹੈ। ਜਿਹੜੇ ਸੁਣਦੇ ਨੇ ਤੇ ਹਿਰਦੇ 'ਚ ਵਸਾਉਂਦੇ ਨੇ। ਫਰਕ ਹੈ ਥੋੜ੍ਹਾ ਜਿਹਾ। ਹਿਰਦੇ 'ਚ ਵਸਾਉਣਾ ਬਹੁਤ ਮੁਸ਼ਕਲ ਹੈ।

ਸੋ ਤੁਸੀਂ ਐਸੇ ਯੱਗ ਦੇ ਵਿਚ ਆਉਂਦੇ ਓਂ ਕਿ ਫਲ ਦਾ ਪਤਾ ਕਦੋਂ ਲੱਗੇਗਾ ਕਿ ਫਲ ਮਿਲ ਗਿਆ। ਇਕ ਗੱਲ ਕਰਿਓ ਕਦੇ ਅਭਿਮਾਨ ਨਾ ਕਰਿਓ ਕਿ ਮੈਂ ਐਨੇ ਸਾਲ ਸਤਿਸੰਗ ਕਰੇ ਨੇ। ਫੇਰ ਤਾਂ ਇਹਦਾ ਫਲ ਮਿਲ ਜਾਏਗਾ ਹੁਣੇ ਹੀ। ਨਹੀਂ ਇਹ ਦਰਗਾਹ 'ਚ ਜਮ੍ਹਾਂ ਹੋਣੇ ਸ਼ੁਰੂ ਹੋ ਜਾਂਦੇ ਨੇ ਤੇ ਜਦੋਂ ਬੰਦਾ ਇਥੋਂ ਜਾਂਦਾ ਹੈ ਫੇਰ ਪਤਾ ਲਗਦਾ ਹੈ-

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥***
***ਇਹੁ ਵਾਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥ ਅੰਗ - 283***

ਬੇਨਤੀ ਆਪਾਂ ਕੀਤੀ ਹੈ ਕਿ ਹੇ ਗੁਰੂ ਮਹਾਰਾਜ! ਸਾਨੂੰ ਗੋਲੇ ਰੱਖ ਲੈ, ਗੁਲਾਮ ਰੱਖ ਲੈ ਆਪਣੇ ਘਰ ਦਾ। ਮਹਾਰਾਜ ਕਹਿੰਦੇ ਨੇ ਤੂੰ ਕਹਿ ਤਾਂ ਦਿੱਤਾ ਬੜਾ ਸੁਖਾਲਾ ਜਿਹਾ, ਪਰ ਤੈਨੂੰ ਪਤਾ ਹੈ ਕਿ ਗੁਲਾਮ ਹੁੰਦਾ ਕੀ ਹੈ? ਗੁਲਾਮ ਵਿਕਿਆ ਹੋਇਆ ਬੰਦਾ ਹੁੰਦਾ ਹੈ। ਕੋਈ ਦੁਨੀਆਂ ਦਾ ਕਾਨੂੰਨ ਨਹੀਂ ਜਿਹੜਾ ਗੁਲਾਮ ਦੀ ਰਾਖੀ ਕਰ ਦੇਵੇ। ਗੁਲਾਮ ਦੀ ਕੋਈ ਮੰਗ ਨਹੀਂ ਹੁੰਦੀ।

ਇਬਰਾਹੀਮ ਆਦਮ ਇਕ ਬਹੁਤ ਵੱਡਾ ਰੂਹਾਨੀ ਬਾਦਸ਼ਾਹ ਹੋਇਆ ਹੈ। ਬਾਅਦ ਵਿਚ ਸੂਫੀ ਪੀਰ ਬਣਿਆ ਉਹ, ਬਲਖ ਬੁਖਾਰੇ ਦੇ ਰਹਿਣ ਵਾਲਾ ਸੀ। ਉਨ੍ਹਾਂ ਦਿਨਾਂ ਵਿਚ ਗੁਲਾਮ ਆਮ ਖਰੀਦਦੇ ਸੀ ਜਿਵੇਂ ਆਪਾਂ ਡੰਗਰ ਖਰੀਦਦੇ ਹਾਂ ਐਵੇਂ ਚੰਗੇ ਪੈਸੇ ਵਾਲੇ ਬੰਦੇ ਗੁਲਾਮ ਖਰੀਦ ਲਿਆਂਦੇ ਸੀ। ਉਨ੍ਹਾਂ ਨੂੰ ਗੋਲੇ ਵੀ ਕਹਿੰਦੇ ਸੀ, ਦਾਸ ਵੀ ਕਹਿੰਦੇ ਸੀ। ਗੁਰੂ ਨਾਨਕ ਪਾਤਸ਼ਾਹ ਆਪ ਵਿਕੇ ਤਿੰਨ ਵਾਰੀ, ਉਨ੍ਹਾਂ ਨੂੰ ਛੁਡਾਉਣ ਵਾਸਤੇ। ਜਦੋਂ ਉਸ ਨੂੰ ਦੇਖਿਆ ਉਨ੍ਹਾਂ ਨੇ ਘਰ ਵਿਚ, ਬੋਲਦੇ ਚਾਲਦੇ, ਤੁਰਦੇ ਫਿਰਦੇ ਨੂੰ। ਕਹਿਣ ਲੱਗੇ ਕਿ ਬੰਦਾ ਕੋਈ ਬਹੁਤ ਸੋਝੀ ਵਾਲਾ ਲਗਦਾ ਹੈ। ਉਹਨੂੰ ਬੁਲਾ ਲਿਆ। ਕਹਿਣ ਲੱਗੇ, "ਐ ਗੁਲਾਮ! ਤੈਨੂੰ ਮੈਂ ਦੇਖ ਕੇ ਇਹ ਅੰਦਾਜ਼ਾ ਲਾਇਆ ਹੈ ਕਿ ਤੂੰ ਕਿਸੇ ਬਹੁਤ ਅੱਛੇ ਸੁਲਝੇ ਹੋਏ ਘਰ ਦਾ ਪੁਰਸ਼ ਹੈਂ। ਗੁਲਾਮ ਹੋ ਗਿਆ, ਅਸੀਂ ਖਰੀਦ ਲਿਆ ਤੈਨੂੰ। ਪਰ ਅਸੀਂ ਤੈਨੂੰ ਕੁਛ ਅਧਿਕਾਰ ਦਿੰਦੇ ਹਾਂ। ਹੱਕ ਹਕੂਕ ਦਿੰਦੇ ਹਾਂ। ਇਕ ਤਾਂ ਇਹ ਦੱਸ ਕਿ ਤੇਰਾ ਨਾਉਂ ਕੀ ਹੈ ਅਸੀਂ ਕੀ ਕਹਿ ਕੇ ਬੁਲਾਇਆ ਕਰੀਏ? ਉਸ ਨੇ ਕਿਹਾ ਗੁਲਾਮ ਦਾ ਨਾਮ ਕੋਈ ਹੁੰਦਾ ਹੀ ਨਹੀਂ। ਨਾਉਂ ਤਾਂ ਆਜ਼ਾਦ ਬੰਦੇ ਦਾ ਹੁੰਦਾ ਹੈ। ਕਹਿਣ ਲੱਗੇ, ਦੂਸਰਾ ਇਹ ਦੱਸ ਤੂੰ ਕਿ ਤੂੰ ਕੀ ਖਾਣਾ ਪੀਣਾ ਚਾਹੁੰਦਾ ਹੈਂ। ਸਵੇਰ ਦਾ ਖਾਣਾ ਕਦੋਂ ਖਾਣਾ ਚਾਹੁੰਦਾ ਹੈਂ, ਦਿਨ ਦਾ ਕਦੋਂ, ਰਾਤ ਦਾ ਕਦੋਂ। ਤੀਸਰਾ ਇਹ ਦੱਸ ਕਿ ਤੂੰ ਕੱਪੜੇ ਕਿਹੋ ਜਿਹੇ ਪਹਿਨਣਾ ਚਾਹੁੰਦਾ ਹੈਂ? ਚੌਥਾ ਇਹ ਦੱਸ ਕਿ ਤੂੰ ਸੌਣਾ ਕਦੋਂ ਚਾਹੁੰਦਾ ਹੈਂ, ਜਾਗਣਾ ਕਦੋਂ ਚਾਹੁੰਦਾ ਹੈਂ? ਮੈਂ ਉਵੇਂ ਜਿਵੇਂ ਹੁਕਮ ਦੇ ਦੇਵਾਂਗਾ। ਉਹ ਕਹਿਣ ਲੱਗਿਆ ਕਿ ਹਜ਼ੂਰ! ਮੈਂ ਤਾਂ ਗੁਲਾਮ ਹਾਂ ਮੇਰਾ ਤਾਂ ਕੋਈ ਹੱਕ ਨਹੀਂ ਹੈ। ਮੇਰਾ ਜਿਹੜਾ ਨਾਉਂ ਤੁਹਾਨੂੰ ਚੰਗਾ ਲਗਦਾ ਹੈ, ਉਹ ਰੱਖ ਲਓ। ਖਾਣ ਨੂੰ ਜਿਹੋ ਜਿਹਾ ਦੇ ਦਿਓਂਗੇ ਮੈਂ ਖਾ ਲਵਾਂਗਾ। ਚਾਹੇ ਬੇਹੀਆਂ ਦੇ ਦਿਓ, ਚਾਹੇ ਜੂਠਾ ਦੇ ਦਿਓ, ਚਾਹੇ ਸੁੱਚਾ ਦੇ ਦਿਓ। ਮੇਰਾ ਕੋਈ ਘਰ ਨਹੀਂ ਰਿਹਾ, ਹੁਣ ਮੈਂ ਵਿਕ ਗਿਆ। ਕੱਪੜੇ ਜਿਹੋ ਜਿਹੇ ਤੁਹਾਡੀਆਂ ਅੱਖਾਂ ਨੂੰ ਚੰਗੇ ਲਗਦੇ ਨੇ ਉਹ ਦੇ ਦਿਓ। ਪਾਟੇ ਹੋਏ ਅੱਛੇ ਲਗਦੇ ਨੇ, ਉਹ ਠੀਕ ਹੈ। ਜਦੋਂ ਤੁਸੀਂ ਕਹਿ ਦਿਓਂਗੇ ਜਾ ਕੇ ਸੌਂ ਜਾ, ਸੌਂ ਜਾਇਆ ਕਰਾਂਗਾ। ਜਦੋਂ ਹਾਕ ਮਾਰ ਲਈ ਉਠ ਜਾਇਆ ਕਰਾਂਗਾ।

ਸੋ ਆਪਾਂ ਬੜੀ ਅਰਦਾਸ ਕਰੀ ਹੈ ਕਿ ਹੇ ਸੱਚੇ ਪਾਤਸ਼ਾਹ! ਆਪਣੇ ਘਰ ਦੇ ਗੋਲੇ ਰੱਖ ਲੈ ਸਾਨੂੰ। ਗੁਲਾਮ ਬਣਾ ਲੈ। ਪੜ੍ਹ ਤਾਂ ਆਪਾਂ ਲਿਆ, ਤਿਆਰ ਨਹੀਂ ਹਾਂ ਅਸੀਂ ਏਸ ਗੱਲ ਤੱਕ ਜਾਣ ਨੂੰ।

ਕਿਉਂਕਿ ਗੁਲਾਮ ਦੀ ਤਾਂ ਕੋਈ ਮੰਗ ਹੀ ਨਹੀਂ ਹੁੰਦੀ। ਚਾਹੇ ਉਹਦੇ ਰੋਜ਼ ਹੰਟਰ ਲੱਗਣੇ ਸ਼ੁਰੂ ਹੋ ਜਾਣ, ਚਾਹੇ ਉਹਨੂੰ ਸ਼ਾਬਾਸ਼ ਦੇ ਦੇਣ, ਕੋਈ ਮੰਗ ਨਹੀਂ ਹੁੰਦੀ।

ਅਸੀਂ ਕਹਿ ਤਾਂ ਦਿੱਤਾ ਕਿ ਸਾਨੂੰ ਗੁਲਾਮ ਬਣਾ ਲੈ, ਪਰ ਸਾਡੇ ਅੰਦਰ ਇਕ ਐਸਾ ਅੜਿੱਕਾ ਹੈ ਨਾ, ਜਿਹੜਾ ਕਦੇ ਵੀ ਸਹਿਮਤ ਨਹੀਂ ਹੋ ਸਕਦਾ ਇਸ ਗੱਲ ਦੇ ਨਾਲ। ਉਹ ਅੜਿੱਕਾ ਹੈ ਮੈਂ ਦਾ ਕਿ ਮੇਰੇ ਤੋਂ ਇਹ ਕੰਮ ਕਰਾਉਂਦੇ ਨੇ। ਉਹ ਤਾਂ ਮਹਾਂਪੁਰਸ਼ ਜਿਨ੍ਹਾਂ ਨੇ ਤਾਰਨਾ ਹੁੰਦਾ ਹੈ ਨਾ, ਸਾਰੇ ਨਹੀਂ ਕਰਦੇ ਮਹਾਂਪੁਰਸ਼, ਮਹਾਂਪੁਰਸ਼ ਵੀ ਆਪਣੇ ਕੋਲ ਬੜਾ ਕੁਛ ਬਚਾ ਕੇ ਰਖਦੇ ਨੇ। ਆਪਣਾ ਭੇਤ ਨਹੀਂ ਦਿੰਦੇ ਹੁੰਦੇ ਕਿਸੇ ਨੂੰ।

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥***
***ਅੰਗ - 1384***

ਉਹ ਚੇਲੇ ਚਾਟੜੇ ਨਹੀਂ ਬਣਾਉਂਦੇ ਕਿ ਵਿਘਨ ਪੈ ਜਾਣਗੇ, ਹਜ਼ਾਰਾਂ ਹੀ ਲਗਾਓ ਲਗ ਜਾਣਗੇ, ਘਰ ਛੱਡਿਆ ਬਾਰ ਛੱਡਿਆ, ਬਾਹਰ ਆ ਕੇ ਫੇਰ ਚੇਲੇ ਬਣਾ ਲਓ। ਸਾਥੀ ਬਣਾਉਂਦੇ ਨੇ। ਸੰਗਤ ਬਣਾ ਲੈਂਦੇ ਨੇ। ਵਿਚੇ ਆਪ ਰਲੇ ਰਹਿੰਦੇ ਨੇ। ਕਈ ਮਹਾਂਪੁਰਸ਼ ਹੁੰਦੇ ਨੇ ਕਿ ਉਹ ਜਗਿਆਸੂ ਨੂੰ ਤਾਰਨ ਵਾਸਤੇ ਇਹੋ ਜਿਹੇ ਕਾਰਜ ਕਰਾਂਦੇ ਨੇ ਤਾਕਿ ਇਹਦੇ ਅੰਦਰੋਂ ਮੈਂ ਮਰ ਜਾਵੇ। ਪਰ ਇਹ ਹੈ ਬੜੀ ਔਖੀ। ਇਹੀ ਰਾਜਾ ਸੀ ਜਿਹੜਾ ਕਬੀਰ ਸਾਹਿਬ ਕੋਲ ਜਾ ਕੇ ਛੇ ਸਾਲ ਇਹਨੇ ਬੜੀ ਸੇਵਾ ਕਰੀ। ਸਾਧੂ ਬਣ ਗਿਆ। ਮਾਤਾ ਲੋਈ ਜੀ ਨੇ ਕਿਹਾ ਕਿ ਇਹਨੂੰ ਤੁਸੀਂ ਦੀਖਸ਼ਿਤ ਨਹੀਂ ਕੀਤਾ। ਦੀਖਸ਼ਿਤ ਸੰਤ ਕਿਸੇ-ਕਿਸੇ ਨੂੰ ਕਰਦੇ ਹੁੰਦੇ ਨੇ। ਸਾਰਿਆਂ ਦੀ ਤਾਂ ਵਾਰੀ ਨਹੀਂ ਆਉਂਦੀ, ਕਿਉਂਕਿ ਉਸ ਥਾਂ ਪਹੁੰਚੇ ਨਹੀਂ ਹੁੰਦੇ। ਸੰਤਾਂ ਨੂੰ ਪਤਾ ਹੁੰਦਾ ਹੈ ਕਿ ਜਿਹੜੀ ਗੱਲ ਅਸੀਂ ਕਹਿਣੀ ਹੈ ਇਹਨੇ ਸਾਂਭ ਨਹੀਂ

ਸਕਣੀ। ਉਹ ਚੁੱਪ ਰਹਿੰਦੇ ਨੇ। ਕੋਈ ਗੱਲ ਹੀ ਨਹੀਂ ਕਰਦੇ ਇਸ ਮਾਮਲੇ ਦੇ ਉਤੇ।

ਮਾਤਾ ਲੋਈ ਜੀ ਕਹਿਣ ਲੱਗੇ ਕਿ ਮਹਾਰਾਜ! ਤੁਸੀਂ ਇਹਨੂੰ ਅਜੇ ਤੱਕ ਦੀਖਸ਼ਿਤ ਨਹੀਂ ਕਰਿਆ। ਇਹਨੂੰ ਦੀਕਸ਼ਾ ਨਹੀਂ ਦਿੱਤੀ। ਕਹਿੰਦੇ ਲੋਈ, ਅਜੇ ਇਹ ਕਾਬਲ ਨਹੀਂ ਹੋਇਆ, ਰਾਜਾ ਰਿਹਾ ਹੈ ਅਜੇ ਇਹਦੇ ਵਿਚੋਂ ਮੈਂ ਨਹੀਂ ਮਰੀ।

ਕਹਿੰਦੀ ਇਹ ਤਾਂ ਝਾੜੂ ਦਿੰਦਾ ਹੈ, ਸਾਧੂਆਂ ਦੇ ਬਸਤਰ ਧੋਂਦਾ ਹੈ, ਜੂਠੇ ਬਰਤਨ ਮਾਂਜਦਾ ਹੈ, ਸੇਵਾ ਕਰਦਾ ਹੈ, ਲੱਤਾਂ ਘੁੱਟਦਾ ਹੈ, ਇਸ਼ਨਾਨ ਲਈ ਪਾਣੀ ਲਿਆ-ਲਿਆ ਕੇ ਦਿੰਦਾ ਹੈ।

ਕਹਿੰਦੇ ਉਹ ਠੀਕ ਹੈ, ਪਰ ਅਜੇ ਇਹਦੇ ਵਿਚ ਮੈਂ ਬਹੁਤ ਹੈ।

ਕਹਿਣ ਲੱਗੀ, ਮਹਾਰਾਜ! ਪਤਾ ਕਿਵੇਂ ਲੱਗੇ?

ਕਹਿੰਦੇ ਜਦੋਂ ਅੱਜ ਗੰਗਾ ਤੋਂ ਇਸ਼ਨਾਨ ਕਰਕੇ ਆਏਗਾ ਨਾ, ਘਰ ਦਾ ਸਾਰਾ ਕੂੜਾ ਇਹਦੇ ਸਿਰ ਵਿਚ ਪਾ ਦੇਵੀਂ, ਕੋਠੇ ਤੇ ਖੜ੍ਹ ਕੇ।

ਉਸੇ ਤਰ੍ਹਾਂ ਕਰਿਆ ਉਹਨੇ। ਜਦੋਂ ਕੂੜਾ ਪਿਆ, ਇਕ ਦਮ ਉਤੇ ਨੂੰ ਦੇਖਿਆ, ਮੂੰਹ 'ਚੋ ਜ਼ਬਰਦਸਤੀ ਨਿਕਲ ਗਿਆ ਕਿ ਹੁੰਦਾ ਨਾ ਮੈਂ ਅੱਜ ਬਲਖਬੁਖਾਰੇ, ਮੇਰੇ ਤੇ ਕੋਈ ਕੂੜਾ ਪਾ ਕੇ ਦਿਖਾਉਂਦਾ। ਐਨੇ ਨੂੰ ਆ ਗਈ ਸੋਝੀ ਕਿ ਮੈਂ ਕਿਹੜਾ ਹੁਣ ਬਾਦਸ਼ਾਹ ਹਾਂ। ਮੈਂ ਤਾਂ ਇਥੋਂ ਭੀਖ ਮੰਗਦਾ ਹਾਂ। ਵੱਡੀ ਤੋਂ ਵੱਡੀ ਦਾਤ ਪ੍ਰਾਪਤ ਕਰਨ ਆਇਆ ਹਾਂ। ਜਿਹੜੀ ਬਾਦਸ਼ਾਹਾਂ ਦੇ ਕੋਲ ਵੀ ਨਹੀਂ ਹੁੰਦੀ। ਚੁੱਪ ਕਰ ਗਿਆ। ਗਲਤੀ ਮਹਿਸੂਸ ਕਰ ਲਈ।

ਛੇ ਸਾਲ ਫੇਰ ਲੰਘ ਗਏ। ਕਬੀਰ ਸਾਹਿਬ ਕਹਿਣ ਲੱਗੇ, ਲੋਈ! ਹੁਣ ਮਰ ਗਿਆ ਇਹ। ਹੁਣ ਇਹਦੇ ਵਿਚ ਮੈਂ ਨਹੀਂ ਰਹੀ। ਕਹਿਣ ਲੱਗੀ, ਮਹਾਰਾਜ! ਪਤਾ ਕਿਵੇਂ ਲੱਗੇ। ਕਹਿੰਦੇ ਤੂੰ ਉਵੇਂ ਜਿਵੇਂ ਕਰ ਜਿਵੇਂ ਪਿਛਲੀ ਵਾਰ ਕਰਿਆ ਸੀ। ਜਦੋਂ ਨਹਾ ਕੇ ਆਇਆ ਦੁਪਿਹਰ ਦੇ ਮੌਕੇ, ਕੂੜਾ ਪਾ ਦਿਤਾ। ਉਥੇ ਹੀ ਨੱਚਣ ਲਗ ਗਿਆ, ਕਹਿੰਦਾ ਮਾਂ! ਸੰਤਾਂ ਦੀ ਧੂੜੀ ਜਿਹਨੂੰ ਦੇਵਤੇ ਵੀ ਲੋਚਦੇ ਨੇ, ਅਠਾਹਠ ਤੀਰਥ ਮਿੰਨਤਾਂ ਕਰਦੇ ਨੇ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ਅੰਗ - 1263***

ਮੇਰੇ ਕਿੰਨੇ ਭਾਗ ਚੰਗੇ ਨੇ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ ਹੇ ਵਾਹਿਗੁਰੂ! ਮੈਂ ਮੰਗਣ ਲੱਗਿਆ ਹਾਂ ਤੇਰੇ ਤੋਂ ਮੰਗ। ਪਰ ਮੁਆਫ ਕਰੀ ਮੈਨੂੰ, ਮੈਂ ਤੇਰਾ ਦਰ ਨਹੀਂ ਛੱਡਣਾ ਜਦ ਤਕ ਮੈਨੂੰ ਇਹ ਦਿੰਦਾ ਨਹੀਂ। ਚਾਹੇ ਮੈਨੂੰ ਧੀਰਜ ਦੇ ਦੇਵੀਂ, ਚਾਹੇ ਧੱਕੇ ਮਾਰ ਦੇਈਂ, ਮੈਨੂੰ ਇਸ ਗੱਲ ਦੀ ਪਰਵਾਹ ਨਹੀਂ। ਪਰ ਮੈਂ ਢੀਠ ਮੰਗਤਾ ਬਣਨਾ ਹੈ, ਚਾਹੇ ਕੁੱਟੀ ਜਾਈਂ, ਚਾਹੇ ਮਾਰੀਂ, ਜੋ ਤੇਰਾ ਜੀਅ ਕਰਦਾ ਹੈ, ਕਰੀ ਜਾਈਂ। ਜਦੋਂ ਤਕ ਤੂੰ ਮੈਨੂੰ ਮੇਰੀ ਮੰਗੀ ਹੋਈ ਚੀਜ਼ ਨਹੀਂ ਨਾ ਦਿੰਦਾ, ਮੈਂ ਤੇਰਾ ਦਰ ਨਹੀਂ ਛੱਡਣਾ।

ਹੁਣ ਅਸੀਂ ਸੋਚਦੇ ਹਾਂ ਕਿ ਕੀ ਮੰਗਣਾ ਸੀ ਉਸ ਵੇਲੇ ਜਿਹਦੇ ਵਾਸਤੇ ਢੀਠ ਬਣਨਾ ਹੈ। ਕਹਿੰਦੇ ਨੇ ਕਿ -

***ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ॥***
***ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ॥***
***ਅੰਗ - 738***

ਮੇਰੇ ਚਿਹਰੇ ਦੇ ਉਤੇ ਸੰਤਾਂ ਦੀ ਧੂੜ ਲਗ ਜਾਵੇ। ਆਹ ਮੈਨੂੰ ਦੇ ਦੇ ਮੈਂ ਤੇਰਾ ਦਰ ਨਹੀਂ ਛੱਡਣਾ। ਇਹਦੀ ਕੋਈ ਮਹੱਤਤਾ ਹੋਣੀ ਹੈ, ਤਾਂ ਗੁਰੂ ਸਾਹਿਬ ਸਾਨੂੰ ਸਿਖਾਉਂਦੇ ਨੇ ਪਿਆਰਿਓ! ਮੰਗੋ ਤੁਸੀਂ ਸੰਤ ਰੇਨ।

ਪੰਪਾਸਰ 'ਚ ਕੀੜੇ ਪੈ ਗਏ। ਗਰੀਬ ਸ਼ਿਵਰੀ ਸੀ, ਭੀਲਣੀ। ਰਿਸ਼ੀਆਂ ਨੇ ਉਤਮ ਜਾਤੀ ਦੇ ਹੋਣ ਕਰਕੇ ਉਹਨੂੰ ਮਾਰਿਆ ਵੀ ਕਿ ਤੂੰ ਸਾਡੇ ਨੇੜੇ ਰਹਿੰਦੀ ਹੈਂ। ਸੇਵਾ ਕਰਦੀ ਸੀ, ਲੱਕੜਾਂ ਲਿਆ ਕੇ ਲੰਗਰ ਵਿਚ ਪਾਉਂਦੀ ਸੀ। ਕਹਿੰਦੇ ਸਾਡੇ ਤਪ ਨਸ਼ਟ ਕਰਦੀ ਹੈਂ। ਮਾਰੀ ਵਿਚਾਰੀ।

ਉਥੋਂ ਫੇਰ ਤੜਕੇ ਉਠ ਕੇ ਕੰਢੇ ਵਗੈਰਾ ਚੁਗ ਦਿਆ ਕਰੇ, ਦਿਨ 'ਚ ਨਿਗ੍ਹਾ ਕਰ ਜਾਇਆ ਕਰੇ ਕਿ ਕਿਥੇ ਕੰਡੇ ਨੇ, ਕਿਥੇ ਝਾੜੀਆਂ ਉਡ ਕੇ ਆ ਗਈਆਂ ਇਨ੍ਹਾਂ ਨੇ ਜਾਣਾ ਹੈ ਉਠ ਕੇ ਇਸ਼ਨਾਨ ਕਰਨ, ਹਨ੍ਹੇਰਾ ਹੋਣਾ ਹੈ। ਘਾਹ ਵਗੈਰਾ ਖੋਤ ਦੇਣਾ, ਵਧੀਆ ਜਿਵੇਂ ਸੜਕ ਹੁੰਦੀ ਹੈ ਐਉਂ ਬਣਾ ਕੇ ਰੱਖ ਦੇਣਾ। ਉਨ੍ਹਾਂ ਰਿਸ਼ੀਆਂ ਨੇ ਸੋਚਿਆ ਕਿ ਸੜਕ ਕੌਣ ਸੰਵਾਰਦਾ ਹੈ? ਪਹਿਰਾ ਲਾ ਕੇ ਫੇਰ ਫੜ ਲਈ। ਬਹੁਤ ਮਾਰੀ।

ਕਹਿੰਦੇ ਹੁਣ ਤੂੰ ਇਥੋਂ ਚਲੀ ਜਾਹ, ਤੂੰ ਸਾਡੇ ਪੁੰਨ ਨਸ਼ਟ ਕਰਦੀ ਹੈਂ, ਖੋਹਦੀ ਹੈਂ ਸਾਡੇ ਪੁੰਨ। ਸਾਨੂੰ ਤੇਰੀ ਸੇਵਾ ਦੀ ਲੋੜ ਨਹੀਂ ਹੈ। 10-12 ਮੀਲ ਤੇ ਜਾ ਕੇ ਝੌਂਪੜੀ ਪਾ ਲਈ। ਉਨ੍ਹਾਂ ਦਾ ਜਿਹੜਾ ਤੀਰਥ ਸੀ ਉਹ ਖਰਾਬ ਹੋ ਗਿਆ, ਕੀੜੇ ਪੈ ਗਏ ਉਹਦੇ ਵਿਚ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਪੰਚਵਟੀ 'ਚ ਗਏ ਹੋਏ ਬਨਵਾਸ ਕੱਟ ਰਹੇ ਸੀ। ਉਥੇ ਗਏ, ਬੇਨਤੀਆਂ ਕਰੀਆਂ, ਲੈ ਆਏ। ਜਦੋਂ ਰਸਤੇ-ਰਸਤੇ ਤੁਰੇ ਆਉਂਦੇ ਨੇ, ਉਸ ਵੇਲੇ ਸ੍ਰੀ ਰਾਮ ਚੰਦਰ ਜੀ ਇਕ ਪਗਡੰਡੀ ਵਲ ਨੂੰ ਹੋ ਲਏ। ਉਨ੍ਹਾਂ ਕਿਹਾ ਮਹਾਰਾਜ ਇਹ ਤਾਂ ਪਗਡੰਡੀ ਕਿਤੇ ਵੀ ਨਹੀਂ ਜਾਣੀ। ਇਕ ਇਥੇ ਝੌਂਪੜੀ ਹੈ, ਭੀਲਣੀ ਰਹਿੰਦੀ ਹੈ, ਉਥੋਂ ਅੱਗੇ ਨਹੀਂ ਜਾਂਦੀ

ਅੱਗੇ ਜੰਗਲ ਹੈ। ਸਾਡੇ ਨਾਲ ਚੱਲੋ, ਕਹਿੰਦੇ ਚਲੋ ਤੁਸੀਂ। ਤੁਸੀਂ ਆਪਣਾ ਕੰਮ ਕਰੋ, ਅਸੀਂ ਆਪਣਾ ਕਰਦੇ ਹਾਂ। ਸਿੱਧਾ ਹੀ ਭੀਲਣੀ ਦੇ ਕੋਲ ਚਲੇ ਗਏ। ਕੀ ਦੇਖਦੇ ਨੇ, ਅੱਖਾਂ 'ਚ ਹੰਝੂ ਨੇ, ਰੋ ਰਹੀ ਹੈ, ਬੁੱਲ੍ਹ ਹਿੱਲ ਰਹੀ ਹੈ। ਛੋਟੀ-ਛੋਟੀ ਆਵਾਜ਼ ਆ ਰਹੀ ਹੈ, ਹੇ ਪ੍ਰਭੂ! ਮੈਂ ਗਰੀਬਣੀ। ਮੇਰਾ ਸੰਸਾਰ ਤੇ ਕੋਈ ਨਹੀਂ। ਤੂੰ ਸਾਰਿਆਂ ਦਾ ਹੈਂ, ਤੈਨੂੰ ਨਾ ਛੋਟੀ ਜਾਤ ਦਾ ਫਰਕ ਹੈ ਨਾ ਵੱਡੀ ਨਾਲ ਹੈ। ਕ੍ਰਿਪਾ ਕਰ, ਮੈਨੂੰ ਦਰਸ਼ਨ ਦੇ ਜਾ। ਜ਼ਿੰਦਗੀ 'ਚ ਇਕ ਵਾਰੀ ਮੌਕਾ ਮਿਲਿਆ ਹੈ, ਬਾਰ-ਬਾਰ ਤੁਸੀਂ ਇਧਰ ਆਉਣਾ ਨਹੀਂ। ਜੇ ਮੈਂ ਅੱਜ ਦਰਸ਼ਨਾਂ ਤੋਂ ਵਾਂਝੀ ਰਹਿ ਗਈ। ਮੇਰੀ ਸਾਰੀ ਜ਼ਿੰਦਗੀ ਵਿਅਰਥ ਜਾਏਗੀ। ਰੋ ਰਹੀ ਹੈ। ਉਸ ਵੇਲੇ ਰਾਮ ਚੰਦਰ ਜੀ ਸਾਮ੍ਹਣੇ ਖੜ੍ਹੇ ਹੋ ਕੇ ਆਵਾਜ਼ ਦਿੰਦੇ ਨੇ। ਸ਼ਿਵਰੀ! ਨੇਤਰ ਖੋਲ੍ਹ ਬੇਟਾ। ਨਹੀਂ ਖੋਲ੍ਹੇ। ਉਹਦਾ ਸਰੂਪ ਖਿੱਚ ਲਿਆ ਬਾਹਰ ਨੂੰ। ਐਉਂ ਤੜਫ ਕੇ ਗਿਰੀ ਜਿਵੇਂ ਮੱਛੀ ਗਿਰਦੀ ਹੈ ਬਾਹਰ ਪਾਣੀ 'ਚੋਂ, ਇਕ ਦਮ।

ਚੀਕ ਮਾਰੀ, ਹੇ ਪ੍ਰਭੂ! ਤੂੰ ਕਿਥੇ ਚਲਿਆ ਗਿਆ। ਤੂੰ ਵੀ ਚਲਿਆ ਗਿਆ? ਕਹਿੰਦੇ ਨੇਤਰ ਖੋਲ੍ਹ ਸ਼ਿਵਰੀ।

ਸਾਮ੍ਹਣੇ ਖੜ੍ਹੇ ਨੇ ਸ੍ਰੀ ਰਾਮ ਚੰਦਰ ਜੀ। ਹੁਣ –

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,***
***ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ॥***
***ਸੁਰਤਿ ਮੈ ਨ ਸੁਰਤਿਐ, ਧਯਾਨ ਮੈ ਨ ਧਯਾਨ ਰਹਯੋ,***
***ਗਯਾਨ ਮੈ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ।***
***ਕਬਿੱਤ (ਭਾਈ ਗੁਰਦਾਸ ਜੀ)***

ਸਭ ਕੁਛ ਭੁੱਲ ਜਾਂਦਾ ਹੈ ਆਦਮੀ ਨੂੰ। ਕੁਛ ਨਹੀਂ ਪਤਾ ਲਗਦਾ ਕਿ ਮੈਂ ਕੀ ਕਰਾਂ। ਸਫ ਦੇ ਉਤੇ ਬਿਠਾਲ ਲਿਆ ਤਿੰਨਾਂ ਜਣਿਆ ਨੂੰ। ਥੋੜ੍ਹੇ ਦਿਨ ਪਹਿਲਾਂ ਸੁਣਿਆ ਸੀ ਕਿ ਉਹ ਆ ਰਹੇ ਨੇ ਇਧਰ। ਲੋਚਾ ਸੀ ਅੰਦਰ ਕਿ ਮੈਨੂੰ ਦਰਸ਼ਨ ਦੇ ਕੇ ਜਾਣ। ਉਹਨੇ ਬੇਰ ਤੋੜੇ ਹੋਏ ਸੀ। ਜਿਸ ਵਕਤ ਉਹ ਬੇਰਾਂ ਦਾ ਊਂਜਲ ਭਰ ਕੇ ਲਿਆਈ। ਦੇ ਦਿਤਾ, ਉਥੇ ਪਲੇਟਾਂ ਤਾਂ ਹੈ ਨਹੀਂ ਸੀ।

ਸ੍ਰੀ ਰਾਮ ਚੰਦਰ ਜੀ ਨੇ ਊਂਜਲ ਲੈ ਲਿਆ ਅਤੇ ਆਪਣੇ ਵਸਤਰ 'ਚ ਪਾ ਲਿਆ। ਲੱਛਮਣ ਜੀ ਨੂੰ ਦੇ ਦਿਤਾ। ਸ੍ਰੀ ਰਾਮ ਚੰਦਰ ਜੀ ਨੇ ਬੇਰ ਮੂੰਹ ਵਿਚ ਪਾਇਆ, ਇਕ ਦੋ ਚਾਰ। ਲੱਛਮਣ ਦੇਖਣ ਲਗ ਗਿਆ, ਬੇਰਾਂ ਵਲ। ਉਹਨੇ ਕੀ ਦੇਖਿਆ ਹਰ ਬੇਰ ਦੇ ਉਤੇ ਇਕ ਦੰਦ ਲੱਗਿਆ ਹੋਇਆ ਹੈ। ਸੂਆ ਲੱਗਿਆ ਹੋਇਆ ਹੈ। ਲੱਛਮਣ ਨੇ ਕਿਹਾ ਤੂੰ ਜੂਠੇ ਬੇਰ ਲਿਆਈਂ ਹੈਂ। ਇਹਨੂੰ ਪਤਾ ਹੀ ਨਹੀਂ ਹੈ ਕਿ ਅਸੀਂ ਕਿੱਡੀ ਉਚੀ ਜਾਤ ਦੇ ਬੰਦੇ ਹਾਂ। ਕਹਿਣ ਲੱਗਿਆ ਮਹਾਰਾਜ! ਬੇਰ ਸੋਚ ਕੇ ਖਾਓ ਇਹ ਤਾਂ ਜੂਠੇ ਨੇ। ਕਹਿਣ ਲੱਗੇ, ਲੱਛਮਣ ਤੈਨੂੰ ਪਿਆਰ ਦਾ ਨਹੀਂ ਪਤਾ। ਪਿਆਰ ਕੀ ਹੁੰਦਾ ਹੈ। ਪਿਆਰ ਦੇ ਵਿਚ ਕੋਈ ਵੀ ਨੇਮ ਨਹੀਂ ਹੋਇਆ ਕਰਦਾ, ਕਿਸੇ ਕਿਸਮ ਦਾ ਵੀ। ਸਭ ਨੇਮ ਟੁੱਟ ਜਾਂਦੇ ਨੇ। ਤੂੰ ਇਹ ਰਮਜ਼ ਨਹੀਂ ਜਾਣਦਾ।

ਕਹਿਣ ਲੱਗੇ, 'ਸ਼ਿਵਰੀ! ਤੂੰ ਕਿਥੋਂ ਲਿਆਂਦੇ ਇਹ ਬੇਰ? ਇਹਦੇ 'ਚੋਂ ਅੰਮ੍ਰਿਤ ਦੀਆਂ ਘੁੱਟਾਂ ਭਰੀਆਂ ਜਾਂਦੀਆਂ ਨੇ, ਅੱਜ ਤਕ ਬੜੇ ਫਲ ਖਾਧੇ, ਬੇਰ ਵੀ ਖਾਧੇ ਪਰ ਇਹੋ ਜਿਹੇ ਬੇਰ ਕਿਤੇ ਨਹੀਂ ਖਾਧੇ, ਕੀ ਪਾ ਦਿਤਾ ਤੂੰ ਇਨ੍ਹਾਂ ਵਿਚ। ਲੱਛਮਣ ਨੇ ਬੇਰ ਸੁੱਟ ਦਿਤੇ।

ਐਸਾ ਦਸਦੇ ਨੇ ਕਿ ਕਿਸੇ ਪਹਾੜੇ ਤੇ ਜਾ ਕੇ ਜਿਹੜੀ ਸੰਜੀਵਨੀ ਬੂਟੀ ਇਹਨੂੰ ਬੇਹੋਸ਼ ਹੋਏ ਨੂੰ ਲਾਈ, ਉਹ ਉਹੀ ਸੀ।

ਉਥੋਂ ਚਲੇ ਗਏ। ਜਾ ਕੇ ਰਾਮਚੰਦਰ ਜੀ ਨੇ ਕਿਹਾ ਸਾਧੂਆਂ ਨੂੰ ਕਿ ਮੁਸ਼ਕਲ ਹੈ। ਰਿਸ਼ੀਆਂ ਨੇ ਕਿਹਾ ਕਿ ਮਹਾਰਾਜ! ਆਹ ਸਰੋਵਰ ਦੇਖੋ। ਇਹੀ ਪਾਣੀ ਸਾਨੂੰ ਪੀਣ ਵਾਸਤੇ ਸੀ, ਇਹੀ ਇਸ਼ਨਾਨ ਕਰਨ ਵਾਸਤੇ। ਕਿੰਨਾ ਗੰਦਾ ਹੋ ਗਿਆ।

ਕਹਿੰਦੇ ਸੰਤੋਂ! ਫੇਰ ਇਹ ਤਾਂ ਸੁਖਾਲਾ ਹੀ ਸੀ। ਤੁਸੀਂ ਕਿੰਨੇ ਤਪੀ ਹੋਂ, ਕਿੰਨੇ ਜਪੀ ਹੋਂ, ਕਿੰਨੀਆਂ ਉਚੀਆਂ ਜਾਤਾਂ ਦੇ ਹੋਂ। ਕੋਈ ਤੁਹਾਡੇ 'ਚ ਬ੍ਰਾਹਮਣ ਹੈ, ਕੋਈ ਕਸ਼ਤਰੀ ਹੈ। ਤੁਸੀਂ ਤਾਂ ਵੈਸੇ ਹੀ ਪਵਿੱਤਰ ਹੋਂ। ਤੁਸੀਂ ਆਪਣੇ ਚਰਨ ਪਾਉਣੇ ਸੀ ਇਹਦੇ ਵਿਚ। ਵਾਰੀ-ਵਾਰੀ ਚਰਨ ਪਾਓ। ਸਾਰੇ ਰਿਸ਼ੀਆਂ ਨੇ ਚਰਨ ਪਾ ਦਿਤੇ। ਪਾਣੀ ਬਿਲਕੁਲ ਠੀਕ ਨਾ ਹੋਇਆ। ਕਹਿਣ ਲੱਗੇ, ਮਹਾਰਾਜ! ਅਸੀਂ ਤਾਂ ਤੁਹਾਨੂੰ ਲਿਆਂਦਾ ਹੈ, ਤੁਸੀਂ ਚਰਨ ਪਾਓ। ਉਨ੍ਹਾਂ ਨੇ ਵੀ ਚਰਨ ਪਾ ਦਿਤੇ, ਲੱਛਮਣ ਜੀ ਨੇ ਵੀ ਪਾ ਦਿਤੇ। ਪਾਣੀ ਉਹੋ ਜਿਹੇ ਦਾ ਉਹੋ ਜਿਹਾ। ਕਹਿੰਦੇ ਕਿ ਹੁਣ? ਕਹਿਣ ਲੱਗੇ, ਮਹਾਰਾਜ! ਇਹ ਤਾਂ ਤੁਹਾਡੇ ਤੋਂ ਵੀ ਨਹੀਂ ਸਾਫ ਹੋਏ।

ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਪਿਆਰਿਓ! ਸਾਡੇ ਤੋਂ ਵੱਡਾ ਸਾਡਾ ਪਿਆਰਾ ਹੁੰਦਾ ਹੈ। ਜਿਹੜਾ ਸਾਨੂੰ ਪਿਆਰ ਕਰਦਾ ਹੈ। ਕੋਈ ਹੈ ਇਥੇ ਰਾਮ ਭਗਤ। ਹੁਣ ਸ਼ਿਵਰੀ ਨੂੰ ਤਾਂ ਦੇਖਣਾ ਪਸੰਦ ਨਹੀਂ ਸੀ ਕਰਦੇ ਕਿ ਉਹ ਛੋਟੀ ਜਾਤੀ ਹੈ।

ਸ੍ਰੀ ਰਾਮਚੰਦਰ ਜੀ ਕਹਿਣ ਲੱਗੇ, ਜਾਓ ਪਿਆਰ ਦੀ ਮੂਰਤ ਹੈ, ਪ੍ਰਮੇਸ਼ਰ ਦੇ ਨਾਲ ਇਕਮਿਕ ਹੋਈ ਹੋਈ ਹੈ। ਬੜੀਆਂ ਮਿੰਨਤਾਂ ਕਰਕੇ ਲੈ ਕੇ ਆਏ। ਰਾਮਚੰਦਰ ਜੀ ਨੇ ਕਿਹਾ ਸ਼ਿਵਰੀ, ਆਹ ਪਾਤਰ ਪਿਆ ਹੈ ਇਹਦੇ ਵਿਚ ਤੂੰ ਆਪਣੇ ਚਰਨ ਧੋ ਦੇ। ਰਿਸ਼ੀਆਂ ਨੂੰ ਕਿਹਾ ਕਿ ਇਹ ਹੁਣ ਚੁੱਕ ਕੇ ਇਹਦੇ ਵਿਚ ਪਾ ਦਿਓ। ਬੜੀ ਸ਼ਰਮਿੰਦਗੀ ਆਈ।

ਜਦੋਂ ਪਾਣੀ ਪਾਇਆ ਸਰੋਵਰ ਵਿਚ ਤਾਂ ਉਹ ਉਸੇ ਵੇਲੇ ਸਾਰਾ ਸਾਫ ਹੋ ਗਿਆ। ਹੋਇਆ ਕਿਉਂ? ਕਿਉਂਕਿ ਸਾਧੂ ਦੀ ਧੂੜ ਪੈ ਗਈ ਉਹਦੇ ਵਿਚ। ਜਿਹੜੀ ਹਰ ਵਕਤ

ਪ੍ਰਮੇਸ਼ਰ ਨਾਲ ਜੁੜੀ ਰਹਿੰਦੀ ਸੀ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਮੈਂ ਇਕ ਦਾਨ ਮੰਗਦਾ ਹਾਂ। ਉਹ ਮੈਂ ਢੀਠ ਹੋ ਕੇ ਮੰਗਦਾ ਹਾਂ। ਹੁਣ ਮੈਨੂੰ ਜਵਾਬ ਨਾ ਦਿਓ। ਮੇਰੇ ਮੁਖ ਨਾਲ ਸੰਤ ਦੀ ਰੇਨ ਲਗ ਜਾਏ। ਮੇਰਾ ਉਧਾਰ ਹੋ ਜਾਵੇ।

ਸਾਡੇ ਵਿਚ ਜਿਹੜਾ ਮੈਂ ਭਾਵ ਹੈ ਨਾ ਇਹ ਸਾਨੂੰ ਤਰੱਕੀ ਨਹੀਂ ਕਰਨ ਦੇ ਰਿਹਾ। ਮੈਂ ਪਹਿਲਾਂ ਬੇਨਤੀ ਕਰੀ ਸੀ ਕਿ ਆਪਾਂ ਸ਼ਬਦ ਤਾਂ ਪੜ੍ਹ ਲਿਆ –

*ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥*
*ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥*

*ਅੰਗ – 674*

ਮੇਰੇ ਖਿਆਲ ਨਾਲ ਕੋਈ 5% ਸਹਿਮਤ ਹੋ ਗਿਆ ਹੋਵੇ, 95% ਅਸੀਂ ਰੀਜ਼ਰਵ ਰੱਖਿਆ ਹੋਇਆ ਹੈ। ਸੱਚੇ ਪਾਤਸ਼ਾਹ! ਤੇਰੇ ਗੋਲੇ ਬਣ ਕੇ ਤਾਂ ਅਸੀਂ ਗਏ ਆਏ। ਸਾਡਾ ਤਾਂ ਕੋਈ ਅਧਿਕਾਰ ਹੀ ਨਹੀਂ ਰਹਿਣਾ, ਮੰਗਣਾ ਹੀ ਕੁਛ ਨਹੀਂ, ਕੀ ਪਤਾ ਕਿਧਰ ਨੂੰ ਤੂੰ ਭੇਜ ਦੇਵੇ, ਕੀ ਕਰ ਦੇਵੇਂ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਚਾਹੁੰਦੇ ਹਾਂ ਕਿ ਅਸੀਂ ਸਿੱਖ ਬਣ ਜਾਈਏ ਗੁਰੂ ਦੇ। ਉਹ ਕਹਿੰਦੇ ਜੇ ਤੂੰ ਮੇਰਾ ਬਣ ਜਾਵੇਂਗਾ, ਇਹਦੇ ਇਵਜ਼ਾਨੇ ਵਿਚ ਕੀ ਹੋਏਗਾ। ਸਹਿਜ ਸੁਭਾਅ ਸਾਰਾ ਸੰਸਾਰ ਤੇਰਾ ਹੋ ਜਾਏਗਾ।

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥*

*ਅੰਗ – 1382*

ਪਰ ਜਿਹੜੀ ਮੈਂ ਹੈ ਇਹਨੂੰ ਅਸੀਂ ਛੱਡਣਾ ਨਹੀਂ ਚਾਹੁੰਦੇ। ਗੁਰੂ ਮਹਾਰਾਜ ਇਕ ਥਾਂ ਫੁਰਮਾਨ ਕਰਦੇ ਨੇ ਕਿ ਪਿਆਰਿਆ! ਜੇ ਤੂੰ ਸਿੱਖੀ ਕਮਾਉਣੀ ਹੈ ਨਾ ਤਾਂ ਉਹਦੇ ਵਾਸਤੇ ਤੂੰ ਪਹਿਲਾਂ ਜਾਣਕਾਰੀ ਪ੍ਰਾਪਤ ਕਰ ਲੈਂ। ਜੇ ਤਾਂ ਐਵੇਂ ਹੀ ਸਿੱਖ ਰਹਿਣਾ ਹੈ, ਠੀਕ ਹੈ ਬਹੁਤ ਵਧੀਆ ਹੈ, ਮਾੜਾ ਨਹੀਂ ਹੈ ਇਹ ਵੀ। ਪਰ ਜੇ ਤੂੰ ਸਿਰੇ ਜਾਣਾ ਚਾਹੁੰਦਾ ਹੈਂ ਨਾ, ਇਹਦੇ ਅਸੂਲ ਹੁੰਦੇ ਨੇ।

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*

*ਭਾਈ ਗੁਰਦਾਸ ਜੀ, ਵਾਰ 3, ਪਉੜੀ 18*

ਮੁੱਲ ਖਰੀਦ ਹੈ। ਜਿਹੜੇ ਕੰਮ ਨੂੰ ਕਹਿ ਦਿਤਾ, ਉਹਦੇ ਵਿਚ ਲਗ ਗਿਆ। ਸਾਰਿਆਂ ਦੇ ਚਰਨਾਂ ਦੀ ਧੂੜ ਬਣ ਜਾ। ਫੇਰ ਆ ਪਿਆਰਿਆ! ਪਹਿਲਾਂ ਮੈਂ ਮਾਰ ਲੈ। ਪਰ ਜੋ ਅਸੀਂ ਤੈਨੂੰ ਸੁਖਾਲਾ-ਸੁਖਾਲਾ ਤਰੀਕਾ ਦਸਦੇ ਹਾਂ ਕਿ ਜੇ ਤੂੰ ਗੁਰੂ ਦੇ ਸਨਮੁਖ ਸਿੱਖ ਵੀ ਬਣ ਜਾਵੇ ਨਾ। ਤਾਂ ਵੀ ਤੇਰਾ ਗੁਰੂ ਨਾਲ ਸਬੰਧ ਜੁੜ ਜਾਏਗਾ।

ਛੋਟਾ ਜਿਹਾ ਉਪਦੇਸ਼ ਹੈ ਇਹ।

*ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥*
*ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ॥*
*ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥*
*ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥*

*ਅੰਗ – 920*

ਸਨਮੁਖ ਜਿਹੜਾ ਹੈ ਗੁਰੂ ਦੀ ਨਿਗ੍ਹਾ 'ਚ ਆਉਣ ਵਾਲਾ ਸਿੱਖ। ਉਹਦੇ ਵਿਚ ਆਪਣਾ ਆਪਾ ਨਹੀਂ ਹੁੰਦਾ। ਜਦੋਂ ਆਪਣਾ ਆਪਾ ਨਹੀਂ ਹੋਏਗਾ ਉਹਦੇ ਵਿਚ ਗੁਰੂ ਦਾ ਵਾਸਾ ਹੋ ਜਾਏਗਾ। ਜਦੋਂ ਗੁਰੂ ਵਸ ਗਿਆ ਫੇਰ ਸਿੱਖ ਦੀ ਪਦਵੀ ਕਿੱਡੀ ਕੁ ਉਚੀ ਹੋ ਗਈ। ਫੇਰ ਤਾਂ ਸਿੱਧਾ ਹੀ ਹੈ, ਸਵਾਲ ਹੀ ਹੈ ਇਕ। ਗੁਰੂ ਵਸਾ ਲਿਆ ਅੰਦਰ, ਆਪ ਨਿਕਲ ਗਿਆ। ਫੇਰ ਤਾਂ ਗੁਰੂ ਹੀ ਹੋ ਗਿਆ ਉਹਦੇ ਸਰੀਰ ਦੇ ਅੰਦਰ। ਦੁਨੀਆਂ ਦੇ ਵਿਚ ਉਹਦੇ ਕੋਈ ਕੁਛ ਵਿਗਾੜ ਨਹੀਂ ਸਕਦਾ। ਉਹਦੀ ਕਦੇ ਵੀ ਹਾਰ ਨਹੀਂ ਹੁੰਦੀ।

*ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰੂ ਅਨੇਕ ਚਲਾਵਤ ਘਾਵ, ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ, ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌ, ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*

*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥*
*ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ॥*

*ਅੰਗ – 519*

ਜਿਹਦਾ ਪੂਰਾ ਗੁਰੂ ਹੈ, ਸਰਬ ਕਲਾ ਸਮਰੱਥ ਗੁਰੂ ਹੈ, ਜੇ ਉਹ ਹਿਰਦੇ 'ਚ ਵਸਾ ਲਿਆ। ਉਹ ਇਸ ਤਰ੍ਹਾਂ ਨਹੀਂ ਹੁੰਦਾ ਕਿ ਆਪਾਂ ਮੂਰਤ ਵਸਾ ਲਈ ਕਿਸੇ ਦੀ। ਜਦੋਂ ਗੁਰੂ ਹਿਰਦੇ 'ਚ ਵਸਦਾ ਹੈ, ਸੱਚੀਓਂ ਹੀ ਗੁਰੂ ਹੁੰਦਾ ਹੈ। ਗੁਰੂ ਤੇ ਪ੍ਰਮੇਸ਼ਰ ਦਾ ਕੋਈ ਫਰਕ ਨਹੀਂ ਹੋਇਆ ਕਰਦਾ। ਉਹਨੂੰ ਕਹਿਣਾ ਕੀ ਹੈ? ਲੰਮੇ ਅਰਦਾਸੇ ਨਹੀਂ ਗੁਰੂ ਮੰਗਦਾ। ਇਕ ਸਕਿੰਟ ਦੀ ਬਾਤ ਦੀ ਮੰਨਦਾ ਹੈ, ਇਕ ਸਕਿੰਟ ਵੀ ਅਜੇ ਜ਼ਿਆਦਾ ਹੈ ਇਸ ਤੋਂ ਵੀ ਘੱਟ ਹੈ। ਕਿਉਂਕਿ ਉਹਦੇ ਨਾਲ ਬਣਨੀ ਚਾਹੀਦੀ ਹੈ। ਉਹਦੀ ਫੇਰ ਕਦੇ ਵੀ ਹਾਰ ਨਹੀਂ ਹੋਇਆ ਕਰਦੀ।

ਇਕ ਗੁਰਸਿੱਖ ਦੁਆਬੇ ਵਿਚ ਗੜ੍ਹਸ਼ੰਕਰ ਦੇ ਰਹਿਣ ਵਾਲਾ ਭਾਈ ਤਿਲਕੂ ਸੀ। ਗੁਰੂ ਪੰਜਵੇਂ ਪਾਤਸ਼ਾਹ ਵੇਲੇ ਮਾਝਾ ਵੀ, ਦੁਆਬਾ ਵੀ ਤੇ ਮਾਲਵਾ ਵੀ। ਇਹ ਸਾਰੇ ਮੁਸਲਮਾਨ ਪੀਰਾਂ ਨੂੰ ਮੰਨਦੇ ਸੀ। ਇਨ੍ਹਾਂ ਵਿਚੋਂ ਲਾਲਾਂ

ਵਾਲਾ ਸਭ ਤੋਂ ਜ਼ਿਆਦਾ ਮਸ਼ਹੂਰ ਸੀ। ਲਾਲਾਂ ਵਾਲੇ ਤਾਂ ਸਾਡੇ ਪਿੰਡ ਕਿੱਥੇ ਨੇ? ਇਥੇ ਵੀ ਬਣੇ ਹੋਏ ਨੇ, ਉਹਦੇ ਮਜਾਰ।

ਉਥੇ ਜਾਣਾ, ਉਥੇ ਮੱਥੇ ਟੇਕਣੇ। ਭਰਾਈ ਨੇ ਉਥੇ ਰੋਟ ਪਕਾਉਣਾ, ਉਹਨੂੰ ਮੂੰਹ ਲਾ ਕੇ ਕੱਟਣਾ। ਉਹਨੂੰ ਕਹਿੰਦੇ ਸੀ ਕਿ ਹੁਣ ਭੋਗ ਲਗ ਗਿਆ ਪੀਰ ਨੂੰ, ਫੇਰ ਉਹ ਸਾਡੇ ਬਜ਼ੁਰਗਾਂ ਨੂੰ ਦਿੰਦੇ ਸੀ ਉਹ ਖਾਂਦੇ ਸੀ।

ਗੁਰੂ ਕੁਛ ਹੋਰ ਦੱਸ ਰਹੇ ਸੀ, ਉਹ ਸਿੱਧਾ ਹੀ ਕਹਿੰਦੇ ਸੀ ਤੁਹਾਡੇ ਮੱਝਾਂ ਬਹੁਤ ਹੋਣਗੀਆਂ, ਗਾਈਆਂ ਹੋਣਗੇ, ਪੁੱਤਰ ਹੋਣਗੇ। ਜੇ ਬਿਮਾਰ ਹੋ ਗਿਆ ਤਾਂ ਕਹਿੰਦੇ ਸੀ ਕਿ ਪੀਰ ਨਰਾਜ਼ ਹੋ ਗਿਆ। ਵਹਿਮ ਪ੍ਰਸਤੀ ਹੱਦ ਤੋਂ ਜ਼ਿਆਦਾ ਸੀ।

ਇਹ ਜਿਹੜਾ ਗੁਰਸਿੱਖ ਸੀ ਇਹਨੂੰ ਸਿੱਖੀ ਧਾਰਨ ਕਰ ਲਈ। ਟਾਂਵੇ-ਟਾਂਵੇ ਸਿੱਖ ਹੁੰਦੇ ਸੀ ਪਿੰਡਾਂ ਵਿਚ। ਦੋ ਹੋਏ ਕਿਤੇ, ਪੰਜ ਹੋਏ, ਕਿਤੇ ਪਿੰਡ ਵਿਚ। ਬਹੁਤੇ ਨਹੀਂ ਸੀ ਕਿ ਪਿੰਡਾਂ ਦੇ ਪਿੰਡ ਸੀਗੇ। ਸਰਵਰੀਏ ਸਾਰੇ ਹੀ ਸੀ। ਏਸੇ ਪਿੰਡ ਦੇ ਵਿਚ ਇਕ ਜੋਗੀ ਰਹਿੰਦਾ ਸੀ। ਭਾਈ ਤਿਲਕੂ ਵਿਚਾਰਾ ਨਾਮ ਜਪਦਾ ਸੀ, ਬੰਦਗੀ ਕਰਦਾ ਸੀ। ਗੁਰੂ ਦੀ ਸਿੱਖੀ ਕਮਾ ਰਿਹਾ ਸੀ ਸੱਚੇ ਦਿਲ ਦੇ ਨਾਲ। ਗੁਰੂ ਇਹਦੇ 'ਚ ਰਹਿੰਦਾ ਸੀ, ਇਹ ਗੁਰੂ 'ਚ ਰਹਿੰਦਾ ਸੀ ਹਰ ਵਕਤ। ਉਹ ਜਿਹੜਾ ਜੋਗੀ ਸੀ ਉਹਨੇ ਸਮਾਧੀ ਲਾਈ ਹੋਈ ਸੀ। ਸਮਾਧੀਆਂ ਛੇ-ਛੇ ਮਹੀਨੇ ਦੀਆਂ ਵੀ ਲਗ ਜਾਂਦੀਆਂ ਨੇ, ਸਾਲ-ਸਾਲ ਦੀਆਂ ਵੀ ਲਗ ਜਾਂਦੀਆਂ ਨੇ।

ਗੁਰੂ ਦਸਵੇਂ ਪਾਤਸ਼ਾਹ ਨੇ ਜੋਗੀਪੁਰੇ ਇਕ ਜੋਗੀ ਦੇ ਨਾਲ ਬਚਨ ਕੀਤੇ ਸੀ। ਮਹਾਰਾਜ ਨੇ ਦਸਿਆ ਕਿ ਪੰਜ ਹਜ਼ਾਰ ਇਕ ਸੌ ਸਾਲ ਇਸਦੀ ਉਮਰ ਹੈ। ਐਨੀਆਂ ਐਨੀਆਂ ਲੰਮੀਆਂ ਸਮਾਧੀਆਂ ਲਾ ਲੈਂਦੇ ਸੀ। ਗੁਰੂ ਪੰਜਵੇਂ ਪਾਤਸ਼ਾਹ ਨੇ ਸੰਤੋਖਸਰ ਦੇ ਵਿਚੋਂ ਜਿਹੜਾ ਜੋਗੀ ਕੱਢਿਆ, ਉਹਦਾ ਲਵ ਤੇ ਕੁਸ਼ ਦਾ ਯੁੱਧ ਦੇਖ ਕੇ ਬੈਠਾ ਸੀ, ਰਾਵੀ ਦੇ ਕੰਢੇ। ਰਾਵੀ ਕਿਤੇ ਦੀ ਕਿਤੇ ਗਈ। ਕਿੰਨੀ ਮਿੱਟੀ ਪੈ ਗਈ, ਉਹਦਾ ਮੱਠ ਥੱਲੇ ਹੀ ਆ ਗਿਆ। ਕਹਿੰਦਾ ਮੈਂ ਆਪਣਾ ਮੱਠ ਉਤੇ ਬਣਾਇਆ ਸੀ।

ਸੋ ਇਹਨੇ ਵੀ ਸਮਾਧੀ ਲਾਈ ਹੋਈ ਸੀ। ਜਦੋਂ ਸਮਾਧੀ ਖੁਲ੍ਹੀ ਪਿੰਡਾਂ ਦੇ ਲੋਕ ਵਹੀਰਾਂ ਘੱਤ ਕੇ ਆਏ। ਉਹਨੇ ਨਾਲ ਇਹ ਕਹਿ ਦਿਤਾ ਕਿ ਜਿਹੜਾ ਮੇਰੇ ਦਰਸ਼ਨ ਕਰ ਲਏਗਾ, ਐਨੇ ਦਿਨਾਂ ਦੇ ਅੰਦਰ-ਅੰਦਰ ਉਹਨੂੰ ਇਕ ਸਾਲ ਦਾ ਮੈਂ ਸਵਰਗ ਦਿਵਾਵਾਂਗਾ। ਜਦੋਂ ਸਾਰੇ ਚਲੇ ਗਏ। ਕਹਿੰਦਾ ਕਿ ਕੋਈ ਰਹਿ ਤਾਂ ਨਹੀਂ ਗਿਆ? ਕਹਿੰਦੇ ਇਕ ਰਹਿ ਗਿਆ। ਕਹਿੰਦਾ ਉਹ ਕੌਣ ਹੈ? ਕਹਿੰਦੇ, ਭਾਈ ਤਿਲਕੂ ਹੈ। ਕਹਿੰਦਾ ਉਹਨੂੰ ਵੀ ਕਹੋ। ਕਹਿੰਦੇ ਜੀ ਉਹ ਨਹੀਂ ਆਉਂਦਾ, ਗੁਰੂ ਦਾ ਸਿੱਖ ਹੈ ਉਹ। ਕਹਿੰਦਾ ਗੁਰੂ ਦੇ ਸਿੱਖ ਨੂੰ ਕਿਹੜਾ ਵੱਢਦਾ ਹੈ ਸਵਰਗ। ਜਾਓ ਓਹਨੂੰ ਕਹਿ ਦਿਓ, ਦੋ ਸਾਲ ਦਾ ਮਿਲੇਗਾ। ਜਦੋਂ ਜਾ ਕੇ ਕਿਹਾ ਤਾਂ ਭਾਈ ਤਿਲਕੂ ਨੇ ਕਿਹਾ ਕਿ ਮੈਨੂੰ ਨਹੀਂ ਇਹ ਚੀਜ਼ਾਂ ਚਾਹੀਦੀਆਂ। ਇਹ ਤਾਂ ਐਉਂ ਹੈ ਜਿਵੇਂ ਬਹੁਤ ਵੱਡੇ ਅਮੀਰ ਆਦਮੀ ਨੂੰ ਕੋਈ ਬਹੁਤ ਛੋਟੀ ਜਿਹੀ ਗੱਲ ਕਹੇ ਕੋਈ। ਸਾਡੇ ਕੋਲ ਤਾਂ ਬਹੁਤ ਵੱਡੀਆਂ ਚੀਜ਼ਾਂ ਨੇ ਅਸੀਂ ਕੀ ਕਰਨਾ ਹੈ, ਸਵਰਗਾਂ ਤੇ ਨਰਕਾਂ ਨੂੰ। ਜਦੋਂ ਜੋਗੀ ਨੂੰ ਜਾ ਕੇ ਦੱਸਿਆ। ਤਾਂ ਉਸ ਨੇ ਕਿਹਾ ਕਿ ਇਕ ਸਾਲ ਹੋਰ ਦੇ ਦਿਓ। ਪੰਜ ਸਾਲ ਤਕ ਜਾ ਪਹੁੰਚਿਆ। ਅਖੀਰ ਜਦੋਂ ਨਾ ਹੀ ਆਇਆ। ਕਹਿੰਦਾ, "ਚੰਗਾ ਮੈਂ ਦਿਖਾਉਂਦਾ ਹਾਂ ਇਹਨੂੰ ਸਿੱਖੀ ਦਾ ਸਵਾਦ।" ਉਹਨੇ ਕਾਲੀਆਂ ਸ਼ਕਤੀਆਂ ਵਸ ਵਿਚ ਕੀਤੀਆਂ ਹੋਈਆਂ ਸੀ।

ਕਿਉਂਕਿ ਇਹ ਸਾਰੀਆਂ ਸ਼ਕਤੀਆਂ ਹੈਗੀਆਂ ਸਾਧਸੰਗਤ ਜੀ! ਭੂਤ ਵੀ ਨੇ, ਪ੍ਰੇਤ ਵੀ ਨੇ, ਪਤਾ ਨਹੀਂ ਕੀ ਕੀ ਨੇ ਆਪਾਂ ਦੇਖੇ ਨਹੀਂ ਕਦੇ। ਸੁਣਦੇ ਹਾਂ ਅਸੀਂ ਕਿ ਜੀ ਆਹ ਵਿਘਨ ਪਾਈ ਜਾਂਦਾ ਹੈ। ਤਿੰਨ ਪਿੰਡਾਂ ਦਾ ਤਾਂ ਮੈਨੂੰ ਪਤਾ ਹੈ। ਮੇਰੇ ਦੀਵਾਨ ਲੱਗੇ ਹੋਏ ਸੀ ਏਧਰ, ਕਿਸ਼ਨਗੜ੍ਹ। ਉਥੋਂ ਇਕ ਪ੍ਰੇਮੀ ਆਇਆ ਸਰਪੰਚ, ਸਾਰੀ ਪੰਚਾਇਤ ਆਈ। ਕਹਿੰਦੇ ਜੀ, ਸਾਡੇ ਪਿੰਡ ਨੂੰ ਬਚਾ ਲਓ। ਮੈਂ ਕਿਹਾ ਤੁਹਾਡੇ ਪਿੰਡ ਨੂੰ ਕੀ ਹੋ ਗਿਆ? ਕਹਿੰਦੇ ਹਰ ਸ਼ੁਕਰਵਾਰ ਇਥੇ 18 ਤੋਂ 22 ਸਾਲ ਦਾ ਮੁੰਡਾ ਮਰ ਜਾਂਦਾ ਹੈ। ਹੁਣ ਸੱਤਵਾਂ ਮਰ ਚੁਕਿਆ, ਅੱਠਵੇਂ ਦੀ ਵਾਰੀ ਹੈ। ਘਰ-ਘਰ ਮਕਾਣਾਂ ਆ ਰਹੀਆਂ ਨੇ। ਇਸ ਤੋਂ ਪਹਿਲਾਂ-ਪਹਿਲਾਂ ਕੁਛ ਹੋਣਾ ਚਾਹੀਦਾ ਹੈ। ਐਨੇ ਇਕ ਹੋਰ ਆ ਗਏ ਪਰ੍ਹੇ ਪਿੰਡ ਸੀ। ਮੈਂ ਕਿਹਾ ਤੁਹਾਨੂੰ ਕੀ ਹੋਇਆ ਹੈ? ਉਹ ਕਹਿੰਦੇ ਜੀ ਪਤਾ ਨਹੀਂ ਜੀ ਕੀ ਹੋਇਆ ਹੈ? ਸਾਡੇ ਸਭ ਤੋਂ ਜਿਹੜਾ ਪੜ੍ਹਿਆ ਹੋਇਆ ਬੰਦਾ ਹੈ, ਉਹ ਸ਼ਨਿੱਚਰਵਾਰ ਨੂੰ ਮਰ ਜਾਂਦਾ ਹੈ। ਹੁਣ ਅੱਠਵੇਂ ਦੀ ਵਾਰੀ ਹੈ। ਮੈਂ ਕਿਹਾ ਅੱਠਵੇਂ ਦੀ ਇਧਰ ਹੈ, ਅੱਠਵੇਂ ਦੀ ਓਧਰ ਹੈ। ਇਹ ਕੀ ਹੋ ਗਿਆ ਤੁਹਾਡੇ ਲੋਕਾਂ ਨੂੰ। ਤੁਸੀਂ ਗੁਰੂ ਨੂੰ ਛੱਡ ਦਿਤਾ। ਤੁਹਾਡਾ ਰਾਖਾ ਕੋਈ ਨਹੀਂ ਹੈ। ਆਹ ਮਾੜੇ-ਮਾੜੇ ਭੂਤ-ਪ੍ਰੇਤ ਹੀ ਆ ਕੇ ਤੁਹਾਨੂੰ ਤੰਗ ਕਰੀ ਜਾਂਦੇ ਨੇ। ਤੁਹਾਡਾ ਵਾਰਿਸ ਨਹੀਂ ਨਾ ਕੋਈ ਹੈ? ਕਹਿੰਦੇ ਜੀ ਕੀ ਕਰੀਏ? ਪੜ੍ਹਿਆ ਹੋਇਆਂ ਨੂੰ ਤਾਂ ਮੈਂ ਕਿਹਾ ਕਿ ਤੁਸੀਂ ਹੁਣੇ ਜਾ ਕੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰ ਲਓ। ਪਿੰਡ 'ਚੋਂ ਜਰਦਾ ਕੱਢ ਦਿਓ। ਇਥੇ ਜਰਦਾ ਆਮ ਹੀ ਖਾਂਦੇ ਸੀ, ਜਿਵੇਂ ਘਿਉ ਖਾਂਦੇ ਹਾਂ ਆਪਾਂ। ਕਿਰਪਾਨਾਂ ਵਾਲੇ ਵੀ ਮੈਂ ਦੇਖੇ ਨੇ, ਓਹ ਤੁਹਾਡਾ ਵੀ ਬੇੜਾ ਗਰਕ ਹੋ ਗਿਆ, ਤੁਸੀਂ ਤਾਂ ਕਿਰਪਾਨਾਂ ਪਾਈਆਂ ਨੇ। ਸਹਿਜ ਨਾਲ ਹੀ ਖਾਂਦੇ ਸੀ। ਮੈਂ ਕਿਹਾ ਉਹ ਕੱਢ ਦਿਓ, ਆਂਡੇ ਬਾਹਰ ਕੱਢ ਦਿਓ, ਮੁਰਗੇ ਵਗੈਰਾ ਵੇਚ ਦਿਓ। ਛੱਡ ਦਿਓ ਖੇਤਾਂ 'ਚ। ਜਾਓ ਗੁਰਦੁਆਰੇ। ਉਥੇ ਜਾ ਕੇ ਕਹੋ ਹੇ ਸੱਚੇ ਪਾਤਸ਼ਾਹ! ਤੇਰੇ ਤੋਂ ਵੱਡਾ ਕੋਈ ਨਹੀਂ, ਤੂੰ ਹੀ ਬਚਾ ਸਕਦਾ ਹੈਂ। ਅਸੀਂ ਤੇਰੇ ਹਾਂ ਅੱਜ ਤੋਂ ਬਾਅਦ। ਪਾਠ ਸ਼ੁਰੂ ਕਰੋ।

ਇਧਰਲਿਆਂ ਨੂੰ ਮੈਂ ਕਿਹਾ। ਸਰਪੰਚ ਬੜਾ ਜਰਦਾ ਖਾਂਦਾ ਸੀ। ਮੈਂ ਕਿਹਾ ਤੂੰ ਅੰਮ੍ਰਿਤ ਛਕਿਆ ਹੈ? ਕਹਿੰਦਾ ਹਾਂ ਜੀ, ਮੈਂ ਇਕੱਲਾ ਤਾਂ ਨਹੀਂ ਮੇਰੇ ਨਾਲ ਪਾਰਟੀ ਸੀ, ਕਹਿੰਦੇ ਆਹ ਅਸੀਂ ਰਾਤ ਵਾਹਨ 'ਚ ਬੈਠੇ ਖਾਈ ਗਏ, ਨਾਲੇ ਸ਼ਰਾਬ ਪੀਈ ਗਏ ਕਿ ਅੱਜ ਦਾ ਦਿਨ ਹੀ ਹੈ ਸ਼ਰਾਬ, ਫੇਰ ਨਾ ਜਰਦਾ ਮਿਲਣਾ, ਨਾ ਸ਼ਰਾਬ ਮਿਲਣੀ ਹੈ। ਮੈਂ ਕਿਹਾ ਤੁਹਾਡੇ ਪਿੰਡ ਦੇ ਉਤੇ ਆਹ ਭਾਣਾ ਵਰਤ ਰਿਹਾ ਹੈ। ਸੌਦਾ ਕਰ ਰਹੇ ਓਂ ਗੁਰੂ ਨਾਲ। ਜਾਓ ਸਾਰਾ ਪਿੰਡ ਇਸ਼ਨਾਨ ਕਰਕੇ, ਗੁਰਦੁਆਰੇ ਜਾਓ। ਕੱਢ ਦਿਓ ਸਾਰੀਆਂ ਚੀਜ਼ਾਂ। ਗੁਰੂ ਮਹਾਰਾਜ ਨੂੰ ਕਹੋ ਕਿ ਸੱਚੇ ਪਾਤਸ਼ਾਹ! ਹੁਣ ਸਾਡੀ ਸਹਾਇਤਾ ਕਰ ਦਿਓ। ਦੋਹਾਂ ਪਿੰਡਾਂ ਵਿਚ ਅਸੀਂ ਪਾਠ ਕਰੇ, ਕੀਰਤਨ ਕਰਿਆ। ਪੰਜ ਦਿਨ ਕੀਰਤਨ ਹੁੰਦਾ ਸੀ ਸਾਡੇ, ਤਿੰਨ ਦਿਨ ਸਾਡਾ ਕੀਰਤਨ ਹੀ ਨਹੀਂ ਹੋਣ ਦਿਤਾ। ਸ਼ਾਮਿਆਨੇ ਹੀ ਪਾੜ ਦਿਤੇ ਸਾਰੇ। ਥੋੜ੍ਹਾ ਜਿਹਾ ਥਾਉਂ ਉਥੇ ਹੀ ਦਰਖਤ ਟੁੱਟ-ਟੁੱਟ ਗਿਰੀ ਜਾਣ। ਪਰ ਦੋਵੇਂ ਪਿੰਡ ਅੱਜ ਤਕ ਠੀਕ ਨੇ। ਪਰ ਮਿਲਿਆ ਕਦੇ ਕੋਈ ਨਹੀਂ।

ਇਹ ਚੀਜ਼ਾਂ ਮੈਂ ਦੱਸੀਆਂ ਨੇ ਕਿ ਇਕ ਤਾਂ ਦੁਨੀਆਂ ਆਪਣੀ ਹੈ, ਅਦ੍ਰਿਸ਼ਟ ਦੁਨੀਆਂ ਬਹੁਤ ਤੁਰੀ ਫਿਰਦੀ ਹੈ। ਭੂਤ, ਪ੍ਰੇਤ, ਰਾਕਸ਼ਸ਼, ਦੈਂਤ ਬਹੁਤ ਕੁਛ ਹੈ। ਇਹ ਆਦਮੀ ਨੂੰ ਪੈਂਦੇ ਨੇ ਜਿਹਦਾ ਕੋਈ ਵਾਲੀ-ਵਾਰਿਸ ਨਾ ਹੋਵੇ। ਜਿਹਦਾ ਵਾਲੀ-ਵਾਰਿਸ ਗੁਰੂ ਹੈ, ਉਥੇ ਨਹੀਂ ਆਉਂਦੇ।

ਇਸ ਜੋਗੀ ਨੇ ਕਿਹਾ ਕਿ ਮੈਂ ਕਾਲੀਆਂ ਸ਼ਕਤੀਆਂ ਛੱਡ ਕੇ ਭਾਈ ਤਿਲਕੂ ਨੂੰ ਆਪਣੇ ਚਰਨੀਂ ਮੰਗਾਉਣਾ ਹੈ। ਲੋਕ ਕਹਿਣ ਲੱਗੇ, ਉਹ ਤਾਂ ਗੁਰੂ ਦਾ ਸਿੱਖ ਹੈ। ਕਹਿਣ ਲੱਗਿਆ, ਤਾਂ ਕੀ ਹੈ, ਮੇਰੀ ਤਾਕਤ ਕਿਤੇ ਥੋੜ੍ਹੀ ਹੈ। ਦੋ-ਦੋ ਸਾਲ ਦੀ ਸਮਾਧੀ ਲਾਉਂਦਾ ਹਾਂ। ਫੇਰ ਮੈਂ ਕਿੰਨਾ ਕੁਛ ਵਸ ਕਰਿਆ ਹੋਇਆ ਹੈ, ਪ੍ਰੇਤ ਵਸ ਕਰੇ ਹੋਏ ਨੇ। ਉਹਨੇ ਛੱਡਣੀਆਂ ਸ਼ੁਰੂ ਕਰ ਦਿਤੀਆਂ।

ਭਾਈ ਤਿਲਕੂ ਨੇ ਦੇਖਿਆ ਕਿ ਦਰਵਾਜ਼ੇ ਖੜਕੇ ਨੇ। ਧੱਕਾ ਜਿਹਾ ਲੱਗਿਆ ਹੈ ਇਹ ਤਾਂ ਉਲਟੀਆਂ ਗੱਲਾਂ ਤੇ ਉਤਰ ਆਇਆ। ਗੁਰਸਿੱਖ ਕੋਲ ਕਿਹੜੀ ਚੀਜ਼ ਹੈ ਜਿਹੜੀ ਰਾਖੀ ਕਰੇ। ਮਹਾਰਾਜ ਕਹਿੰਦੇ ਨੇ, ਤੁਹਾਡਾ ਰਾਖਾ ਗੁਰੂ ਹੈ। ਜੇ ਤੁਹਾਡੀ ਗੁਰੂ ਨਾਲ ਬਣ ਜਾਵੇ, ਗੁਰੂ ਕੋਲ ਐਸੀ ਚੀਜ਼ ਹੈ, ਉਹਨੂੰ ਕਹਿੰਦੇ ਨੇ 'ਨਾਮ'। ਉਹ ਨਾਮ ਦੇ ਦਿੰਦਾ ਹੈ, ਨਾਮ ਦੇ ਕੋਲ ਕੋਈ ਚੀਜ਼ ਨਹੀਂ ਆ ਸਕਦੀ। ਨਾ ਕੋਈ ਭੂਤ, ਨਾ ਕੋਈ ਪ੍ਰੇਤ। ਕਿਸੇ ਦੀ ਤਾਕਤ ਨਹੀਂ ਹੈ ਕਿ ਨੇੜੇ ਆ ਜਾਵੇ। ਸਿੱਖ ਤਾਂ ਰਹਿੰਦਾ ਹੀ ਨਾਮ ਵਿਚ ਹੈ। ਅੰਤਰਮੁਖ ਹੋ ਗਿਆ। ਸਿੱਖ ਦੀ ਸੁਰਤ ਕਿਥੇ ਜਾਂਦੀ ਹੈ ਅੰਤਰਮੁਖ ਹੋਏ ਦੀ। ਸਿੱਧੀ ਵਾਹਿਗੁਰੂ 'ਚ ਜਾਂਦੀ ਹੈ। ਵਾਹਿਗੁਰੂ ਬਾਹਰ ਨਹੀਂ ਹੈ। ਇਹ ਗੱਲਾਂ ਔਖੀਆਂ ਨੇ ਜਿਹੜੀਆਂ ਮੈਂ ਛੇੜ ਲਈਆਂ। ਉਹ ਇਹ ਹੈ ਕਿ ਸਾਡੇ ਸਰੀਰ ਦੇ ਅੰਦਰ ਦੋ ਅਕਾਸ਼ ਨੇ, ਇਕ ਤਾਂ ਹੈ ਜਿਸਨੂੰ ਹਿਰਦਾ ਅਕਾਸ਼ ਕਹਿੰਦੇ ਨੇ, ਇਕ ਹੈ ਛੋਟਾ ਜਿਹਾ ਦਸਵੇਂ ਦੁਆਰੇ ਦੇ ਨਾਲ ਲਗਦਾ ਹੀ। ਉਸ ਨੂੰ ਕਹਿੰਦੇ ਨੇ ਸਤਿ ਦਾ ਆਸਨ।

***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ॥ ਅੰਗ - 877***

ਉਥੇ ਵਾਹਿਗੁਰੂ ਰਹਿੰਦਾ ਹੈ, ਤੁਹਾਡੇ ਹਰੇਕ ਦੇ ਅੰਦਰ। ਅੰਦਰ ਨਿਵਾਸ ਰਖਦਾ ਹੈ, ਹਰੇਕ ਦੇ।

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥***
***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥***
***ਅੰਗ - 1033***

ਇਹ ਜਿਹੜਾ ਗੜ੍ਹ ਹੈ ਕਾਇਆ ਦਾ ਇਹਦੇ ਵਿਚ ਵਾਹਿਗੁਰੂ ਵਸਦਾ ਹੈ। ਇਹ ਹਿਰਦੇ ਅਕਾਸ਼ ਵਿਚ ਵਸਦਾ ਹੈ। ਉਹਦਾ ਨਾਉਂ ਮਹਾਰਾਜ ਨੇ ਰੱਖਿਆ ਹੈ ਪੁਰਗਗਨੰਦਰਿ। ਉਸ ਅਸਮਾਨ ਦੇ ਵਿਚ ਵਾਹਿਗੁਰੂ ਰਹਿੰਦਾ ਹੈ, ਤੁਹਾਡੇ ਅੰਦਰ। ਲੇਕਿਨ ਉਹਦੀ ਹਿਫਾਜ਼ਤ ਵਾਸਤੇ ਐਹੋ ਜਿਹੇ ਦਰਵਾਜ਼ੇ ਬੰਦ ਹੋਏ ਹੋਏ ਨੇ, ਕਦੇ ਖੁਲ੍ਹਦੇ ਹੀ ਨਹੀਂ। ਮਹਾਰਾਜ ਕਹਿੰਦੇ ਨੇ ਕਿ ਨਉ ਦਰਵਾਜ਼ਿਆਂ ਵਾਲਾ ਕਿਲਾ ਹੈ ਇਹ ਦੋ ਅੱਖਾਂ, ਦੋ ਨਾਸਕਾ, ਦੋ ਕੰਨ, ਮਲਮੂਤਰ ਦੇ ਅੰਦਰ। ਇਹਦੇ ਵਿਚ ਇਕ ਗੁਪਤ ਰੱਖਿਆ ਹੋਇਆ ਹੈ, ਜਿਹਨੂੰ ਦਸਵਾ ਦੁਆਰ ਕਹਿੰਦੇ ਨੇ। ਓਧਰ ਅਸੀਂ ਕਦੇ ਜਾਂਦੇ ਹੀ ਨਹੀਂ। ਸਾਨੂੰ ਸੁਭਾਅ ਨਹੀਂ ਪਿਆ, ਬਾਰ-ਬਾਰ ਅਸੀਂ ਘੁੰਮੀਂ ਜਾਂਦੇ ਹਾਂ।

***ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥***
***ਅੰਗ - 339***

ਤੁਹਾਡੇ ਅੰਦਰ ਹੀ ਹੈ। ਕੋਈ ਦੂਰ ਨਹੀਂ ਹੈ ਉਹ।

ਸੋ ਭਾਈ ਤਿਲਕੂ ਨੇ ਜਿਸ ਵਕਤ ਨੇਤਰ ਬੰਦ ਕਰੇ। ਪ੍ਰਮੇਸ਼ਰ ਐਨਰਜੀ ਜਿਹੜੀ ਸੀ ਅੰਦਰ ਬਾਹਰ ਦੋਵੇਂ ਪਾਸੇ ਫੈਲ ਗਈ, ਉਹਨੇ ਉਹਦਾ ਸਾਰਾ ਜਾਦੂ ਰੋਕ ਲਿਆ। ਕੁਛ ਨਹੀਂ ਹੁੰਦਾ। ਜਾ-ਜਾ ਕੇ ਸਭ ਜਵਾਬ ਦੇਈ ਜਾਂਦੇ ਨੇ, ਭੂਤ-ਪ੍ਰੇਤ ਛੱਡੇ ਉਨ੍ਹਾਂ ਨੇ ਵੀ ਜਵਾਬ ਦੇ ਦਿਤਾ। ਸਾਰੀਆਂ ਸ਼ਕਤੀਆਂ ਨੇ ਜਵਾਬ ਦੇ ਦਿਤਾ।

ਗੁਰੂ ਮਹਾਰਾਜ ਕਹਿੰਦੇ ਨਾਮ ਦੇ ਮੁਕਾਬਲੇ ਦੇ ਉਤੇ ਕੋਈ ਸੰਸਾਰ ਦੀ ਸ਼ਕਤੀ ਨਹੀਂ ਹੈ। ਜਿਹੜਾ ਸਭ ਤੋਂ ਸ਼ਕਤੀਸ਼ਾਲ ਜਮਦੂਤ ਹੈ ਨਾ ਜਿਹੜਾ ਕਿਸੇ ਨੂੰ ਨਹੀਂ ਛੱਡਦਾ। ਉਹ ਵੀ ਜਦੋਂ ਪ੍ਰਮੇਸ਼ਰ ਦੇ ਨਾਮ ਦੀ ਆਵਾਜ਼ ਸੁਣਦਾ ਹੈ, ਦੂਰ ਤੋਂ ਹੀ ਨੱਠ ਜਾਂਦਾ ਹੈ।

ਵਾਹਿਗੁਰੂ ਦਾ ਨਾਮ ਸੁਣਦੇ ਸਾਰ ਹੀ ਵਿਘਨ ਖਤਮ ਹੋ ਜਾਂਦੇ ਨੇ। ਵਾਹਿਗੁਰੂ ਕਹਿ ਕੇ ਆਟਾ ਕੱਢ ਲਓ, ਬੀਬੀਆਂ ਪਕਾਉਂਦੀਆਂ ਨੇ, ਪੁਰਾਣੀਆਂ ਬਜ਼ੁਰਗ ਕਹਿੰਦੀਆਂ ਸੀ ਕਿ ਭਾਈ, ਵਾਹਿਗੁਰੂ ਕਹਿ ਕੇ ਆਟਾ ਕੱਢੀ, ਨਹੀਂ ਭੂਤ ਨਾਲ ਲਗ ਜਾਣੇ ਨੇ ਹੁਣੇ ਹੀ। ਬਰਕਤ ਨਹੀਂ ਰਹਿਣੀ। ਬਰਕਤ ਤਾਂ ਪੈਂਦੀ ਹੈ ਵਾਹਿਗੁਰੂ ਕਹਿ ਕੇ ਕੱਢੋ, ਵਾਹਿਗੁਰੂ ਕਹਿ ਕੇ ਪੇੜਾ ਪਾਓ, ਵਾਹਿਗੁਰੂ ਕਹਿ ਕੇ ਰੋਟੀ ਉਤੇ ਪਾਓ।

***ਨਾਮੁ ਲੈਤ ਕਿਛੁ ਬਿਘਨੁ ਨ ਲਾਗੈ॥***
***ਨਾਮੁ ਸੁਣਤ ਜਮੁ ਦੂਰਹੁ ਭਾਗੈ॥***
***ਨਾਮੁ ਲੈਤ ਸਭ ਦੂਖਹ ਨਾਸੁ॥***
***ਨਾਮੁ ਜਪਤ ਹਰਿ ਚਰਣ ਨਿਵਾਸੁ॥ ਅੰਗ - 1150***

ਹੁਣ ਇਹ ਸ਼ਕਤੀਆਂ ਸਾਰੀਆਂ ਜਵਾਬ ਦੇ ਗਈਆਂ ਉਸਨੂੰ। ਉਸ ਨੇ ਫੇਰ ਤ੍ਰਾਟਕ ਸ਼ੁਰੂ ਕਰਿਆ। ਜੋਗੀਆਂ ਦੇ ਕੋਲ ਇਕ ਸ਼ਕਤੀ ਹੁੰਦੀ ਹੈ, ਬਹਿ ਕੇ ਤ੍ਰਾਟਕ ਲਾਉਣਾ, ਅੱਖਾਂ ਦੇ ਨਾਲ ਬੇਹੋਸ਼ ਕਰ ਦੇਣਾ। ਜਾਂ ਤ੍ਰਾਟਕ ਦੇ ਨਾਲ ਐਨੀ ਸ਼ਕਤੀ ਦੂਸਰੇ ਤੇ ਸੁੱਟਣੀ ਦੂਸਰੇ ਨੂੰ ਬੇਹੋਸ਼ ਕਰ ਦੇਣਾ। ਜਦੋਂ ਇਹਨੇ ਤ੍ਰਾਟਕ ਕਰਿਆ ਜਿਵੇਂ ਬੰਦੇ ਬਹਾਦਰ ਨੇ ਗੁਰੂ ਦਸਵੇਂ ਪਾਤਸ਼ਾਹ ਦੇ ਕੋਲ ਤ੍ਰਾਟਕ, ਅਖੀਰਲਾ ਓਹਦਾ ਵਾਰ ਸੀ ਤ੍ਰਾਟਕ ਦਾ। ਪਹਿਲਾਂ ਤਾਂ ਉਹਨੇ ਬੀਰ ਭੇਜੇ ਕਿ ਮਹਾਰਾਜ ਜਿਹੜੇ ਮੰਜੇ ਤੇ ਬੈਠੇ ਨੇ, ਉਹਨੂੰ ਧਰਤੀ ਵਿਚ ਦਬਾ ਦਿਓ। ਮਹਾਰਾਜ ਨੇ ਦੇਖਿਆ ਕਿ ਮੰਜਾ ਹਿੱਲਿਆ ਹੈ, ਉਹ ਆਪ ਤਾਂ ਕੁਰਸੀ ਤੇ ਬੈਠ ਗਏ, ਤੀਰ ਰੱਖ ਦਿਤਾ। ਜ਼ੋਰ ਲਾ ਰਹੇ ਮੰਜਾ ਹਿਲਿਆ ਹੀ ਨਾ।

ਜਦੋਂ ਬੰਦੇ ਨੂੰ ਜਾ ਕੇ ਦੱਸਿਆ ਕਿ ਉਹ ਤਾਂ ਐਡਾ ਵਲੀ ਹੈ। ਉਹਦਾ ਤੀਰ ਵੀ ਨਹੀਂ ਸਾਡੇ ਤੋਂ ਹਿੱਲਿਆ। ਕਹਿੰਦਾ ਫੇਰ ਧਰਤੀ ਵਿਚ ਗੱਡ ਦਿਓ ਪਲੰਘ। ਮਹਾਰਾਜ ਨੇ ਦੇਖਿਆ ਕਿ ਪਲੰਘ ਧਰਤੀ 'ਚ ਹੇਠਾਂ ਨੂੰ ਜਾਣ ਲੱਗਿਆ ਹੈ, ਤੀਰ ਚੁੱਕਿਆ ਨਾਲ ਖੜ੍ਹਾ ਕਰ ਦਿਤਾ। ਉਨ੍ਹਾਂ ਨੇ ਕਿਹਾ ਜਾ ਕੇ ਬੰਦੇ ਨੂੰ ਕਿ ਅਸੀਂ ਉਥੇ ਕਾਮਯਾਬ ਨਹੀਂ ਹੋ ਸਕਦੇ। ਉਹਦਾ ਤਾਂ ਤੀਰ ਹੈ ਆਪ ਤਾਂ ਹੈ ਨਹੀਂ। ਕਹਿੰਦਾ ਫੇਰ ਮੈਂ ਹੁਣ ਤ੍ਰਾਟਕ ਕਰਦਾਂ।

ਬੰਦਾ ਬਹਾਦਰ ਆਪਣੇ ਆਸ਼ਰਮ ਵਲ ਮੂੰਹ ਕਰਕੇ, ਤ੍ਰਾਟਕ ਲਾ ਲਿਆ ਕਿ ਮੈਂ ਤ੍ਰਾਟਕ ਦੇ ਬਲ ਨਾਲ ਗੁਰੂ ਗੋਬਿੰਦ ਸਿੰਘ ਨੂੰ ਸੁੱਟਾਂਗਾ ਥੱਲੇ। ਜੇ ਤਾਂ ਤ੍ਰਾਟਕ ਦੂਸਰੇ ਤੇ ਭਾਰੂ ਪੈ ਜਾਵੇ ਫੇਰ ਤਾਂ ਹੋ ਜਾਂਦਾ ਹੈ। ਜੇ ਨਾ ਭਾਰੂ ਪਵੇ ਤਾਂ ਆਪਣੇ ਤੇ ਹੀ ਆ ਜਾਂਦਾ ਹੈ। ਬੰਦਾ ਬਹਾਦਰ ਹੀ ਗਿਰ ਗਿਆ ਪੁੱਠਾ ਹੋ ਕੇ।

ਉਸ ਵੇਲੇ ਆ ਗਿਆ ਗੁਰੂ ਮਹਾਰਾਜ ਦੇ ਚਰਨਾਂ ਵਿਚ ਕਿ ਅੱਜ ਮੇਰਾ ਵਾਹ ਕਿਸੇ ਬਹੁਤ ਵੱਡੀ ਹਸਤੀ ਨਾਲ ਪਿਆ ਹੈ। ਕਿਉਂਕਿ ਉਸਦਾ ਸੁਭਾਅ ਸੀ।

ਜਦੋਂ ਦਾਦੂ ਦੇ ਡੇਹਰੇ ਤੋਂ ਗੁਰੂ ਮਹਾਰਾਜ ਚੱਲੇ, ਤਾਂ ਉਨ੍ਹਾਂ ਸੰਤਾਂ ਨੇ ਕਿਹਾ ਕਿ ਮਹਾਰਾਜ, ਤੁਸੀਂ ਉਹਦੇ ਨਾ ਜਾਇਓ, ਮਾਧੋ ਦਾਸ ਦੇ। ਕਹਿੰਦੇ ਕਿਉਂ? ਕਹਿੰਦੇ ਪਹਿਲਾਂ ਤਾਂ ਉਹ ਸੇਵਾ ਕਰਦਾ ਹੈ, ਬਾਅਦ 'ਚ ਬਹੁਤ ਖੱਜਲ ਖੁਆਰ ਕਰਦੈ। ਕਹਿੰਦੇ, ਕਿਵੇਂ? ਸੰਤ ਕਹਿਣ ਲੱਗੇ, ਮਹਾਰਾਜ! ਮੈਂ ਚਲਿਆ ਗਿਆ, ਮੇਰੀ ਬੜੀ ਸੇਵਾ ਕਰੀ। ਜਦੋਂ ਮੈਂ ਤੁਰਨ ਲੱਗਿਆ ਕਹਿਣ ਲੱਗਿਆ, ਸੰਤੋ ਬੈਠੋ ਤਾਂ ਸਹੀ ਦਮ ਤਾਂ ਲਓ। ਕਹਿੰਦੇ, ਮੈਂ ਮੰਜੇ ਤੇ ਬਹਿ ਗਿਆ, ਮੰਜਾ ਉਲਟਾ ਦਿਤਾ। ਕਹਿੰਦਾ, ਐਨਾ ਵਜ਼ਨ ਪਾ ਦਿਤਾ, ਮੇਰੀਆਂ ਚੀਕਾਂ ਨਿਕਲ ਗਈਆਂ ਹੇਠਾਂ। ਮਹਾਰਾਜ ਨੇ ਕਿਹਾ ਕਿ ਤੁਸੀਂ ਕੋਈ ਸ਼ਕਤੀ ਦਿਖਾਉਣੀ ਸੀ? ਕਹਿਣ ਲੱਗਿਆ, ਮਹਾਰਾਜ! ਉਹਦੇ ਮੂਹਰੇ ਸ਼ਕਤੀ ਕੋਈ ਨਹੀਂ ਚਲਦੀ, ਉਹਨੇ ਬਹੁਤ ਜ਼ਿਆਦਾ ਬੀਰ ਵਸ ਕਰੇ ਹੋਏ ਨੇ। ਫੇਰ ਉਹਨੇ ਮੈਨੂੰ ਤਾਹਨਾ ਮਾਰਿਆ ਕਿ ਸੰਤ ਵੀ ਬਣਨਾ ਤੇ ਸ਼ਕਤੀ ਵੀ ਨਾ ਹੋਣੀ, ਇਹ ਕਿਹੜੀ ਗੱਲ ਹੈ ਕਿ ਰੋਟੀਆਂ ਖਾ ਕੇ ਗੁਜ਼ਾਰਾ ਕਰਦੇ ਓਂ।

ਮਹਾਰਾਜ ਕਹਿੰਦੇ ਉਥੇ ਹੀ ਜਾਣਾ ਹੈ ਅਸੀਂ। ਉਥੇ ਬੰਦੇ ਦਾ ਸਾਰਾ ਜ਼ੋਰ ਲੱਗ ਗਿਆ। ਜਦੋਂ ਆਪ ਗਿਰ ਪਿਆ, ਫੇਰ ਆਇਆ ਚਰਨਾਂ 'ਚ।

ਇਵੇਂ ਜਿਵੇਂ ਇਹ ਜੋਗੀ ਤ੍ਰਾਟਕ ਕਰਦਾ ਹੈ, ਜਦੋਂ ਤ੍ਰਾਟਕ ਨਾਲ ਕੁਛ ਨਾ ਬਣਿਆ। ਹੁਣ ਗੁਰਸਿੱਖ ਕਿੱਥੇ ਬੈਠਾ ਹੈ, ਗੁਰਸਿੱਖ ਆਤਮ ਮੰਡਲ 'ਚ ਬੈਠਾ ਹੈ। ਉਥੇ ਤਾਂ ਪਹੁੰਚ ਹੀ ਨਹੀਂ ਸ਼ਕਤੀਆਂ ਦੀ ਇਹ ਚੀਜ਼ਾਂ ਕੋਈ ਵੀ ਕਿਉਂਕਿ ਉਥੇ ਨਾਮ ਰਾਖੀ ਕਰਦਾ ਹੈ।

ਜਿਹਦੇ ਉਤੇ ਤੇਰੀ ਰਾਖੀ ਹੋ ਗਈ ਨਾ ਉਹਦਾ ਕੋਈ ਬੁਰਾ ਨਹੀਂ ਕਰ ਸਕਦਾ।

***ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥***
***ਅੰਗ - 749***

ਉਸ ਵੇਲੇ ਜੋਗੀ ਨੇ ਦੇਖਿਆ ਕਿ ਮੇਰੀ ਸ਼ਕਤੀ ਤਾਂ ਉਸ ਅੱਗੇ ਕੁਛ ਨਹੀਂ ਹੈ। ਕਹਿਣ ਲੱਗਿਆ, ਸਾਰਿਆਂ ਨੂੰ ਕਿ ਚਲੋ ਚੱਲੀਏ, ਉਹ ਤਾਂ ਨਹੀਂ ਆਉਂਦਾ, ਹਿੰਡ ਕਰਦਾ ਹੈ, ਮੈਂ ਆਪ ਹੀ ਜਾ ਕੇ ਦਰਸ਼ਨ ਦਿੰਦਾ ਹਾਂ ਉਹਨੂੰ। ਇਹ ਨਹੀਂ ਦੱਸਿਆ ਕਿ ਮੇਰੀਆਂ ਸਾਰੀਆਂ ਤਾਕਤਾਂ ਫੇਲ੍ਹ ਹੋ ਗਈਆਂ।

ਏਧਰ ਲੋਕਾਂ ਨੇ ਆ ਕੇ ਦੱਸਿਆ ਕਿ ਭਾਈ ਤਿਲਕੂ! ਗੁਰਸਿੱਖਾ! ਉਹ ਜਿਹੜਾ ਜੋਗੀ ਹੈ ਨਾ ਉਹ ਹੁਣ ਤੇਰੇ ਦਰਸ਼ਨਾਂ ਨੂੰ ਆ ਰਿਹਾ ਹੈ। ਕਹਿੰਦੇ, ਮੇਰੇ ਦਰਸ਼ਨਾਂ ਨੂੰ? ਮੈਂ ਤਾਂ ਉਹਦੇ ਮੱਥੇ ਨਹੀਂ ਲੱਗਣਾ ਕਿਸੇ ਕੀਮਤ ਤੇ ਵੀ। ਕਿਉਂਕਿ ਉਹਦਾ ਬਚਨ ਹੈ ਕਿ ਜਿਹੜਾ ਮੇਰੇ ਦਰਸ਼ਨ ਕਰੇਗਾ ਸਾਲ ਦਾ ਸਵਰਗ ਮਿਲੇਗਾ ਉਹਨੂੰ। ਮੈਨੂੰ ਤਾਂ ਪੰਜ ਸਾਲ ਦਾ ਦਿੰਦਾ ਹੈ, ਮੈਂ ਜੇਲ੍ਹਖਾਨੇ 'ਚ ਜਾਣਾ ਹੈ। ਮੈਂ ਨਹੀਂ

ਉਹਦੇ ਦਰਸ਼ਨ ਕਰਨੇ। ਭਾਈ ਤਿਲਕੂ ਨੇ ਦਰਵਾਜ਼ਾ ਵਿਹੜੇ ਦਾ ਬੰਦ ਕਰ ਲਿਆ, ਪਿੱਠ ਕਰਕੇ ਬੈਠ ਗਿਆ ਨਾਲ ਲਗ ਕੇ ਕਿ ਕਿਤੇ ਧੱਕੇ ਮਾਰ ਕੇ ਖੋਲ੍ਹ ਨਾ ਲਵੇ।

ਐਨੇ ਨੂੰ ਜੋਗੀ ਆ ਗਿਆ। ਆ ਕੇ ਕਹਿਣ ਲੱਗਿਆ, ਭਾਈ ਤਿਲਕੂ! ਤੂੰ ਤਾਂ ਨਹੀਂ ਆਇਆ, ਤੈਨੂੰ ਪੰਜ ਸਾਲ ਸਵਰਗ ਦਿਤਾ, ਚੱਲ ਦੱਸ ਸਾਲ ਦਾ ਦਿੱਤਾ। ਉਹ ਕਹਿਣ ਲੱਗੇ ਜੋਗੀ! ਜੇ ਤੂੰ ਮੇਰੇ ਨਾਲ ਗੱਲ ਕਰਨੀ ਹੈ ਨਾ ਤਾਂ ਪਹਿਲਾਂ ਵਾਪਸ ਲੈ ਲੈ ਆਪਣਾ ਬਚਨ। ਮੈਂ ਕਿਸੇ ਜੇਲ੍ਹਖਾਨੇ 'ਚ ਨਹੀਂ ਜਾਣਾ ਚਾਹੁੰਦਾ।

ਕਹਿੰਦਾ ਸਵਰਗ ਜੇਲ੍ਹਖਾਨਾ ਹੁੰਦੈ ?

ਕਹਿੰਦਾ, ਹੋਰ ਕੀ ਹੁੰਦੈ। ਪੁੰਨ ਕਰਮ ਕਰਦੈ ਬੰਦਾ ਉਥੇ ਜਾਂਦਾ ਹੈ, ਮੁੜ ਕੇ ਫੇਰ ਥੱਲੇ ਗਿਰ ਪੈਂਦਾ ਹੈ। ਮੈਨੂੰ ਨਹੀਂ ਇਹਦੀ ਲੋੜ। ਸਾਨੂੰ ਤਾਂ ਦੋਹਾਂ ਤੋਂ ਹੀ ਬਚਾਇਆ ਹੋਇਆ ਹੈ ਗੁਰੂ ਨੇ।

***ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥***
***ਅੰਗ - 969***

ਕਹਿੰਦੇ ਜੋਗੀ, ਤੂੰ ਤਾਂ ਐਉਂ ਗੱਲ ਕਰਦਾ ਹੈ ਕਿ ਇਕ ਬੰਦੇ ਦੇ ਹੱਥ ਵਿਚ ਇਕ ਲੱਖ-ਲੱਖ ਰੁਪਏ ਦਾ ਲਾਲ ਹੋਵੇ, ਤੇ ਉਹਨੂੰ ਰੁਝਾਉਣ ਵਾਸਤੇ ਸੋਹਣੀਆਂ-ਸੋਹਣੀਆਂ ਕੋਡੀਆਂ ਹੱਥ ਵਿਚ ਫੜਾਵੇਂ ?

ਕਹਿੰਦਾ, ਮੇਰੇ ਸਮਝ ਵਿਚ ਨਹੀਂ ਪਈ ਗੱਲ ? ਭਾਈ ਤਿਲਕੂ ਨੇ ਕਿਹਾ ਜੋਗੀ! ਤੇਰਾ ਨਰਕ ਤੇ ਸੁਰਗ ਕੀ ਮਾਇਨੇ ਰਖਦਾ ਹੈ। ਜਿਨ੍ਹਾਂ ਨੂੰ ਸੁਰਗ ਮਿਲਦਾ ਹੈ, ਸੁਰਗ ਦੇ ਦੇਵਤਿਆਂ ਨੂੰ ਕਿਤੇ ਸ਼ਾਂਤੀ ਹੈ ? ਇੰਦਰ ਦੌੜਿਆ ਹੀ ਫਿਰਦਾ ਹੈ -

***ਸਹੰਸਰ ਦਾਨ ਦੇ ਇੰਦ੍ਰ ਰੋਆਇਆ॥ ਅੰਗ - 953***

ਉਹ ਵੀ ਰੋਂਦਾ ਹੀ ਹੈ, ਜਿਹਦੇ ਕੋਲ ਦੱਸ ਅਰਬ ਗੁਣਾਂ ਸੁਖ ਜ਼ਿਆਦਾ ਹੈ ਤੇਰੇ ਨਾਲੋਂ। ਸਾਨੂੰ ਤਾਂ ਉਹ ਪਰਮ ਸੁੱਖ ਪ੍ਰਾਪਤ ਹੈ ਜਿਹਨੂੰ ਅਬਿਨਾਸ਼ੀ ਖੇਮ ਕਹਿੰਦੇ ਨੇ। ਉਹਨੂੰ ਛੱਡ ਕੇ ਅਸੀਂ ਨਰਕ ਸੁਰਗ ਦੀ ਗੱਲ ਕਰੀਏ। ਫੇਰ ਬਹੁਤ ਵਾਰਤਾਲਾਪ ਉਹਦੇ ਨਾਲ ਹੋਈ। ਗੁਰਮਤਿ ਦੇ ਬਾਰੇ ਉਹਨੂੰ ਗਿਆਨ ਕਰਾਇਆ। ਕਹਿੰਦੇ, ਤੈਨੂੰ ਤਾਂ ਮਿਲਿਆ ਹੀ ਕੁਝ ਨਹੀਂ ਹੈ, ਰਿੱਧੀਆਂ ਸਿੱਧੀਆਂ ਦੇ ਚੱਕਰ ਵਿਚ ਫਿਰਦਾ ਹੈਂ। ਅਸੀਂ ਤਾਂ ਇਹਦੇ ਵਲ ਝਾਕਦੇ ਵੀ ਨਹੀਂ ਹਾਂ। ਜਿਹਦੇ ਹਿਰਦੇ ਵਿਚ ਨਾਮ ਵਸ ਗਿਆ ਰਿੱਧੀਆਂ ਸਿੱਧੀਆਂ ਤਾਂ ਉਹਦੇ ਪਿਛੇ ਲੱਗੀਆਂ ਫਿਰਦੀਆਂ ਨੇ। ਬਾਕੀ ਤੈਨੂੰ ਮਿਲਿਆ ਤਾਂ ਕੁਛ ਨਹੀਂ ਅਜੇ ਤੱਕ। ਇਹ ਮਨੁੱਖਾ ਜਨਮ ਪ੍ਰਭੂ ਦੀ ਪ੍ਰਾਪਤੀ ਵਾਸਤੇ ਪ੍ਰਾਪਤ ਹੋਇਆ ਹੈ। ਬੜੀ ਸੰਖੇਪ ਦੇ ਵਿਚ ਹੈ ਇਹ ਗੱਲ ਜਿਹੜੀ ਮੈਂ ਬੇਨਤੀ ਕਰ ਰਿਹਾ ਹੈ।

ਇਹ ਸਰੀਰ ਮਿਲਿਆ ਹੈ, ਇਹ ਬਹੁਤ ਹੀ ਸੁੰਦਰ ਸਰੀਰ ਹੈ।

***ਪੁਤਰੀ ਤੇਰੀ ਬਿਧਿ ਕਰਿ ਥਾਟੀ॥***
***ਜਾਨੁ ਸਤਿ ਕਰਿ ਹੋਇਗੀ ਮਾਟੀ॥ ਅੰਗ - 374***

ਬਹੁਤ ਤਰੀਕੇ ਨਾਲ ਬਣਾਈ ਹੈ। 72 ਕਰੋੜ, 72 ਲੱਖ, 72 ਹਜ਼ਾਰ ਦੋ ਸੌ 10 ਇਹਦੇ ਵਿਚ ਬਲੱਡ ਚੈਨਲ ਬਣੀ ਹੋਈ ਹੈ। ਸਾਢੇ ਤਿੰਨ ਕਰੋੜ ਇਹਦੇ ਵਿਚ ਛੇਕ ਹੈ ਜਿਨ੍ਹਾਂ ਦੇ ਰਾਹੀਂ ਹਰ ਵਕਤ ਇਹਦੇ ਸਰੀਰ ਦੀ ਜ਼ਹਿਰ ਬਾਹਰ ਨਿਕਲਦੀ ਹੈ। ਪੰਜ ਪ੍ਰਾਣ ਨੇ ਇਹਦੇ ਵਿਚ। ਪੰ ਸ਼ਕਤੀ ਪ੍ਰਣਾਲੀਆਂ (vital forces ਨੇ, ਮਨ ਹੈ, ਚਿੱਤ ਹੈ, ਬੁੱਧ ਹੈ, ਅਹੰਭਾਵ ਹੈ। ਇਹਦੇ ਅੰਦਰ ਬੇਅੰਤ ਚੀਜ਼ਾਂ ਪਈਆਂ ਨੇ। ਬਾਕੀਆਂ ਦਾ ਸਾਰਿਆਂ ਨੂੰ ਪਤਾ ਹੈ, ਕਾਮ ਦਾ ਸਭ ਨੂੰ ਪਤਾ ਹੈ ਮੇਰੇ ਅੰਦਰ ਹੈ, ਕ੍ਰੋਧ ਦਾ ਪਤਾ, ਲੋਭ ਦਾ ਪਤਾ ਹੈ, ਮੋਹ ਦਾ ਪਤਾ ਹੈ, ਅਭਿਮਾਨ ਦਾ ਸਾਰਿਆਂ ਨੂੰ ਪਤਾ ਹੈ। ਰੋਜ਼ ਸਾਡਾ ਵਾਹ ਚੋਰਾਂ ਨਾਲ ਪੈਂਦਾ ਹੈ, ਸਾਨੂੰ ਪਤਾ ਹੈਗਾ ਕਿ ਚੋਰ ਅੰਦਰ ਹੈਗੇ। ਈਰਖਾ ਦਾ ਸਾਨੂੰ ਪਤਾ ਹੈ, ਹਉਕੇ ਲੈਂਦੇ ਹਾਂ, ਜਲਦੇ ਹਾਂ ਅਸੀਂ ਈਰਖਾ 'ਚ ਆ ਕੇ। ਨਿੰਦਿਆ ਦਾ ਸਾਨੂੰ ਪਤਾ ਹੈ ਕਿ ਮੈਂ ਹੁਣ ਨਿੰਦਿਆ ਕਰ ਰਿਹਾ ਹਾਂ। ਇਹ ਚੀਜ਼ਾਂ ਸਭ ਕੂੜਾ ਹੈ ਇਹ ਆਦਮੀ ਦੇ ਅੰਦਰ। ਲੇਕਿਨ ਇਹਦੇ ਵਿਚ ਜਿਹੜੀਆਂ ਵਧੀਆਂ ਚੀਜ਼ਾਂ ਪਈਆਂ ਨੇ, ਸਤਿ ਪਿਆ ਹੈ, ਸੰਤੋਖ ਹੈ, ਵੀਚਾਰ ਹੈ, ਦਇਆ ਹੈ, ਖਿਮਾ ਹੈ, ਧੀਰਜ ਹੈ, ਅਹਿੰਸਾ ਹੈ, ਸੇਵਾ ਹੈ, ਸਿਮਰਨ ਹੈ। ਇਸ ਤੋਂ ਵੀ ਜਿਹੜੀਆਂ ਵਧੀਆਂ ਪਈਆਂ ਨੇ ਉਪਰਲੇ ਪਾਸੇ ਉਹ ਨੇ ਪ੍ਰਮੇਸ਼ਰ ਦੇ ਨਾਮ ਦੀਆਂ ਬਰਕਤਾਂ। ਉਹਦੇ ਨਾਲ ਲਗਦਾ ਹੀ ਵਾਹਿਗੁਰੂ ਹੈ। ਮਹਾਰਾਜ ਕਹਿੰਦੇ, ਦੇਖ, ਆਹ ਸਰੀਰ ਦੇ ਵਿਚ ਸਭ ਕੁਛ ਪਿਆ ਹੈ। ਤੈਨੂੰ ਜਿਹੜੀਆਂ ਚੀਜ਼ਾਂ ਚਾਹੀਦੀਆਂ ਸੀ ਨਰਕਾਂ ਨੂੰ ਲਿਜਾਣ ਵਾਲੀਆਂ, ਉਹ ਤਾਂ ਮੈਨੂੰ ਮਿਲ ਗਈਆਂ ਸਾਰੀਆਂ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ ਸਭ ਤੈਨੂੰ ਸਹਿਜ ਨਾਲ ਹੀ ਟੱਕਰ ਗਏ ਆ ਕੇ। ਉਹ ਜਿਹੜੀ ਸਤਿ ਵੀਚਾਰ ਹੈ ਉਹ ਤੈਨੂੰ ਪ੍ਰਾਪਤ ਨਹੀਂ ਹੋਈ। ਖਿਮਾ ਤੇਰੇ ਵਿਚ ਨਹੀਂ ਆਈ, ਧੀਰਜ ਤੇਰੇ 'ਚ ਨਹੀਂ ਆਈ, ਦਇਆ ਤੇਰੇ 'ਚ ਨਹੀਂ ਆਈ, ਅਹਿੰਸਾ ਤੇਰੇ 'ਚ ਨਹੀਂ ਆਈ, ਸੰਤੋਖ ਤੈਨੂੰ ਅਜੇ ਪ੍ਰਾਪਤ ਨਹੀਂ ਹੋਇਆ। ਉਪਰਲੇ ਪਾਸੇ ਨੂੰ ਰੁਖ ਨਹੀਂ ਤੂੰ ਕਰਿਆ, ਅੰਦਰਲੀ ਖੋਜ ਨਹੀਂ ਕਰੀ, ਬਾਹਰ-ਬਾਹਰ ਤੂੰ ਦੇਖਦਾ ਹੈਂ, ਇਹ ਚੀਜ਼ਾਂ ਬਾਹਰੋਂ ਮਿਲਦੀਆਂ ਨੇ, ਉਹ ਅੰਦਰੋਂ ਮਿਲਦੀਆਂ ਨੇ। ਮਹਾਰਾਜ ਕਹਿੰਦੇ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - 12***

ਵਾਰੀ ਮਿਲ ਗਈ ਪਿਆਰਿਆ, ਮਨੁੱਖ ਸਰੀਰ ਮਿਲ ਗਿਆ। ਪਹਿਲਾਂ ਭਟਕਦਾ ਫਿਰਦਾ ਹੈ।

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***

*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥* *ਅੰਗ - 176*

ਇਹ ਤਾਂ ਲੰਘ ਗਏ ਦਿਨ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਅੰਗ - 631*

ਇਹ ਮਿਲ ਤਾਂ ਗਈ ਗਰੰਟੀ ਨਹੀਂ ਹੈ।

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥*
*ਅੰਗ - 1366*

ਫੇਰ ਤਾਂ ਲੱਗਣੇ ਹੀ ਨਹੀਂ ਟਾਹਣੀ ਨਾਲ। ਆਹ ਹੁਣ ਵੀ ਜਿਹੜਾ ਆਪਣਾ ਟਾਈਮ ਲੰਘਿਆ ਜਾ ਰਿਹਾ ਹੈ, ਰੱਬ ਨੂੰ ਮਿਲਣਾ ਕੋਈ ਬਹੁਤਾ ਟਾਈਮ ਨਹੀਂ ਲਗਦਾ।

*ਬੁਲਿਆ ਰੱਬ ਦਾ ਕੀ ਪਾਉਣਾ*
*ਐਧਰੋਂ ਪੁੱਟਣਾ ਐਧਰ ਲਾਉਣਾ।*

ਬਾਹਰਲੇ ਪਾਸੇ ਹਟਜਾ ਢੂੰਡਣ ਤੋਂ, ਉਹ ਤਾਂ ਅੰਦਰ ਵਸਦਾ ਹੈ, ਤੂੰ ਦੇਖਦਾ ਨਹੀਂ? ਯਕੀਨ ਨਹੀਂ ਤੈਨੂੰ ਆਉਂਦਾ। ਗੁਰੂ ਕੋਈ ਸ਼ਤੀਰ ਤਾਂ ਨਹੀਂ ਨਾ ਰਖਦਾ ਸਿਰ ਤੇ ਕਿ ਆਹ ਚੁੱਕੀਂ ਫਿਰ। ਆਪਣੇ ਅੰਦਰਲਾ ਸ਼ੀਸ਼ਾ ਸਾਫ ਕਰ ਲੈ। ਤੈਨੂੰ ਤੇਰੇ ਅੰਦਰਲੇ ਅੰਤਸ਼ਕਰਣ ਵਿਚੋਂ ਹੀ ਪ੍ਰਮੇਸ਼ਰ ਲੱਭ ਜਾਏਗਾ। ਇਹ ਮੈਲਾ ਹੈ ਬਹੁਤਾ। ਇਹਨੂੰ ਧੋਈਏ ਕਿਵੇਂ? ਕਹਿੰਦੇ -

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥* *ਅੰਗ - 4*

ਨਾਮ ਦੇ ਪਿਆਰ ਨਾਲ ਧੋ ਲੈ। ਐਨਾ ਹੀ ਕਹਿਣਾ ਹੈ ਤੂੰ ਵਾਹਿਗੁਰੂ-ਵਾਹਿਗੁਰੂ, ਵਾਹਿਗੁਰੂ-ਵਾਹਿਗੁਰੂ। ਇਹ ਤੇਰੇ ਅੰਦਰ ਵਸ ਜਾਏਗਾ, ਤੇਰਾ ਜੀਵਨ ਬਣ ਜਾਏਗਾ-

*ਆਖਾ ਜੀਵਾ ਵਿਸਰੈ ਮਰਿ ਜਾਉ॥* *ਅੰਗ - 9*

ਫੇਰ ਤਾਂ ਜੇ ਕਹੇਂਗਾ ਵਾਹਿਗੁਰੂ ਫੇਰ ਜੀਉਂਦਾ ਰਹੇਂਗਾ, ਨਹੀਂ ਹਉਕੇ ਲੈਣ ਲਗ ਜਾਏਂਗਾ ਕਿ ਮੇਰਾ ਕੀ ਗਵਾਚ ਗਿਆ?

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥*
*ਅੰਗ - 1379*

ਕਹਿੰਦੇ ਛੋਟਾ ਜਿਹਾ ਕੰਮ ਹੈ ਕਾਰੋਬਾਰ ਵੀ ਕਰ। ਚਿੱਤ ਕਿਸੇ ਨਾ ਕਿਸੇ ਚੀਜ਼ ਨਾਲ ਲੱਗਿਆ ਹੀ ਰਹਿਣਾ ਹੈ। ਬਾਕੀ ਦੇ ਸਭ ਛੱਡ ਕੇ ਤੂੰ ਵਾਹਿਗੁਰੂ ਵਲ ਚਿੱਤ ਲਾ। ਕਿਉਂਕਿ ਆਪਾਂ ਬੜਾ ਜ਼ਰੂਰੀ ਕੰਮ ਕਰਨ ਵਾਸਤੇ ਸੰਸਾਰ ਤੇ ਆਏ ਹਾਂ। ਜੇ ਟਾਈਮ ਲੰਘ ਗਿਆ ਫੇਰ ਪਛਤਾਉਂਦੇ ਜਾਵਾਂਗੇ।

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥*
*ਅੰਗ - 1365*

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥*
*ਅੰਗ - 1428*

ਹੁਣ ਕਿਉਂ ਰੋਂਦਾ ਹੈ। ਉਦੋਂ ਟਾਈਮ ਤਾਂ ਲੰਘਾ ਲਿਆ ਸਾਰਾ। ਕਰਨਾ ਕੀ ਸੀ, ਵਾਹਿਗੁਰੂ-ਵਾਹਿਗੁਰੂ ਕਰਨਾ ਸੀ ਹੋਰ ਕੋਈ ਪਹਾੜ ਤਾਂ ਨਹੀਂ ਸੀ ਚੁੱਕਣਾ ਸਿਰ ਦੇ ਉਤੇ। ਵਾਹਿਗੁਰੂ-ਵਾਹਿਗੁਰੂ ਕਹਿ ਕੇ ਤੇਰੇ ਸ਼ੀਸ਼ੇ ਦੀ ਮੈਲ ਲਹਿ ਜਾਏਗੀ।

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥* *ਅੰਗ - 4*

ਜਦੋਂ ਮੈਲ ਲਹਿ ਗਈ ਫੇਰ ਉਹਦਾ ਲਿਸ਼ਕਾਰਾ ਵਿਚ ਪੈ ਜਾਣਾ ਹੈ। ਦੱਸੋ ਇਹਦੇ ਵਿਚ ਕਿਹੜੀ ਗੱਲ ਹੈ ਰੱਬ ਨੂੰ ਮਿਲਣ ਦੀ। ਤੇਰੇ ਅੰਦਰ ਰਹਿੰਦਾ ਹੈ। ਮਹਾਰਾਜ ਕਹਿੰਦੇ ਨੇ ਕਿ ਇਹਦੀ ਚਾਬੀ ਹੈ ਉਹ ਸੰਤਾਂ ਦੇ ਕੋਲ ਹੁੰਦੀ ਹੈ। ਉਹ ਸੁਖਾਲਾ ਦੇ ਕੇ ਖੋਲ੍ਹ ਦਿੰਦੇ ਨੇ। ਉਨ੍ਹਾਂ ਦੀ ਸੰਗਤ ਕਰ ਲੈ ਜਿਹੜੇ ਜੁੜੇ ਹੋਏ ਨੇ। ਦੂਜਿਆਂ ਦੀ ਨਹੀਂ ਕਹਿੰਦੇ। ਸੰਤਾਂ ਦਾ ਬੜਾ ਮੁਸ਼ਕਲ ਹੈ ਲੱਭਣਾ। ਮੈਂ ਤਾਂ ਕਹਿੰਦਾ ਹਾਂ ਕਿ ਭੇਖ ਵਾਲਾ ਵੀ ਇਕ ਸੰਤ ਹੈ, ਟਰੱਕ ਚਲਾਉਣ ਵਾਲਾ ਵੀ ਸੰਤ ਹੈ, ਦਫਤਰ ਵਿਚ ਲਿਖਣ ਪੜ੍ਹਨ ਵਾਲਾ ਵੀ ਸੰਤ ਹੈ, ਸੰਤ ਤਾਂ ਇਕ ਅਵਸਥਾ ਹੈ।

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਅੰਗ - 319*

ਗੁਰਮੁਖ ਦੀ ਸੰਗਤ ਕਰੇਂਗਾ ਫੇਰ ਤੈਨੂੰ ਰਾਹ ਛੇਤੀ ਮਿਲ ਜਾਏਗਾ। ਸੋ ਰਸਤਾ ਤਾਂ ਛੋਟਾ ਜਿਹਾ ਹੀ ਹੈ।

*ਬੁਲ੍ਹਿਆ ਰੱਬ ਦਾ ਕੀ ਪਾਉਣਾ*
*ਐਧਰੋਂ ਪੁੱਟਣਾ ਐਧਰ ਲਾਉਣਾ।*

ਬੁਲ੍ਹੇ ਨੂੰ ਸਾਰੀ ਜ਼ਿੰਦਗੀ ਲਗ ਗਈ, ਪੀਰ ਨੇ ਤਾਂ ਐਨੀ ਗੱਲ ਕਹਿ ਦਿਤੀ ਨਾ। ਪਰ ਉਸ ਤੋਂ ਸਾਂਭਿਆ ਨਾ ਗਿਆ, ਕਰਾਮਾਤਾਂ ਦਿਖਾਉਣ ਲਗ ਗਿਆ, ਸ਼ਕਤੀਆਂ ਦਿਖਾਉਣ ਲਗ ਗਿਆ। ਜੇ ਸਤਿਸੰਗ ਹੁੰਦੀ ਹੋਵੇ, ਇਹਦੇ ਵਿਚ ਹੌਲੀ-ਹੌਲੀ ਕਦੇ ਨਾ ਕਦੇ ਸੋਝੀ ਆ ਹੀ ਜਾਂਦੀ ਹੈ ਕਿ ਰੱਬ ਰਹਿੰਦਾ ਕਿਥੇ ਕੁ ਹੈ।

ਸੋ ਭਾਈ ਤਿਲਕੂ ਕਹਿਣ ਲੱਗਿਆ, ਜੋਗੀ ਜੀ! ਤੇਰੇ ਵਿਚ ਇਹ ਰਿੱਧੀਆਂ ਸਿੱਧੀਆਂ ਸ਼ਕਤੀਆਂ ਨੇ ਦੱਸ, ਇਹ ਤੂੰ ਕਰਨੀਆਂ ਕੀ ਨੇ। ਜੇ ਜਮਦੂਤਾਂ ਦੇ ਤੇਰੇ ਡੰਡੇ ਪਏ, ਕੁੱਤਾ, ਬਿੱਲਾ ਬਣਾ ਦਿਤਾ ਫੇਰ ਤੂੰ ਕੀ ਕਰੇਂਗਾ ਦੱਸ। ਤੈਨੂੰ ਉਹ ਚੀਜ਼ ਤਾਂ ਲੱਭੀ ਨਹੀਂ ਜਿਹੜੀ ਸੰਤ ਟੋਲ੍ਹਦੇ ਫਿਰਦੇ ਨੇ। ਉਹ ਹੈ ਅਬਿਨਾਸ਼ੀ ਖੇਮ। ਸਦਾ ਦਾ ਸੁੱਖ। ਗੁਰਮਤਿ ਦਾ ਮਾਰਗ ਇਸ ਨੇ ਉਸ ਨੂੰ ਸਮਝਾਇਆ। ਜੋਗੀ ਕਹਿਣ ਲੱਗਿਆ, ਭਾਈ ਤਿਲਕੂ! ਮੈਂ ਤਾਂ ਜਨਮ ਬਰਬਾਦ ਕਰ ਲਿਆ। ਮੇਰੀ ਉਮਰ ਵੱਡੀ ਹੈ, ਡੇਢ-ਦੋ ਸੌ ਸਾਲ ਦਾ ਮੈਂ

ਹੈਗਾ। ਮੈਨੂੰ ਆਪਣੇ ਗੁਰੂ ਕੋਲ ਲੈ ਚੱਲ। ਰਸਤੇ 'ਚ ਸਾਰੇ ਸਮਝਾਉਂਦਾ ਵੀ ਚਲਿਆ ਆਇਆ, ਗੁਰੂ ਸਾਹਿਬ ਕੋਲ ਜਦੋਂ ਨੇੜੇ ਆਏ ਅੰਮ੍ਰਿਤਸਰ, ਕਹਿਣ ਲੱਗਿਆ, ਗੁਰੂ ਸਾਹਿਬ ਦੀ ਉਮਰ ਕਿੰਨੀ ਕੁ ਹੈ? ਭਾਈ ਤਿਲਕੂ ਨੇ ਕਿਹਾ ਤੂੰ ਉਮਰ ਤੋਂ ਕੀ ਲੈਣਾ ਹੈ। ਕਹਿੰਦਾ, ਮੈਂ ਦੇਖਾਂਗਾ ਕਿ ਉਹਨੇ ਸਾਧਨ ਵੀ ਕਰੇ ਨੇ ਕਿ ਐਵੇਂ ਗੁਰੂ ਬਣਿਆ ਹੋਇਆ ਹੈ। ਭਾਈ ਤਿਲਕੂ ਨੇ ਕਿਹਾ ਕਿ ਉਨ੍ਹਾਂ ਦਾ ਸਰੀਰ 22 ਸਾਲ ਦਾ ਹੈ। ਕਹਿਣ ਲੱਗਿਆ, ਮੈਂ ਨਹੀਂ ਜਾਂਦਾ, 22 ਸਾਲ ਦੇ ਮੁੰਡੇ ਕੋਲ, ਮੈਂ 200 ਸਾਲ ਦਾ ਤੁਰਿਆ ਜਾਵਾਂ।

ਭਾਈ ਤਿਲਕੂ ਨੇ ਕਿਹਾ ਚੱਲ ਤਾਂ ਸਹੀ ਤੂੰ। ਤੇਰੀ ਨਿਸ਼ਾ ਨਾ ਹੋਈ ਤਾਂ ਤੂੰ ਮੁੜ ਆਈਂ।

ਉਸ ਵੇਲੇ ਚਲਿਆ ਗਿਆ, ਬੇਨਤੀ ਕਰੀ ਕਿ ਮਹਾਰਾਜ! ਗੜਸ਼ੰਕਰ ਦਾ ਜੋਗੀ ਆਇਆ ਹੈ, ਦਰਸ਼ਨ ਕਰਨੇ ਚਾਹੁੰਦਾ ਹੈ। ਮਹਾਰਾਜ ਕਹਿੰਦੇ, ਉਹਨੂੰ ਸਨਮੁਖ ਦਰਸ਼ਨ ਨਹੀਂ ਹੋਣੇ। ਕਨਾਤ ਲਾ ਕੇ ਹੋਣਗੇ। ਕਨਾਤ ਲਾ ਦਿਤੀ। ਮਹਾਰਾਜ ਵੀ ਆ ਗਏ। ਮਹਾਰਾਜ ਕਹਿੰਦੇ ਜੋਗੀ ਰਾਜ! ਕਨਾਤ ਦੇ ਹੇਠਾਂ ਦੀ ਹੱਥ ਕਰ ਤੇਰੀ ਅਮਾਨਤ ਹੈ ਸਾਡੇ ਕੋਲ ਬੜੀ ਦੇਰ ਦੀ ਪਈ ਹੋਈ? ਕਹਿੰਦਾ, ਮਹਾਰਾਜ! ਮੈਂ ਤਾਂ ਅੱਜ ਪਹਿਲੇ ਦਿਨ ਤੁਹਾਡੇ ਦਰਸ਼ਨ ਕਰੇ ਨੇ ਤੇ ਮੇਰੀ ਅਮਾਨਤ ਕਦੋਂ ਦੀ ਹੈ? ਮਹਾਰਾਜ ਨੇ ਕਿਹਾ, ਤੇਰੇ ਯਾਦ ਹੈ ਕਿ ਤੂੰ ਜਹਾਜ਼ ਵਿਚ ਚੜ੍ਹਿਆ ਜਾਂਦਾ ਸੀ, ਜਹਾਜ਼ ਡੋਲ੍ਹ ਰਿਹਾ ਸੀ। ਉਹ ਕਹਿੰਦੇ ਸੀ ਕਿ ਬੰਦੇ ਦੀ ਬਲੀ ਦਿਓ। ਬਾਕੀ ਨੇ ਤਾਂ ਛੁਡਾ ਲਿਆ ਖਹਿੜਾ, ਤੂੰ ਰਹਿ ਗਿਆ ਇਕੱਲਾ।

ਤੇਰੀ ਬਲੀ ਦੇਣ ਲੱਗੇ ਸੀ?

ਕਹਿੰਦਾ ਹਾਂ ਜੀ।

ਕਹਿੰਦੇ ਫੇਰ ਤੇਰਾ ਕੰਨ ਵਿੰਨ੍ਹਿਆ ਨਾ, ਤੇਰਾ ਬਹੁਤਾ ਕਹਿਣ ਤੇ।

ਕਹਿੰਦੇ ਤੂੰ ਕਿੱਥੇ ਸੁਟਿਆ ਸੀ, ਤੇਰਾ ਮੁੰਦਰ ਤੇ ਤੇਰਾ ਕੰਨ?

ਕਹਿੰਦਾ, ਸਮੁੰਦਰ 'ਚ।

ਕਹਿੰਦੇ, ਲੈ ਫੜ ਸਾਡੇ ਕੋਲ ਅਮਾਨਤ ਪਈ ਹੈ ਤੇਰੀ।

ਉਹਨੂੰ ਫੜਾ ਦਿਤਾ। ਦੇਖਦਾ ਹੈ ਕਿ ਇਹ ਤਾਂ ਮੇਰੀ ਹੀ ਹੈ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਹੁਣ ਕਨਾਤ ਚੁੱਕ ਦਿਓ। ਮੈਂ ਤੇਰੀਆਂ ਉਮਰਾਂ ਪਰਖ ਲਈਆਂ।

ਉਸ ਵੇਲੇ ਮਹਾਰਾਜ ਜੀ ਨੇ ਕ੍ਰਿਪਾ ਕੀਤੀ। ਨਾਮ ਦੇ ਮਾਰਗ ਤੇ ਉਸ ਨੂੰ ਚਲਾਇਆ। ਨਾਮ ਦੀ ਦਾਤ ਬਖਸ਼ੀ, ਗੁਰਸਿੱਖੀ ਬਖਸ਼ੀ। ਗੁਰਸਿੱਖੀ ਦੀ ਸੋਝੀ ਸੀ।

ਸੋ ਉਧਰਲੇ ਪਾਸੇ ਭਾਈ ਤਿਲਕੂ, ਉਹ ਗੁਰੂ ਦੇ ਆਸਰੇ ਤੇ ਰਹਿਣ ਵਾਲਾ ਸਿੱਖ ਸੀਗਾ।

***ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥***
***ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ॥***
***ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥***
***ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥***
***ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥***

***ਅੰਗ - 920***

ਸੋ ਸਾਨੂੰ ਵੀ ਪ੍ਰੇਰਨਾ ਮਿਲਦੀ ਹੈ ਸਾਧਸੰਗਤ ਜੀ! ਕਿ ਬੰਦਗੀ ਕਰੋ। ਨਾਮ ਜਪੋ। ਕੋਈ ਔਖੀ ਚੀਜ਼ ਨਹੀਂ ਹੈ। ਮਹਾਰਾਜ ਕਹਿੰਦੇ ਤਾਂ ਹੈਗੇ -

***ਆਖਣਿ ਅਉਖਾ ਸਾਚਾ ਨਾਉ॥*** ***ਅੰਗ - 9***

ਉਹ ਤਾਂ ਹੈ ਜੇ ਇਰਾਦਾ ਕਰੇ। ਨਾਮ ਜਪਿਆ ਜਾਂਦਾ ਹੈ, ਨਾਮ ਜਪਣ ਵਾਲਿਆਂ ਦੀ ਸੰਗਤ ਕਰਕੇ ਉਸ ਤਰ੍ਹਾਂ ਨਹੀਂ। ਬੜੀ ਸਾਵਧਾਨੀ ਇਹਦੇ ਵਿਚ ਵਰਤਣੀ ਪੈਂਦੀ ਹੈ। ਬੰਦਗੀ ਕਰੋ, ਸਤਿ ਸ਼ਾਸਤਰ ਪੜ੍ਹੋ, ਆਤਮ ਮਾਰਗ ਸਾਰਾ ਨਾਮ ਦਾ ਹੀ ਪਰਚਾ ਹੈ। ਇਹ ਗਵਾਉਣ ਵਾਲਾ ਨਹੀਂ ਹੈ। ਜੇ ਕਿਸੇ ਤੋਂ ਨਹੀਂ ਪੜ੍ਹ ਹੁੰਦਾ। ਰੱਖ ਦਿਓ ਕਿ ਮੇਰਾ ਪੁੱਤਰ ਪੜ੍ਹੇਗਾ। ਫੇਰ ਜੇ ਪੁੱਤਰ ਵੀ ਲਾਇਕ ਨਹੀਂ ਆਇਆ ਤਾਂ ਸੋਚ ਲਓ ਕਿ ਪੋਤਰਾ ਪੜ੍ਹੇਗਾ। ਜਿਹੜਾ ਪੜ੍ਹੇਗਾ ਮੇਰੀ ਵੀ ਕਲਿਆਣ ਕਰ ਦਏਗਾ ਉਹ। ਇਹਦੇ ਵਿਚ ਉਹ ਰਾਹ ਦੱਸੇ ਹੋਏ ਨੇ ਜਿਹੜੇ ਵਾਹਿਗੁਰੂ ਵਲ ਨੂੰ ਜਾਂਦੇ ਨੇ। ਇਹ ਕੋਈ ਐਵੇਂ ਅਟਕਲ-ਪੱਚੂ ਗੱਲਾਂ ਨਹੀਂ ਹਨ, ਗੁਰਬਾਣੀ ਦੇ ਆਧਾਰ ਦੇ ਉਤੇ ਹੈ। ਗੁਰਬਾਣੀ ਦੀ ਇਕ ਤਰ੍ਹਾਂ ਨਾਲ ਵਿਆਖਿਆ ਹੀ ਹੈ, ਸਾਖੀਆਂ ਨਾਲ। ਸਾਖੀਆਂ ਤਾਂ ਨੇ ਕਿ ਸਮਝ ਵਿਚ ਆ ਜਾਵੇ ਗੱਲ। ਆਹੀ ਗੱਲ ਜੇ ਮੈਂ ਫਿਲਾਸਫੀ ਵਿਚ ਬੋਲਦਾ, ਸਮਝ ਨਹੀਂ ਸੀ ਆਉਣੀ। ਸਾਖੀ ਨਾਲ ਗੱਲ ਸਮਝ ਵਿਚ ਆ ਜਾਂਦੀ ਹੈ ਕਿ ਰਿੱਧੀਆਂ ਸਿੱਧੀਆਂ, ਮੰਤ੍ਰ, 'ਨਾਮ' ਦੇ ਅੱਗੇ ਤਾਂ ਹੈ ਹੀ ਕੁਛ ਨਹੀਂ।

ਮੂਲਮੰਤ੍ਰ ਦਾ ਪਾਠ ਕੋਈ ਬੰਦਾ ਕਰ ਲਓ। ਨਾ ਉਹਦੇ ਉਤੇ ਕਿਸੇ ਦੇ ਖਿਲਾਉਣ ਦਾ ਅਸਰ ਹੋਏਗਾ, ਨਾ ਉਹਦੇ ਭੂਤ ਦਾ, ਨਾ ਪ੍ਰੇਤ ਦਾ। ਕੀ ਔਖਾ ਹੈ?

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ***
***ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ***
***ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***

ਐਥੇ ਵੀ ਤੇ ਦਰਗਾਹ ਵਿਚ ਵੀ ਜਦੋਂ ਜਾਣਾ ਹੈ ਨਾ ਅਸੀਂ, ਜਮਦੂਤ ਦੀ ਤਾਂ ਤਾਕਤ ਨਹੀਂ ਆਉਣ ਦੀ। ਜਿਹਨੇ ਅੰਮ੍ਰਿਤ ਛਕ ਲਿਆ, ਗੁਰੂ ਧਾਰਨ ਕਰ ਲਿਆ ਕੋਈ। ਮੈਂ ਖਿੱਚਾ-ਖਿਚੀ ਨਹੀਂ ਕਰਦਾ ਕਿ ਸਾਡਾ ਹੀ ਬਣ ਜਾਓ। ਗੁਰੂ ਧਾਰਨ ਕਰਕੇ ਰਹਿਤ ਵਿਚ ਹੋ ਗਿਆ। ਅੰਮ੍ਰਿਤ ਵੇਲੇ ਉਠ ਕੇ ਨਾਮ ਜਪਣ ਲਗ ਗਿਆ। ਵਾਹਿਗੁਰੂ ਨੇ ਕਿਹਾ ਹੋਇਆ ਹੈ ਕਿ ਐ ਧਰਮਰਾਜ! ਜਿਥੇ ਐਸ ਕਿਸਮ ਦਾ ਬੰਦਾ ਹੋਵੇ ਨਾ ਉਥੇ ਤੂੰ ਨਹੀਂ ਜਾਣਾ।

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥***

***ਅੰਗ - 256***

ਗੁਰੂ ਗ੍ਰੰਥ ਸਾਹਿਬ ਦੇ ਅੰਦਰ ਉਹ ਅੱਖਰ ਵਰਤੇ ਹੋਏ ਨੇ ਜਿਹਦੇ ਨਾਲ ਅਕਾਲ ਪੁਰਖ ਨੇ ਧਰਮਰਾਜ ਨੂੰ ਸਮਝਾਇਆ ਹੈ -

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***

***ਅੰਗ - 38***

ਸੱਚੇ ਧਰਮ ਦੀ ਗੱਲ ਕਰ। ਜਿਹਨੇ ਨੇਕੀ ਕਰੀ ਹੈ, ਨੇਕੀ ਦਾ ਫਲ ਦੇਹ ਜਿਹਨੇ ਬਦੀ ਕਰੀ ਹੈ ਬਦੀ ਦਾ ਫਲ ਦੇਹ। ਪਰ ਜਿਹੜਾ ਗੁਰੂ ਵਾਲਾ ਹੈ ਨਾ....। ਹੁਣ ਗੁਰੂ ਵਾਲੇ 'ਚ ਵੀ ਫਰਕ ਦੇਖੋ ਤੁਸੀਂ।

***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ।।***

***ਅੰਗ - 38***

ਜਿਨ੍ਹਾਂ ਨੇ ਗੁਰੂ ਨਹੀਂ ਧਾਰਨ ਕਰਿਆ। ਦ੍ਵੈਤ ਵਿਚ ਰਹਿੰਦੇ ਨੇ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਐਹੋ ਜਿਹਾ ਕੰਮ ਕਰਦੇ ਨੇ, ਸਭ ਤੇਰੇ ਕੋਲ ਆਉਣਗੇ।

ਧਰਮਰਾਜ ਨੇ ਕਿਹਾ, ਕਿ ਮਹਾਰਾਜ! ਜਿਹੜੇ ਪੁੰਨ ਦਾਨ ਕਰਦੇ ਨੇ ਉਹ?

ਕਹਿੰਦੇ, ਉਹ ਵੀ ਤੇਰੇ ਕੋਲ ਆਉਣਗੇ।

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***

***ਅੰਗ 1414***

ਕਹਿੰਦੇ ਤੇਰੇ ਕੋਲ ਇਨ੍ਹਾਂ ਨੇ ਆਉਣਾ ਹੈ, ਜਿਹੜੇ ਗੁਰੂ ਵਾਲੇ ਨੇ ਨਾ, ਇਕ ਤਾਂ ਗੁਰੂ ਵਾਲੇ ਉਹ ਨੇ ਕਿ ਗੁਰੂ ਧਾਰਨ ਕਰ ਲਿਆ ਫੇਰ ਨਿੰਦਿਆ, ਫੇਰ ਚੁਗਲੀ, ਫੇਰ ਓਹੀ ਬਖੀਲੀ, ਫੇਰ ਕਾਮ ਵਿਚ ਪੈ ਗਏ, ਫੇਰ ਕ੍ਰੋਧ ਵਿਚ ਪੈ ਗਏ। ਉਹ ਤਾਂ ਮਹਾਰਾਜ ਤੋਂ ਪਤਿਤ ਹੋ ਗਏ। ਪਾਸੇ ਹਟ ਗਏ। ਬੇਮੁਖ ਹੋ ਗਏ। ਬੇਮੁਖ ਨੇ ਜਿਹੜੇ ਮਨਮੁਖ ਹੋ ਗਏ-

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੈ ਦੁਖੁ ਖਾਇ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥***

***ਅੰਗ - 947***

***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥***

***ਅੰਗ - 450***

ਬਾਰ-ਬਾਰ ਜੰਮਣਗੇ, ਬਾਰ-ਬਾਰ ਮਰਨਗੇ। ਕਿਉਂਕਿ ਗੁਰੂ ਨੂੰ ਪਿੱਠ ਦੇ ਦਿਤੀ। ਜਿਨ੍ਹਾਂ ਨੇ ਪਹਿਲਾਂ ਜਿਹੜਾ ਕੁਛ ਹੋ ਗਿਆ, ਹੋ ਗਿਆ। ਆ ਕੇ ਗੁਰੂ ਧਾਰਨ ਕਰ ਲਿਆ। ਹੁਣ ਜ਼ਿੰਮੇਵਾਰੀ ਕਿਹਦੀ ਹੋਈ? ਉਨ੍ਹਾਂ ਨੇ ਕਿਹਾ ਕਿ ਦੇਹ ਸੀਸ ਗੁਰੂ ਨੂੰ। ਕਹਿੰਦਾ ਹੈ, ਦੇਨਾਂ ਹਾਂ ਜੀ। ਪਿਛਲਾ ਜਨਮ ਕੱਟ ਦਿਤਾ ਪੰਜ ਪਿਆਰਿਆ ਨੇ। ਕਹਿੰਦੇ, ਨੇ ਹੁਣ ਤੂੰ ਨਾਮ ਲੈ ਲੈ, ਤੈਨੂੰ ਗੁਰੂ ਦੇ ਲੜ ਲਾਉਂਦੇ ਹਾਂ, ਫੇਰ ਤਾਂ ਨਾਮ ਚਲੇਗਾ। ਜਦੋਂ ਉਹਨੇ ਕਿਹਾ ਵਾਹਿਗੁਰੂ ਨਾਮ ਹੈ, ਆਹ ਮੂਲਮੰਤ੍ਰ। ਚਾਹੇ ਮੂਲਮੰਤ੍ਰ ਜਪੀ ਜਾਹ, ਚਾਹੇ ਨਾਮ ਜਪੀ ਜਾਹ। ਉਹ ਜਪਦੇ ਦਾ ਜੇ ਗਲਤੀ ਨਾ ਨਾ ਕਰੀ, ਫੇਰ ਮੁੜ ਕੇ ਵਿਕਾਰਾਂ ਵਿਚ ਨਾ ਪਿਆ, ਫੇਰ ਗੁਰੂ ਦਾ ਸਿੱਖ ਰਹਿ ਜਾਏਗਾ। ਹੁਣ ਜਿਹੜਾ ਗੁਰੂ ਦਾ ਸਿੱਖ ਹੈ -

***ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ॥***

***ਅੰਗ - 39***

ਜਿਹੜਾ ਇਕ ਵਾਹਿਗੁਰੂ ਦਾ ਨਾਮ ਜਪ ਰਿਹਾ ਹੈ, ਬਾਣੀ ਪੜ੍ਹ ਰਿਹਾ ਹੈ, ਮੂਲਮੰਤ੍ਰ ਦਾ ਪਾਠ ਕਰ ਰਿਹਾ ਹੈ। ਹੁਣ ਧਰਮਰਾਜ ਨੂੰ ਹੁਕਮ ਕੀ ਹੈ?-

***ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥***

***ਅੰਗ - 39***

ਉਨ੍ਹਾਂ ਦੀ ਸੇਵਾ ਧਰਮਰਾਜ ਕਰਕੇ ਨਾਲ ਹੱਥ ਬੰਨ੍ਹਦਾ ਹੈ ਕਿ ਓ ਪਿਆਰਿਆ! ਤੂੰ ਗੁਰੂ ਦੇ ਕੋਲ ਆ ਗਿਆ, ਤੂੰ ਪੰਜ ਪਿਆਰਿਆ ਦੇ ਕੋਲ ਆ ਗਿਆ, ਉਹ ਧੰਨ ਨੇ ਜਿਨ੍ਹਾਂ ਨੇ ਤੈਨੂੰ ਸਵਾਰ ਦਿਤਾ। ਮੇਰੇ ਕੋਲੋਂ ਕੱਢ ਦਿਤਾ ਤੁਹਾਨੂੰ।

ਸੋ ਇਸ ਕਰਕੇ ਮੈਂ ਇਹ ਨਿਸੰਗ ਹੋ ਕੇ ਗੱਲ ਕਹਿੰਦਾ ਹਾਂ ਸਾਧਸੰਗਤ ਜੀ! ਗੁਰੂ ਵਾਲਾ ਜਿਹੜਾ ਹੈ, ਗੁਰੂ ਵਾਲਾ ਹੋ ਕੇ ਉਹਨੇ ਕੁਰਹਿਤ ਨਹੀਂ ਕਰੀ, ਮਾੜੇ ਕੰਮ ਨਹੀਂ ਕਰੇ, ਨਿੰਦਿਆ ਨਹੀਂ, ਚੁਗਲੀ ਨਹੀਂ ਕਰੀ, ਵਿਸ਼ੇ ਵਿਕਾਰਾਂ 'ਚ ਨਹੀਂ ਪਿਆ, ਉਥੇ ਜਮਦੂਤ ਦਾ ਕੰਮ ਹੀ ਨਹੀਂ ਕੋਈ। ਨੇੜੇ ਤੇੜੇ ਵੀ ਨਹੀਂ ਆਏਗਾ।

ਉਹਦੇ ਮੁਖੋ ਵਾਹਿਗੁਰੂ ਨਿਕਲਣ ਨਾਲ ਦੂਰੋਂ ਹੀ ਭੱਜ ਜਾਂਦੇ ਨੇ। ਇਸ ਕਰਕੇ ਇਹ ਤਾਂ ਗਾਰੰਟੀ ਹੈ। ਕੋਈ ਐਸਾ ਕਰਮ ਨਾਲ ਕਰੋ, ਕਰਮ ਕਰਕੇ ਅਰਦਾਸ ਕਰਿਆ ਕਰੋ, ਹੇ ਸੱਚੇ ਪਾਤਸ਼ਾਹ! ਅੰਮ੍ਰਿਤ ਵੇਲੇ ਤੋਂ ਜੋ ਬਾਣੀ ਪੜ੍ਹੀ ਹੈ, ਜੋ ਤੂੰ ਨੇਕ ਕੰਮ ਕਰਾਏ ਨੇ, ਉਹ ਤਾਂ ਤੂੰ ਆਪਣੇ ਖਜ਼ਾਨੇ ਵਿਚ ਕਰ ਲੈ ਜਮ੍ਹਾ। ਮੇਰੇ ਤੋਂ ਨਹੀਂ ਇਹ ਸਾਂਭ ਹੋਣੇ, ਚੋਰ ਲੁੱਟ ਲੈਣਗੇ। ਸੱਚੇ ਪਾਤਸ਼ਾਹ! ਜਿਹੜੀ ਮੇਰੇ ਤੋਂ ਭੁੱਲਾਂ ਹੋ ਗਈਆਂ, ਮੈਂ ਅਣਜਾਣ ਬੱਚਾ ਹਾਂ, ਮੇਰੇ ਤੇ ਕ੍ਰਿਪਾ ਕਰ, ਅੱਗੇ ਨੂੰ ਮੈਨੂੰ ਤਾਕਤ ਦੇ, ਫੇਰ ਮੈਂ ਭੁੱਲਾਂ ਨਾ ਕਰਾਂ। ਜਿਹੜਾ ਐਨਾ ਖਬਰਦਾਰ ਬੰਦਾ ਹੈ, ਉਹ ਕਦੇ ਵੀ ਨਰਕ ਵਿਚ ਨਹੀਂ ਜਾਏਗਾ। ਉਹਨੂੰ ਮਨੁੱਖਾ ਜਨਮ ਦੁਬਾਰਾ ਮਿਲਣਾ ਹੀ ਮਿਲਣਾ ਹੈ, ਅਵੱਸ਼ ਮਿਲਣਾ ਹੈ।

ਸੋ ਇਸ ਕਰਕੇ ਜਿਹੜਾ ਆਪਾਂ ਨੂੰ ਸਮਾਂ ਮਿਲਿਆ ਹੈ ਨਾ, ਬੰਦਗੀ ਕਰੋ, ਨਾਮ ਜਪੋ। ਰੱਬ ਤੁਹਾਡੇ ਅੰਦਰ ਹੈ, ਦੂਰ ਨਹੀਂ ਹੈਗਾ। ਜਦੋਂ ਮੌਕਾ ਹੁੰਦਾ ਹੈ, ਉਹ ਸੰਤਾਂ ਨੂੰ ਕਹਿ ਦਿੰਦਾ ਹੈ ਕਿ ਤੂੰ ਇਹਨੂੰ ਦੱਸ ਦੇ ਕਿ ਮੈਂ ਕਿੱਥੇ ਕੁ ਬੈਠਾ ਹਾਂ। ਹੁੰਦਾ ਹੁਕਮ ਨਾਲ ਹੀ ਹੈ, ਸੰਤਾਂ ਦੀ ਮਰਜ਼ੀ ਨਹੀਂ ਹੁੰਦੀ ਆਪਣੀ। ਸੰਤਾਂ ਨੂੰ ਵੀ ਆਦੇਸ਼ ਮਿਲਦਾ ਹੈ ਕਿ ਇਹਨੂੰ ਦੱਸ ਦੇ ਮੇਰਾ ਭੇਤ। ਹੈਗਾ ਅੰਦਰ ਹੀ, ਐਨੇ ਕੁ ਸਰੀਰ 'ਚ। ਪਰ ਜਿਹੜਾ ਝਰੋਖਾ, ਜਿਹਦੇ ਵਿਚੋਂ ਅਸੀਂ ਦੇਖ ਸਕਦੇ ਹਾਂ, ਦੂਰਬੀਨ ਨਾਲ ਉਥੇ ਦਿਸਦਾ ਹੈ।

***ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥***

***ਅੰਗ - 17***

ਇਥੇ ਹੀ ਸਮਾਪਤੀ ਕਰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ

# ਆਯੁਰਵੇਦ

***ਡਾ. ਅਨੰਦ ਸਵਾਮੀ***

ਸ਼ਕਰ ਰੋਗ ਨੂੰ ਰੋਕਣਾ ਉਸ ਦਾ ਇਲਾਜ ਕਰਨਾ, ਇਹ ਵਿਸ਼ਾ ਸਦਾ ਤੋਂ ਹੀ ਬਹੁਤ ਖੋਜ ਦਾ ਵਿਸ਼ਾ ਰਿਹਾ ਹੈ। ਇਥੇ ਇਹ ਦਸ ਦੇਣਾ ਬਹੁਤ ਹੀ ਜ਼ਰੂਰੀ ਹੈ ਕਿ ਸ਼ਕਰ ਰੋਗ ਦੇ ਮਰੀਜ਼ ਨੂੰ ਬਹੁਤ ਸਾਰੀਆਂ ਹੋਰ ਸਮੱਸਿਆ ਹੋ ਜਾਂਦੀਆਂ ਹਨ ਉਨ੍ਹਾਂ ਨੂੰ ਹਿਰਦੇ ਰੋਗ ਹੋ ਸਕਦਾ ਹੈ ਤੇ ਹੋਰ ਬਿਮਾਰੀਆਂ ਵੀ ਹੋ ਸਕਦੀਆਂ ਹਨ। ਸ਼ਕਰ ਰੋਗ ਦਾ ਸਭ ਤੋਂ ਵੱਡਾ ਕਾਰਨ ਹੈ ਤੁਹਾਡੀ ਪੁਸ਼ਤ, ਕਈ ਰੋਗ ਪੁਸ਼ਤੀ ਹੁੰਦੇ ਹਨ, ਸ਼ਕਰ ਰੋਗ ਉਨ੍ਹਾਂ ਵਿਚੋਂ ਇਕ ਹੈ, ਦੂਸਰਾ ਕਾਰਣ ਹੈ ਮੋਟਾਪਾ; ਮੋਟਾਪਾ ਅੱਜ ਦੇ ਸਮੇਂ ਵਿਚ ਬਹੁਤ ਸਾਰੇ ਰੋਗਾਂ ਦਾ ਮੁੱਢ ਕਿਹਾ ਹੈ। ਤੀਸਰਾ ਹੈ ਜੋ ਅੱਜ ਦੇ ਸਮੇਂ ਅਸੀਂ ਕੋਈ ਵੀ ਕੰਮ ਹੱਥੀਂ ਨਹੀਂ ਕਰਦੇ ਸਰੀਰ ਨੂੰ ਕਿਸੇ ਤਰ੍ਹਾਂ ਦੀ ਵੀ ਕੇਚਲ ਨਹੀਂ ਦਿੰਦੇ, ਸਾਰਾ ਦਿਨ ਬੈਠਣ ਦਾ ਕੰਮ ਹੈ। ਮਸ਼ੀਨਾਂ ਰਾਹੀਂ ਕੰਮ ਹੁੰਦਾ ਹੈ, ਸਾਡਾ ਜੀਵਨ ਇਕ ਗਤੀਹੀਣ ਜੀਵਨ ਬਣ ਗਏ ਹਨ। ਅੱਜ ਦੇ ਡਾਕਟਰ ਸਭ ਤੋਂ ਵੱਡਾ ਕਾਰਣ ਲੈਂਦੇ ਹਨ ਮਾਨਸਿਕ ਤਣਾਓ, ਉਹ ਕਹਿੰਦੇ ਹਨ ਬਾਕੀ ਸਾਰੇ ਕਾਰਣ ਲੈਂਦੇ ਹਨ। ਮਾਨਸਿਕ ਤਣਾਓ, ਉਹ ਕਹਿੰਦੇ ਹਨ ਬਾਕੀ ਸਾਰੇ ਕਾਰਣ ਇਕ ਪਾਸੇ ਤੇ ਇਕੱਲਾ ਤਣਾਓ ਇਕ ਪਾਸੇ, ਅੱਜ ਦੇ ਜੀਵਨ ਵਿਚ ਤਣਾਓ ਸਭ ਤੋਂ ਵੱਧ ਹੈ, ਖਿਚੋ ਤਾਣ। ਦੂਸਰਿਆਂ ਨਾਲ ਬਰਾਬਰੀ ਦੂਸਰੇ ਤੋਂ ਅੱਗੇ ਨਿਕਲਣਾ, ਇਹ ਹੀ ਕਾਰਣ ਹਨ ਮਾਨਸਿਕ ਤਣਾਓ ਦੇ।

ਆਯੁਰਵੇਦ ਅਨੁਸਾਰ ਸਾਡਾ ਸਰੀਰ ਵੱਖ-ਵੱਖ ਤੱਤਾਂ ਦਾ ਬਣਿਆ ਹੋਇਆ ਹੈ ਜਦੋਂ ਕੋਈ ਵੀ ਤੱਤ ਵੱਧ ਘੱਟ ਹੋ ਜਾਂਦਾ ਹੈ। ਸਰੀਰ ਦਾ ਸੰਤੁਲਨ ਵਿਗੜ ਜਾਂਦਾ ਹੈ ਤੇ ਕੋਈ ਰੋਗ ਖੜ੍ਹਾ ਹੋ ਜਾਂਦਾ ਹੈ। ਸ਼ਕਰ ਸਾਡੇ ਸਰੀਰ ਵਿਚ ਇਕ ਸ਼ਕਤੀ ਦਾ ਸਰੋਤ ਹੈ, ਪਰ ਜਦੋਂ ਇਕ ਖਾਸ ਮਾਤਰਾ ਤੋਂ ਵੱਧ ਜਾਂਦੀ ਹੈ, ਬਹੁਤ ਨੁਕਸਾਨ ਪਹੁੰਚਾਉਂਦੀ ਹੈ। ਸਭ ਤੋਂ ਵੱਡਾ ਖਤਰਾ ਉਦੋਂ ਹੁੰਦਾ ਹੈ ਜਦੋਂ ਬਲੱਡ ਪਰੈਸ਼ਰ ਵੀ ਨਾਲ ਹੋਵੇ। ਅੱਜ ਦੇ ਸਮੇਂ ਬਹੁਤ ਲੋਕਾਂ ਨੂੰ ਇਸ ਤਰ੍ਹਾਂ ਹੀ ਹੈ। ਇਹ ਬੜੇ ਖੇਦ ਦੀ ਗੱਲ ਹੈ ਕਿ ਭਾਰਤੀਆਂ ਨੂੰ ਵਧੇਰੇ ਕਰਕੇ ਸਕਰ ਰੋਗ ਹੁੰਦਾ ਹੈ। ਆਮ ਤੌਰ ਤੇ ਇਹ ਰੋਗ 43 ਸਾਲ ਤੋਂ ਪਹਿਲਾਂ ਹੀ ਹੋ ਜਾਂਦਾ ਹੈ। ਸਾਡੀ ਨਾਭੀ ਤੋਂ 700 ਨਾੜੀਆਂ ਜਾਂਦੀਆਂ ਹਨ। ਇਸ ਵਿਚੋਂ 175 ਵਾਯੂ ਦੀਆਂ ਹਨ, 175 ਪਿਤ ਤੇ 175 ਕਫ ਦੀਆਂ। ਇਸ ਦੇ ਉਪਰਾਂਤ ਸਾਡੀਆਂ ਛੇ ਕਰੋੜ ਬਹੁਤ ਹੀ ਬਰੀਕ ਨਾੜੀਆਂ ਹਨ ਜਿਹੜੀਆਂ ਸਾਰੇ ਸਰੀਰ ਵਿਚ ਜਾਂਦੀਆਂ ਹਨ। ਨਾਭੀ ਹੀ ਪਿਤ, ਬਾਦ ਤੇ ਕਫ ਦਾ ਕੇਂਦਰ ਹੈ। ਇਸਦਾ ਨਿਅੰਤਰਣ ਖਰਾਬ ਹੋਣ ਨਾਲ ਕਈ ਰੋਗ ਹੋ ਜਾਂਦੇ ਹਨ। ਨਾਭੀ ਤੋਂ ਹੀ ਥੋੜ੍ਹਾ ਉਤੇ ਇਕ ਅੰਗ ਹੈ ਜਿਸ ਦਾ ਨਾਮ ਹੈ pancreas ਇਸ ਵਿਚੋਂ ਜਿਹੜਾ ਰਸ ਨਿਕਲਦਾ ਹੈ ਉਸ ਨੂੰ ਇਨਸੂਲੀਨ ਕਹਿੰਦੇ ਹਨ। ਜਦੋਂ ਇਸ ਅੰਗ ਵਿਚ ਖਰਾਬੀ ਆਉਂਦੀ ਹੈ ਤਾਂ ਇਨਸੂਲੀਨ ਵਧ ਜਾਂਦੀ ਹੈ। ਸ਼ਕਰ ਸ਼ਕਤੀ ਹੈ ਜਿਹੜੀ ਇਕ ਮਾਤਰਾ ਵਿਚ ਸਾਨੂੰ ਚਾਹੀਦੀ ਹੈ। ਜਦੋਂ pancrcas ਵਿਚ ਨੁਕਸ ਪੈ ਜਾਂਦਾ ਹੈ। ਸ਼ਕਰ ਸਾਰੇ ਸਰੀਰ ਤੱਕ ਨਹੀਂ ਪਹੁੰਚਦੀ। ਇਸ ਤੋਂ ਹੀ ਸ਼ਕਰ ਰੋਗ ਹੁੰਦਾ ਹੈ। ਸ਼ਕਰ ਰੋਗ ਦੇ ਚਿੰਨ ਹਨ, ਘੜੀ-ਘੜੀ ਪੇਸ਼ਾਬ ਜਾਣਾ, ਮੂੰਹ ਸੁਕਣਾ, ਸਿਰ ਭਾਰਾ ਰਹਿਣਾ, ਸੁਸਤੀ ਰਹਿਣੀ, ਭੁੱਖ ਬਹੁਤ ਲਗਣੀ, ਪਿਆਸ ਲਗਣੀ, ਚੱਕਰ ਆਉਣੇ, ਨਿਕਾਰਆਤਮਕ ਸੋਚ, ਕੋਈ ਸੱਟ ਲਗ ਜਾਏ ਤਾਂ ਛੇਤੀ ਠੀਕ ਨਹੀਂ ਹੋਣੀ, ਜਦੋਂ ਸ਼ਕਰ ਖ਼ੂਨ ਵਿਚ ਚਲੀ ਜਾਂਦੀ ਹੈ ਖ਼ੂਨ ਗਾੜ੍ਹਾ ਹੋ ਜਾਂਦਾ ਹੈ ਜਿਹੜਾ ਕਿ ਹਿਰਦੇ ਨੂੰ ਤੇ ਦਿਮਾਗ ਲਈ ਹਾਨੀਕਾਰਕ ਹੈ।

ਸ਼ਕਰ ਰੋਗੀ ਨੂੰ ਜਿਗਰ ਦੇ ਰੋਗ, ਫੇਫੜਿਆਂ ਦਾ ਤੇ ਅੱਖਾਂ ਦਾ ਵੀ ਖਾਸ ਧਿਆਨ ਰਖਣਾ ਚਾਹੀਦਾ ਹੈ। ਸ਼ਕਰ ਦੇ ਰੋਗੀ ਨੂੰ ਲੰਬੀ ਸੈਰ ਕਰਨੀ ਚਾਹੀਦੀ ਹੈ। ਯੋਗ ਸਾਧਨਾ ਕਰਨੀ ਚਾਹੀਦੀ ਹੈ। ਮੈਡੀਟੇਸ਼ਨ ਕਰਨੀ ਚਾਹੀਦੀ ਹੈ ਘਿਉ, ਤੇਲ, ਮਸਾਲੇ ਤਲੀਆਂ ਹੋਈਆਂ ਚੀਜ਼ਾਂ ਘੱਟ ਹੀ ਖਾਣੀਆਂ ਚਾਹੀਦੀਆਂ ਹਨ। ਆਪਣਾ ਦਿਨ ਚਰੀਆ ਬਣਾਓ ਤੇ ਕੋਸ਼ਿਸ਼ ਕਰੋ ਕਿ ਤਣਾਓ ਤੋਂ ਬਿਨਾਂ ਜੀਵਨ ਬਿਤਾਓ।

ਡਾਕਟਰੀ ਦਵਾਈਆਂ ਤਾਂ ਇਹ ਰੋਗ ਤੇ ਕਾਬੂ ਪਾ ਸਕਦੀਆਂ ਹਨ। ਠੀਕ ਨਹੀਂ ਕਰ ਸਕਦੀਆਂ। ਇਨ੍ਹਾਂ ਦਵਾਈਆਂ ਦੇ ਦੂਸਰੇ ਅਸਰ ਵੀ ਹਨ। ਆਯੁਰਵੇਦ ਵਿਚ ਇਸ ਦਾ ਇਲਾਜ ਹੈ। ਜਿਹੜਾ ਛੇ ਮਹੀਨੇ ਬਾਜਰੇ ਦੀ ਰੋਟੀ ਤੇ ਛਾਛ ਪੀਂਦਾ ਹੈ ਉਸ ਦੀ ਸ਼ਕਰ ਬਹੁਤ ਹੀ ਘੱਟ ਹੋ ਜਾਂਦੀ ਹੈ। ਰੋਜ਼ ਕੁਲੰਨਜਨ (Kulanjan) ਸਵੇਰੇ ਨਿਰਨੇ ਪੇਟ ਖਾਣ ਨਾਲ ਵੀ ਫਾਇਦਾ ਹੁੰਦਾ ਹੈ। ਸਵੇਰੇ 7 ਪੱਤੇ ਬੋਗਨਵਿਲਾ ਦੇ ਖਾਣ ਨਾਲ ਵੀ ਸ਼ਕਰ ਰੋਗੀ ਨੂੰ ਫਾਇਦਾ ਹੁੰਦਾ ਹੈ। ਪਰ ਇਹ ਤਾਂ ਇਕ ਵਹਿਮ ਹੈ ਕਿ ਕੌੜੀਆਂ ਚੀਜ਼ਾਂ ਖਾਣ ਨਾਲ ਸ਼ਕਰ ਵਿਚ ਫਰਕ ਪੈਂਦਾ ਹੈ। ਸਭ ਤੋਂ ਜ਼ਰੂਰੀ ਹੈ pancreas ਦੇ ਰਸ ਨੂੰ ਨਿਅੰਤਰਣ ਵਿਚ ਰਖਣਾ। ਸ਼ਕਰ ਰੋਗੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਖਾਣ ਪੀਣ ਦਾ ਧਿਆਨ ਰੱਖਣ, ਵਿਆਮ ਜ਼ਰੂਰ ਕਰਨ, ਹਰ ਤਰ੍ਹਾਂ ਦੇ ਤਣਾਓ ਤੋਂ ਬਚਣ ਤੇ ਸ਼ਕਰ ਦਾ ਲੈਵਲ ਠੀਕ ਰਖਣਾ। ਇਸ ਸਮੇਂ ਸਵਾਮੀ ਅਨੰਦ ਸ਼ਕਰ ਦੇ ਰੋਗ ਤੇ ਪੂਰੀ-ਪੂਰੀ ਖੋਜ ਸਵਾਮੀ ਰਾਮ ਫਾਊਂਡੇਸ਼ਨ ਆਯੂਰਵੈਦਿਕ ਫਾਰਮੇਸੀ ਪਿੰਡ ਭੂਰੇਵਾਲਾ, ਤਹਿਸੀਲ ਨਰਾਇਣਗੜ੍ਹ, ਜ਼ਿਲਾ ਅੰਬਾਲਾ, ਹਰਿਆਣਾ ਵਿਚ ਕਰ ਰਹੇ ਹਨ ਤੇ ਆਸ ਰਖਦੇ ਹਨ ਕਿ ਛੇਤੀ ਹੀ ਉਹ ਇਸ ਦਾ ਪੂਰਾ-ਪੂਰਾ ਇਲਾਜ ਲੱਭ ਲੈਣਗੇ।

## ਜੀਵਨ ਗਾਥਾ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ

*ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ*

ਮਹਾਂਪੁਰਸ਼ਾਂ ਦਾ ਇਸ ਸੰਸਾਰ ਦੇ ਉਤੇ ਆਉਣਾ ਸੇਵਾ ਤੇ ਸਿਮਰਨ ਵਾਸਤੇ ਹੁੰਦਾ ਹੈ, ਜਿਥੇ ਮਹਾਂਪੁਰਸ਼ ਆਪ ਸੇਵਾ ਸਿਮਰਨ ਕਰਦੇ ਹਨ, ਇਸ ਦੀ ਜਾਚ ਜੁਗਤ ਹੋਰਨਾਂ ਨੂੰ ਦੱਸ ਕੇ ਇਸ ਧਰਤੀ ਦੇ ਰੰਗ ਮੰਚ ਉਪਰ ਰੂਹਾਨੀ ਇਨਕਲਾਬ ਲਿਆਉਂਦੇ ਹਨ। ਮਹਾਂਪੁਰਸ਼ਾਂ ਦਾ ਜੀਵਨ ਇਕ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ, ਜਿਸ ਜੀਵਨ ਤੋਂ ਭੁਲੇ ਭਟਕੇ ਜੀਵ ਸੇਧ ਲੈ ਕੇ ਆਪਣੇ ਜੀਵਨ ਨੂੰ ਸਿਧੇ ਰਸਤੇ ਪਾਉਂਦੇ ਹਨ। ਜਿਵੇਂ ਗੁਰਬਾਣੀ ਫੁਰਮਾਨ ਹੈ-

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*

*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*

*ਅੰਗ - 1373*



ਸ੍ਰੀ ਮਾਨ ਸੰਤ ਬਾਬਾ ਬਲਵੰਤ ਸਿੰਘ ਲੰਗਰਾਂ ਵਾਲੇ ਰਾੜਾ ਸਾਹਿਬ

ਇਸ ਤਰ੍ਹਾਂ ਦੀਆਂ ਬਖਸ਼ੀਆਂ ਰੂਹਾਂ ਵਿਚੋਂ ਸ੍ਰੀ ਮਾਨ ਜੀ ਸੰਤ ਬਾਬਾ ਬਲਵੰਤ ਸਿੰਘ ਜੀ ਲੰਗਰ ਵਾਲੇ ਆਪਣੀ ਮਿਸਾਲ ਆਪ ਸਨ। ਆਪ ਦਾ ਜੀਵਨ ਸੇਵਾ ਅਤੇ ਸਿਮਰਨ ਦਾ ਸਮੇਲ ਸੀ। ਆਪ ਜੀ ਦੇ ਸਰੀਰ ਦਾ ਜਨਮ ਮਾਤਾ ਇੰਦ ਕੌਰ ਜੀ ਦੀ ਕੁੱਖੋਂ ਅਤੇ ਪਿਤਾ ਸ. ਸੁੰਦਰ ਸਿੰਘ ਦੇ ਗ੍ਰਿਹ ਪਿੰਡ ਭਲਵਾਨ ਨੇੜੇ ਧੂਰੀ ਜਿਲਾ ਸੰਗਰੂਰ ਵਿਖੇ ਹੋਇਆ। ਪੂਰਬਲੇ ਸੰਚਿਤ ਕਰਮਾਂ ਦੀ ਪ੍ਰੇਰਨਾਂ ਤੋਂ ਪ੍ਰੇਰਿਤ ਹੋ ਕੇ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਦੀ ਮਹਾਨ ਕਰਮ ਭੂਮੀ ਉਪਰ 1965 ਈ. ਵਿਚ ਮਹਾਨ ਤਿਆਗੀ ਯੋਗੀਆਂ ਵਾਂਗੂੰ ਘਰ ਬਾਰ ਤਿਆਗ ਕੇ ਪੱਕੇ ਤੌਰ ਤੇ ਸ੍ਰੀ ਮਾਨ ਸੰਤ ਮਹਾਰਾਜ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਦੇ ਚਰਨਾਂ ਵਿਚ ਸਮਰਪਿਤ ਹੋ ਗਏ। ਵੱਡੇ ਸੰਤ ਮਹਾਰਾਜ ਜੀ ਦਾ ਜੀਵਨ ਤਪ ਤਤਿਖਸ਼ਾ ਵਾਲਾ ਜੀਵਨ ਸੀ 1940 ਵਿਚ ਆਪ ਜੀ ਦੀ ਰਿਹਾਇਸ਼ ਅਤੇ ਤਪ ਸਾਧਨਾ ਵਾਸਤੇ ਭਾਈ ਮੋਹਣ ਸਿੰਘ ਜੀ ਕੋਕਾ ਕੋਲਾ ਵਾਲਿਆਂ ਵੱਲੋਂ ਭੋਰਾ ਸਾਹਿਬ ਇਮਾਰਤ ਦੀ ਸੇਵਾ ਕਰਵਾਈ ਗਈ। ਸੇਵਾ ਤੋਂ ਪ੍ਰਸੰਨ ਹੋ ਕੇ ਮਹਾਂਪੁਰਸ਼ਾਂ ਨੇ ਦੀਨ ਦੁਨੀਆਂ ਦੇ ਚਾਰੇ ਪਦਾਰਥ ਗੁਰ ਨਾਨਕ ਘਰ ਤੋਂ ਭਾਈ ਮੋਹਣ ਸਿੰਘ ਕੋਕਾ ਕੋਲਾ ਵਾਲਿਆਂ ਨੂੰ ਬਖਸ਼ਿਸ਼ ਕੀਤੇ ਜਿਵੇਂ ਕਿ ਫੁਰਮਾਨ ਹੈ -

*ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ॥*

*ਅੰਗ - 266*

ਭੋਰਾ ਸਾਹਿਬ ਦੇ ਚਾਰ ਚੁਫੇਰੇ ਵਾਤਾਵਰਣ ਨੂੰ ਮਹਿਕਾਉਣ ਵਾਸਤੇ ਆਪ ਜੀ ਨੇ ਦੋ ਸਾਲ ਫੁਲਵਾੜੀ ਦੀ ਸੇਵਾ ਕੀਤੀ ਅਤੇ ਇਕ ਸਾਲ ਲੰਗਰਾਂ ਵਾਸਤੇ ਖੇਤੀ ਦੀ ਸੇਵਾ ਕਰਦੇ ਰਹੇ। ਵੱਡੇ ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ) ਨੇ 1968 ਦੇ ਵਿਚ ਪੱਕੇ ਤੌਰ ਤੇ ਲੰਗਰ ਦੀ ਸੇਵਾ ਬਖਸ਼ਿਸ਼ ਕਰ ਦਿਤੀ ਅਤੇ ਆਪ ਨੂੰ ਲੰਗਰ ਦੇ ਮੁੱਖ ਸੇਵਾਦਾਰ ਸ੍ਰੀ ਮਾਨ ਜੀ ਦੀ ਮਹਾਨ ਪਦਵੀ ਉਪਰ ਸੁਸ਼ੋਭਿਤ ਕਰ ਦਿਤਾ। ਜਦੋਂ ਤੋਂ ਆਪ ਨੂੰ ਗੁਰੂ ਕੇ ਲੰਗਰ ਦੀ ਮਹਾਨ ਸੇਵਾ ਪ੍ਰਾਪਤ ਹੋਈ ਉਸ ਦਿਨ ਤੋਂ ਦਿਨ ਰਾਤ ਇਕ ਕਰਕੇ ਸੇਵਾ ਨਿਭਾਉਂਦੇ ਰਹੇ। ਆਪ ਜੀ ਦੀ ਮਹਾਨ ਸੇਵਾ ਦਾ ਵੇਰਵਾ ਸੱਚਖੰਡਵਾਸੀ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਨੇ ਵੀ ਆਪਣੇ ਕੀਰਤਨ ਪ੍ਰਵਚਨਾਂ ਦੇ ਵਿਚ ਅਨੇਕਾਂ ਹੀ ਵਾਰ ਬਹੁਤ ਹੀ ਭਾਵਪੂਰਤ ਢੰਗ ਦੇ ਨਾਲ ਸੰਗਤਾਂ ਨੂੰ ਸਰਵਣ ਕਰਾਇਆ ਹੈ। ਸੰਤ ਮਹਾਰਾਜ ਜੀ ਰਤਵਾੜਾ ਸਾਹਿਬ ਵਾਲੇ ਦਸਦੇ ਹੁੰਦੇ ਕਿ ਇਕ ਵਾਰੀ ਮੈਂ 1970 ਦੇ ਲਗਭਗ ਯੂ.ਪੀ. ਆਪਣੇ ਫਾਰਮ ਤੋਂ ਰਾੜਾ ਸਾਹਿਬ ਸ਼ਾਮ ਦੇ ਸਮੇਂ ਪਹੁੰਚਿਆ ਅੱਗੇ ਵੱਡੇ ਸੰਤ ਮਹਾਰਾਜ ਜੀ ਕੀਰਤਨ ਦੀਵਾਨ ਸਤਿਸੰਗ ਵਾਸਤੇ ਜਾ ਰਹੇ ਸਨ ਅਤੇ ਉਨ੍ਹਾਂ ਦੇ ਹੁਕਮ ਅਨੁਸਾਰ ਮੈਂ

ਵੀ ਨਾਲ ਹੀ ਸਤਿਸੰਗ ਦੀਵਾਨ ਤੇ ਚਲਾ ਗਿਆ। ਜਦੋਂ ਰਾਤ ਨੂੰ ਸੰਤ ਮਹਾਰਾਜ ਅਰਾਮ ਕਰਨ ਲੱਗੇ ਤਾਂ ਉਨ੍ਹਾਂ ਨੇ ਮੈਨੂੰ ਕਿਹਾ ਕਿ ਜਾਓ ਲੰਗਰ ਵਿਚ ਪ੍ਰਸ਼ਾਦਾ ਪਾਣੀ ਛੱਕ ਕੇ ਆਓ। ਲੰਗਰ ਵਿਚ ਜਾਣ ਤੇ ਰਾਤ ਦੇ 12.00 ਵਜੇ ਦੇ ਲਗਭਗ ਸਮੇਂ ਤੇ ਵੀ ਸ੍ਰੀ ਮਾਨ ਜੀ ਸੰਤ ਬਾਬਾ ਬਲਵੰਤ ਸਿੰਘ ਆਪਣੇ ਆਸਣ ਪੀੜੀ ਤੇ ਬਿਰਾਜਮਾਨ ਸਨ। ਸਰੀਰ ਦੀ ਬਿਰਧ ਅਵਸਥਾ ਵਿਚ ਵੀ ਆਪ ਜੀ ਦੀ ਘਾਲਣਾ ਨੂੰ ਵੇਖ ਕੇ ਸ਼ਰਧਾਲੂਆਂ ਨੂੰ ਇਹ ਗੁਰਬਾਣੀ ਯਾਦ ਆਉਂਦੀ ਸੀ :-



ਸੰਤ ਬਾਬਾ ਬਲਵੰਤ ਸਿੰਘ ਜੀ ਅਤੇ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਆਤਮ ਮਾਰਗ ਦਫਤਰ ਵਿਚ।

*ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥*

ਅੰਗ - 1378

ਜਦੋਂ ਤੋਂ ਆਪ ਜੀ ਨੂੰ ਲੰਗਰ ਦੀ ਮਹਾਨ ਸੇਵਾ ਪ੍ਰਾਪਤ ਹੋਈ ਕਿਸੇ ਵੀ ਸਮੇਂ ਆਪ ਨੂੰ ਅਰਾਮ ਕਰਦੇ ਕਦੇ ਵੀ ਨਹੀਂ ਵੇਖਿਆ ਸੀ। ਆਪ ਦਾ ਜੀਵਨ ਤਪ ਸੇਵਾ ਸਿਮਰਨ ਵਾਲਾ ਜੀਵਨ ਸੀ। ਰੋਜ਼ਾਨਾ ਹੀ ਨਿਤਨੇਮ ਅਨੁਸਾਰ ਆਪ ਕਠਿਨ ਘਾਲਣਾ ਘਾਲਦੇ ਹੋਏ ਅੰਮ੍ਰਿਤ



ਸੰਤ ਬਾਬਾ ਬਲਵੰਤ ਸਿੰਘ ਜੀ ਅਤੇ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਿਖੇ ਸਲਾਨਾ ਸਮਾਗਮ ਸਮੇਂ ਦੀ ਇਕ ਯਾਦ

ਵੇਲੇ 1.00 ਵਜੇ ਇਸ਼ਨਾਨ ਪਾਣੀ ਸਰੀਰਕ ਕਿਰਿਅ ਕਰਿਆ ਕਰਦੇ ਸਨ। ਇਥੋਂ ਤੱਕ ਕੇ ਆਪ ਆਪਣੇ ਹੱਥ ਮੱਝਾਂ ਦੀ ਸੇਵਾ ਕਰਦੇ ਉਨ੍ਹਾਂ ਦਾ ਦੁੱਧ ਕੱਢਦੇ ਅਤੇ ਹ ਪ੍ਰਕਾਰ ਦਾ ਹ ਕਿਸੇ ਦਾ ਪੂਰ ਪੂਰਾ ਧਿਆਨ ਰੱਖਦੇ ਸਨ ਸਵੇਰ ਤੋਂ ਹੀ ਰਾਤ ਤੱਕ ਲਗਾਤਾਰ ਲੰਗਰ ਵਿਚ ਸੇਵਾ ਕਰਦੇ ਕਰਾਉਂਦੇ ਰਹਿੰਦੇ ਸਨ। ਗੁਰਦੁਆਰਾ ਸਾਹਿਬ ਦੇ ਲੰਗਰ ਦੀ ਨਿਰਾਲੀ ਚਾਲੀ ਨੂੰ ਲਗਾਤਾਰ 24 ਘੰਟੇ ਚਲਾਈ ਰੱਖਦੇ ਸਨ। ਕਿਉਂਕਿ ਵੱਡੇ ਸੰਤ ਮਹਾਰਾਜ ਦਾ ਹੁਕਮ ਸੀ ਕਿ ਇਹ ਲੰਗਰ ਗੁਰੂ ਨਾਨਕ ਦਾ ਲੰਗਰ ਹੈ ਕਦੇ ਵੀ 24 ਘੰਟੇ ਅੰਦਰ ਬੰਦ ਨਹੀਂ ਹੋਣਾ ਚਾਹੀਦਾ ਸਦਾ ਵਰਤ ਚਲਦਾ ਰਹਿਣਾ ਚਾਹੀਦਾ ਹੈ। ਲੋੜਵੰਦ ਪਾਂਧੀ ਯਾਤਰੂ ਪੰਗਤਾਂ ਵਿਚ ਬੈਠ ਕੇ ਕਦੇ ਵੀ ਲੰਗਰ ਛੱਕ ਸਕਦੇ ਹਨ। ਸਾਰੇ ਹੀ ਅਨੁਭਵੀ ਮਹਾਂਪੁਰਸ਼ਾਂ ਦੀ ਲੰਗਰ ਵਾਰੇ 'ਸੌ ਸਿਆਣੇ ਇਕ ਮਤ' ਵਾਂਗੂੰ ਇਹ ਵਿਚਾਰ ਹੈ ਕਿ ਜਦੋਂ ਕੋਈ ਭੁੱਖਾ ਅਤਿਥੀ ਕਿਸੇ ਵੀ ਘਰ ਆਉਂਦਾ ਹੈ ਜੇ ਕਰ ਉਸ ਦੀ ਭੁੱਖ ਨਿਰਵਿਰਤੀ

ਜਠਰ ਅਗਨ ਸ਼ਾਂਤ ਨਾ ਹੋਵੇ ਤਾਂ ਉਹ ਪੁੰਨ ਕਰਮ ਜਾਲ ਦਿੰਦੀ ਹੈ ਇਸੇ ਲਈ ਗੁਰੂ ਨਾਨਕ ਮਹਾਰਾਜ ਜੀ ਨੇ 20 ਰੁਪਏ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਛੱਕਾ ਕੇ ਖਰਾ ਸੌਦਾ ਕੀਤਾ ਸੀ। ਕਰਤਾਰਪੁਰ ਵਿਖੇ ਧਰਮਸਾਲਾ ਕਾਇਮ ਕਰ ਕੇ ਜਿਥੇ ਸਤਿਸੰਗ ਦਾ ਪ੍ਰਵਾਹ ਚਲਾਇਆ ਉਥੇ ਨਾਲ ਹੀ ਇਹ ਪ੍ਰੰਪਰਾ 'ਪਹਿਲਾਂ ਪੰਗਤ ਪਾਛੈ ਸੰਗਤ' ਕਾਇਮ ਕਰ ਦਿਤੀ। ਇਸੇ ਤਰ੍ਹਾਂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਾਂਦੇੜ ਦੀ ਧਰਤੀ ਉਪਰ ਆਪਣੇ ਅੰਤਿਮ ਬਚਨਾਂ ਵਿਚ



ਸ੍ਰੀ ਮਾਨ ਸੰਤ ਬਾਬਾ ਬਲਵੰਤ ਸਿੰਘ ਲੰਗਰਾਂ ਵਾਲੇ ਰਤਵਾੜਾ ਸਾਹਿਬ ਵਿਖੇ ਕੀਰਤਨ ਕਰਦੇ ਹੋਏ।

ਫੁਰਮਾਨ ਕੀਤਾ ਸੀ ਕਿ 'ਪ੍ਰਥਮੇ ਲੰਗਰ ਪਾਛੈ ਮੰਦਰ' ਭਾਵ ਸਭ ਤੋਂ ਪਹਿਲਾਂ ਲੰਗਰ ਪ੍ਰਥਾ ਪੰਗਤਾਂ ਰਾਹੀਂ ਚਾਲੂ ਕਰਨੀ ਹੈ। ਇਸ ਲਈ ਭਾਈ ਦਇਆ ਸਿੰਘ ਪੰਜਾ ਪਿਆਰਿਆਂ ਦੇ ਮੁੱਖੀ ਤੋਂ ਇਹ ਚੱਲੀ ਸੰਪ੍ਰਦਾਇ ਦਾ ਅਸੂਲ ਹੈ ਕਿ ਲੰਗਰ ਗੁਰੂ ਪ੍ਰੰਪਰਾ ਅਨੁਸਾਰ ਲਗਾਤਾਰ 24 ਘੰਟੇ ਨਿਰਵਿਘਨ ਲਗਾਤਾਰ ਚਲਦੇ ਰਹਿੰਦੇ ਹਨ ਜਿਵੇਂ ਗੁਰੂ ਫੁਰਮਾਨ ਹੈ-

*ਰਜਿ ਰਜਿ ਭੋਜਨੁ*
*ਖਾਵਹੁ ਮੇਰੇ ਭਾਈ॥*
*ਅੰਮ੍ਰਿਤ ਨਾਮੁ ਰਿਦ*
*ਮਾਹਿ ਧਿਆਈ॥*

ਅੰਗ - 807



ਸੰਤ ਬਾਬਾ ਬਲਵੰਤ ਸਿੰਘ ਜੀ ਗੁ. ਈਸ਼ਰ ਪ੍ਰਕਾਸ਼ ਦਰਬਾਰ ਸਾਹਿਬ ਦਾ ਟੱਕ ਲਾਉਂਦੇ ਹੋਏ।

26 ਜਨਵਰੀ 1999 ਨੂੰ ਜਦੋਂ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਦਰਬਾਰ ਸਾਹਿਬ ਦਾ ਸ਼ਿਲਾ ਨਿਆਸ ਨੀਹ ਪੱਥਰ ਬਹੁਤ ਹੀ ਧੂੰਮ ਧਾਮ ਸ਼ਰਧਾ ਨਾਲ ਰੱਖਿਆ ਜਾਣਾ ਸੀ ਤਾਂ ਸ੍ਰੀ ਮਾਨ ਜੀ ਸੰਤ ਬਾਬਾ ਬਲਵੰਤ ਸਿੰਘ ਜੀ ਨੇ ਪੰਜ ਪਿਆਰਿਆਂ ਵਿਚ ਸਾਮਲ ਹੋ ਕੇ ਇਹ ਮਹਾਨ ਸੇਵਾ ਨਿਭਾਉਣਾ ਕੀਤੀ ਗਈ। ਜੋ ਉਸ ਸਮੇਂ ਦਾ ਅਲੌਕਿਕ ਦ੍ਰਿਸ਼ ਸੀ ਉਸ ਨੂੰ ਅੱਖਰਾਂ ਦਾ ਜਾਮਾ ਪਹਿਨਾਉਣਾ ਅਤਿਅੰਤ ਮੁਸ਼ਕਲ ਹੈ, ਕਿਉਂਕਿ-

*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*

*ਅੰਗ - 1370*

ਆਪ ਨੇ ਉਸ ਸਮੇਂ ਆਪਣੇ ਅਨੁਭਵੀ ਪ੍ਰਬਚਨਾਂ ਵਿਚ ਬਹੁਤ ਹੀ ਸੁੰਦਰ ਗੱਲ ਕਹੀ ਸੀ ਕਿ ਅੰਗਰੇਜ਼ਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛਿਪਦਾ ਪ੍ਰੰਤੂ ਐਸੀਆਂ ਵੱਡੀਆਂ ਵੱਡੀਆਂ ਸਰਕਾਰਾਂ ਵੀ ਲੰਗਰ ਨਹੀਂ ਚਲਾ ਸਕੀਆਂਜੋ ਕਿ ਗੁਰੂ ਘਰ ਦੇ ਲੰਗਰ ਦੀ ਵਡਿਆਈ ਆਪਣੀ ਮਿਸਾਲ ਆਪ ਹੈ। ਗੁਰੂ ਅੰਗਦ ਮਹਾਰਾਜ ਜੀ ਦੇ ਸਮੇਂ ਲੰਗਰ ਵਿਚ ਸਵਾਦਿਸ਼ਟ ਪਦਾਰਥ ਗੁਰੂ ਦੇ ਮਹਿਲ ਮਾਤਾ ਖੀਵੀ ਜੀ ਖੀਰ ਆਦਿਕ ਆਪ ਵਰਤਾਇਆ ਕਰਦੇ ਸਨ -

*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*

*ਅੰਗ - ੯੬੭*

ਧੰਨ ਗੁਰੂ ਅਮਰਦਾਸ ਜੀ ਮਹਾਰਾਜ ਜੀ ਦੇ ਸਮੇਂ ਅਕਬਰ ਬਾਦਸ਼ਾਹ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਣ ਦਾ ਅਨੰਦ ਮਾਣਿਆਂ ਸੀ। ਗੁਰੂ ਜੀ ਰਾਤ ਨੂੰ ਲੰਗਰ ਦੇ ਬਰਤਨਾ ਨੂੰ ਮਾਜ ਸਵਾਰ ਕੇ ਉਲਟੇ ਮੂਧੇ ਮਰਵਾ ਦਿਆ ਕਰਦੇ ਸਨ। ਆਪ ਜੀ ਦਾ ਹੁਕਮ ਸੀ ਕਿ ਜੇ ਲੰਗਰ ਵਧ ਕੇ ਬਚ ਜਾਵੇ ਤਾਂ ਗਊ ਗਰੀਬ ਨੂੰ ਬਾਹਰ ਲਿਜਾ ਕੇ ਵੰਡ ਦਿਤਾ ਜਾਵੇ ਅਤੇ ਜੇ ਫੇਰ ਵੀ ਨਾ ਖਤਮ ਹੋਵੇ ਤਾਂ ਜੋਦਰਿਆ ਗੋਇੰਦਵਾਲ ਦੇ ਨਾਲ ਹੀਚਲਦਾ ਸੀ ਉਸ ਵਿਚ ਜਲ ਪ੍ਰਵਾਹ ਕਰ ਦਿਤਾ ਜਾਵੇ ਤਾਂ ਕਿ ਜਲ ਦੇ ਜੀਵ ਛੱਕ ਲੈਣਪਰ ਰਾਤ ਨੂੰ ਬਚਾ ਕੇ ਨਾ ਰੱਖਿਆ ਜਾਵੇ ਸਵੇਰੇ ਆਪ ਹੀ ਪ੍ਰਮੇਸ਼ਰ ਹੋਰ ਭੇਜ ਦੇਵੇਗਾ। ਸਮੇਂ-ਸਮੇਂ ਛੋਟੇ ਵੱਡੇ ਸਾਰਿਆਂ ਨੂੰ ਇਕੋ ਪੰਗਤ ਵਿਚ ਲੰਗਰ ਛਕਾਉਣ ਦੀ ਮਰਿਆਦਾ ਨੂੰ ਗੁਰਮੁਖ ਪਿਆਰੇ ਮਹਾਂਪੁਰਸ਼ ਨਿਭਾਉਂਦੇ ਚਲੇ ਆ ਰਹੇ ਹਨ। ਇਹ ਗੁਰੂ ਘਰ ਦੀ ਵਡਿਆਈ ਹੈ ਕਿ ਇਕੋ ਜਿਹਾ ਲੰਗਰ ਪੰਗਤਾਂ ਵਿਚ ਵਰਤਦਾ ਹੈ ਜੋ ਉਚ ਨੀਚ ਦਾ ਭਿੰਨ ਭੇਦ ਭਾਵ ਮਿਟਾਉਂਦਾ ਹੈ। ਇਹ ਸਤਿਗੁਰ ਦੀਆਂ ਵਡਿਆਈਆਂ ਹਨ -

*ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ ॥*
*ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ ॥੩॥*

*ਅੰਗ - 1093*

*ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥ ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥ ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥ ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥*

*ਅੰਗ - 186*



ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਅਤੇ ਸ੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਡੇਰਾ ਸਾਹਿਬ ਮੌਜੂਦਾ ਮੁਖੀ ਰਾੜਾ ਸਾਹਿਬ ਇੱਕ ਅਭੁੱਲ ਯਾਦ।


ਮਹਾਂਪੁਰਸ਼ਾਂ ਵਲੋਂ ਗੁਰੂ ਅਸਥਾਨਾਂ ਤੇ ਨਿਰੰਤਰ ਲੰਗਰ ਚਲਾਏ ਜਾਂਦੇ ਹਨ ਜਿਥੇ ਸੰਗਤਾਂ ਪੰਗਤਾਂ ਵਿਚ ਬੈਠ ਕੇ ਸਰੀਰਕ ਭੁੱਖ ਦੀ ਤ੍ਰਿਪਤੀ ਕਰਦੀਆਂ ਹਨ ਉਥੇ ਸੰਗਤਾਂ ਸਤਿਸੰਗ ਵਿਚ ਬੈਠ ਕੇ ਗੁਰਬਾਣੀ ਕੀਰਤਨ ਸੁਣ ਕੇ ਗੁਰ ਸ਼ਬਦ ਲੰਗਰ ਦਾ ਅਨੰਦ ਮਾਣਦੀਆਂ ਹਨ। ਜਿਸ ਰਸ ਨੂੰ ਦਸਣਾ ਅਤਿਅੰਤ ਮੁਸ਼ਕਲ ਹੈ ਜਿਵੇਂ ਕਿ -

*ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥*
*ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥*
*ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥*

*ਅੰਗ - 1302*

ਸਾਰੇ ਹੀ ਅਨੁਭਵੀ ਸੰਤਾਂ ਦਾ ਅਨੁਭਵ ਹੈ ਕਿ ਗੁਰੂ ਕੇ ਲੰਗਰਾਂ ਵਿਚ ਕਦੇ ਵੀ ਤੋਟ ਨਹੀਂ ਆਇਆ ਕਰਦੀ ... ਜਿਥੇ ਹਿਸਾਬ ਕਿਤਾਬ ਲੇਖਾ ਜੋਖਾ ਘਾਟਾ ਵਾਧਾ ਵੇਖਿਆ ਜਾਂਦਾ ਹੈ ਉਥੇ ਸਦਾ ਹੀ ਤੋਟ ਆਪਣਾ ਘਰ ਕਰ ਲੈਂਦੀ ਹੈ। ਇਸ ਸਬੰਧ ਵਿਚ ਜੋ ਸੰਤ ਬਾਬਾ ਕਰਮ ਸਿੰਘ ਜੀ ... ਮਰਦਾਨ ਵਾਲਿਆਂ ਦੀ ਗੁਰੂ ਕੇ ਲੰਗਰ ਲਈ ਸ਼ਰਧਾ ... ਕਰੋ ਦੇ ਸਿਰਲੇਖ ਹੇਠ ਪੰਛਮੀ ਪ੍ਰਕਾਸ਼ ਪੁਸਤਕ ... ਸੱਚਖੰਡ ਵਾਸੀ ਗਿਆਨੀ ਮੋਹਣ ਸਿੰਘ ਅਜਾਦ ... ਇਸ ਤਰ੍ਹਾਂ ਹੈ - "ਜਦ ਤੋਂ ਡੇਰੇ ਦੀ ਰਚਨਾ ਹੋਈ, ਉਸ ...

ਤੋਂ ਹੀ ਬਾਬਾ ਜੀ ਦੀ ਆਗਿਆ ਆਨੁਸਾਰ ਲੰਗਰ ਵਿੱਚ ਹਰ ਰੋਜ਼ ਘਿਉ ਭੁੰਨਵੇ ਪੱਕੇ ਮਿੱਠੇ ਦੇ ਚੌਲ ਬਣਦੇ ਸਨ। ਕਈ ਵਾਰੀ ਲੰਗਰ ਵਿੱਚ ਨਵੇਂ ਆਏ ਸੇਵਾਦਾਰਾਂ ਨੇ ਖੰਡ ਦਾ ਇਤਨਾ ਖਰਚ ਹੁੰਦਾ ਦੇਖ ਕੇ ਵਿਚਾਰ ਕਰਨੀ ਕਿ ਕੀ ਹਰਜ਼ ਜੇ ਚੌਲਾਂ ਵਿੱਚ ਗੁੜ ਪਾ ਦਿੱਤਾ ਜਾਵੇ ਪਰ ਬਾਬਾ ਜੀ ਦੇ ਭੈ ਕਰਕੇ ਇਸ ਤਰ੍ਹਾਂ ਨਹੀਂ ਸਨ ਕਰ ਸਕਦੇ। ਇੱਕ ਵਾਰੀ ਕਿਸੇ ਵੱਲੋਂ ਚੌਲਾਂ ਵਿੱਚ ਪਾਉਣ ਵਾਸਤੇ ਲਾਲ ਰੰਗ ਦੀ ਦੇਸੀ ਖੰਡ ਆ ਗਈ, ਉਸ ਦੇ ਉੱਪਰ ਕਾਫੀ ਮੈਲ ਸੀ। ਉਹ ਲਾਹ ਕੇ ਉਸਦੇ ਚੌਲ ਬਣਾਏ। ਪਰ ਰੰਗ ਚਿੱਟਾ ਨਾ ਹੋਇਆ। ਫਿਰ ਸੰਕਲਪ ਫੁਰਿਆ ਕਿ ਦੇਖੋ ਖੰਡ ਦੇ ਉੱਪਰ ਵੀ ਤਾਂ ਮੈਲ ਆਉਂਦੀ ਹੈ ਇਸੇ ਤਰ੍ਹਾਂ ਗੁੜ ਦੇ ਉਪਰੋਂ ਵੀ ਮੈਲ ਲਾਹ ਕੇ ਚੰਗੇ ਚੌਲ ਬਣ ਸਕਦੇ ਹਨ। ਲਾਂਗਰੀ ਸਿੰਘ ਕਈ ਦਿਨ ਇਸ ਤੇ ਵਿਚਾਰ ਵਿੱਚ ਪਏ ਰਹੇ। ਪਰ ਕਿਸੇ ਦਾ ਹੀਆ ਨਾ ਪਿਆ ਕਿ ਸੰਤਾਂ ਦੇ ਹੁਕਮ ਤੋਂ ਬਗੈਰ ਕੋਈ ਆਪਣੇ ਆਪ ਲੰਗਰ ਵਿੱਚ ਕੱਚਾ ਮਿੱਠਾ ਵਰਤ ਸਕੇ। ਇੱਕ ਦਿਨ ਸਾਰੇ ਲਾਂਗਰੀ ਸੰਤਾਂ ਦੇ ਪਾਸ ਹਾਜ਼ਰ ਹੋਏ। ਹੱਥ ਜੋੜ ਕੇ ਮੱਥਾ ਟੇਕਿਆ ਫਿਰ ਸ੍ਰੀ ਮਾਨ ਨੇ (ਜੋ ਲੰਗਰ ਦਾ ਮੁਖੀਆ ਸੀ) ਅਰਜ਼ ਕੀਤੀ, "ਮਹਾਰਾਜ ! ਦੇਖੋ ਦੇਸੀ ਖੰਡ ਦੇ ਚੌਲ ਵੀ ਲਾਲ ਰੰਗ ਦੇ ਬਣੇ ਹਨ। ਦੇਸੀ ਖੰਡ ਦੇ ਉੱਪਰ ਮੈਲ ਹੁੰਦੀ ਹੈ ਉਹ ਵੀ ਲਾਹੁਣੀ ਪੈਂਦੀ ਹੈ। ਜੇਕਰ ਆਪ ਹੁਕਮ ਕਰੋ ਤਾਂ ਜਿਸ ਦਿਨ ਚੀਨੀ ਨਾ ਹੋਵੇ ਉਸ ਦਿਨ ਬਜਾਏ ਦੇਸੀ ਖੰਡ ਦੇ ਚੰਗੀ ਤਰ੍ਹਾਂ ਮੈਲ ਲਾਹ ਕੇ ਚੌਲਾਂ ਵਿੱਚ ਗੁੜ ਪਾ ਲਿਆ ਕਰੀਏ।" ਪਹਿਲਾਂ ਤਾਂ ਸੰਤ ਮਹਾਰਾਜ ਜੀ ਚੁੱਪ ਕਰ ਗਏ ਫਿਰ ਕਹਿਣ ਲੱਗੇ" ਜੇਕਰ ਦੇਸੀ ਖੰਡ ਦੇ ਉੱਪਰ ਮੈਲ ਆ ਜਾਂਦੀ ਹੈ ਤਾਂ ਫੇਰ ਤੁਸੀਂ ਅੱਜ ਤੋਂ ਚੌਲਾਂ ਵਿੱਚ ਖੰਡ ਪਾਉਣੀ ਬੰਦ ਕਰ ਦਿਓ, ਮਿਸ਼ਰੀ ਪਾਇਆ ਕਰੋ ਮਿਸ਼ਰੀ ਵੀ ਬੀਕਾਨੇਰੀ ਜਿਸ ਦੇ ਉੱਪਰ ਮੈਲ ਨਹੀਂ ਹੁੰਦੀ।" ਹਜ਼ੂਰ ਦੀ ਰਸਨਾਂ ਤੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਸਾਰੇ ਡਰ ਗਏ ਅਤੇ ਸੋਚਦੇ ਹਨ ਕਿ ਸਾਡਾ ਤਾਂ ਇਹ ਖ਼ਿਆਲ ਸੀ ਕਿ ਸੰਤ ਜੀ ਚੌਲਾਂ ਵਿੱਚ ਗੁੜ ਪਾਉਣ ਦਾ ਹੁਕਮ ਦੇ ਦੇਣਗੇ ਤੇ ਚੀਨੀ ਦਾ ਖਰਚਾ ਘਟ ਜਾਵੇਗਾ ਪਰ ਹੁਣ ਸੰਤਾਂ ਦੇ ਬਚਨ ਕੌਣ ਮੋੜੇ ਉਸ ਦਿਨ ਤੋਂ ਬਆਦ ਚੌਲਾਂ ਵਿੱਚ ਮਿਸ਼ਰੀ ਪੈਂਦੀ ਰਹੀ।



ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਡੇਰਾ ਸਾਹਿਬ ਵਿਖੇ

ਕਾਫੀ ਸਮੇਂ ਤੋਂ ਬਾਅਦ ਫੇਰ ਇਨ੍ਹਾਂ ਲਾਂਗਰੀਆਂ ਦਾ ਖ਼ਿਆਲ ਹੋਇਆ ਕਿ ਹੁਣ ਤਾਂ ਬਾਬਾ ਜੀ ਉਸ ਗੱਲ ਨੂੰ ਭੁੱਲ ਗਏ ਹੋਣਗੇ। ਅੱਜ ਮਿਸ਼ਰੀ ਮੁੱਕੀ ਹੈ ਅਤੇ ਅੰਦਰ ਗੁੜ ਪਿਆ ਹੈ ਕਿਉਂ ਨਾ ਅੱਜ ਚੰਗੀ ਤਰ੍ਹਾਂ ਸਾਫ ਕਰਕੇ ਚੌਲਾਂ ਵਿੱਚ ਗੁੜ ਪਾ ਦਿੱਤਾ ਜਾਵੇ। ਇਉਂ ਵਿਚਾਰ ਕੇ ਚੰਗੀ ਤਰ੍ਹਾਂ ਮੈਲ ਉਤਾਰ ਕੇ ਗੁੜ ਦੇ ਚੌਲ ਬਣਾ ਲਏ। ਰੋਜ਼ ਹੀ ਘੰਟੀ ਤੋਂ ਅੱਗੋਂ ਬਾਬਾ ਜੀ ਦਾ ਥਾਲ ਗਿਆਰਾਂ ਵਜੇ ਗੁਫਾ ਤੇ ਪੁੱਜ ਜਾਇਆ ਕਰਦਾ ਅਤੇ ਫਿਰ ਬਾਰਾਂ ਵਜੇ ਲੰਗਰ ਦੀ ਘੰਟੀ ਵੱਜਦੀ। ਅੱਜ ਜਦੋਂ ਸੰਤ ਆਇਆ ਸਿੰਘ ਜੀ ਸੰਤਾਂ ਦਾ ਪ੍ਰਸ਼ਾਦਿ ਲੈ ਕੇ ਗੁਫਾ ਤੇ ਪੁੱਜੇ। ਜਾਣੀ ਜਾਣ ਦਾਤੇ ਨੇ ਥਾਲ ਦੇ ਜਾਂਦਿਆ ਹੀ ਉੱਪਰੋਂ ਰੁਮਾਲ ਉਤਾਰ ਲਿਆ। ਜਦੋਂ ਚੌਲਾਂ ਦੀ ਰੰਗਤ ਲਾਲ ਦੇਖੀ ਤਾਂ ਸੰਤ ਆਇਆ ਸਿੰਘ ਜੀ ਨੂੰ ਪੁੱਛਿਆ ਕਿ ਇਹ ਚੌਲ ਕਿਤੋਂ ਬਾਹਰੋਂ ਆਏ ਹਨ? ਉਨ੍ਹਾਂ ਅਰਜ਼ ਕੀਤੀ, " ਨਹੀਂ ਗਰੀਬ ਨਿਵਾਜ! ਇਹ ਗੁਰੂ ਕੇ ਲੰਗਰ ਦਾ ਹੀ ਭੰਡਾਰਾ ਹੈ।" ਬਾਬਾ ਜੀ ਨੇ ਉਸ ਸਮੇਂ ਥਾਲ ਤੇ ਰੁਮਾਲ ਪਾ ਕੇ ਇੱਕ ਸੇਵਾਦਾਰ ਦੇ ਹੱਥੀਂ ਵਾਪਸ ਭੇਜ ਦਿੱਤਾ ਅਤੇ ਬੂਹੇ ਤੋਂ ਬਾਹਰ ਬੈਠੇ ਦੋ ਪ੍ਰੇਮੀ ਸੇਵਾਦਾਰ ਲੰਗਰ ਵੱਲ ਭਜਾਏ ਕਿ ਛੇਤੀ ਜਾ ਕੇ ਲਾਂਗਰੀਆਂ ਨੂੰ ਆਖੋ ਕਿ ਅੱਜ ਲੰਗਰ ਦੀ ਘੰਟੀ ਨਾ ਲਾਉਣ, ਅਸੀਂ ਆਪ ਆ ਰਹੇ ਹਾਂ।

ਇਹ ਦੋਵੇਂ ਸੱਜਣ ਦੌੜ ਕੇ ਡੇਰੇ ਪੁੱਜੇ ਤੇ ਆ ਕੇ ਬਾਬਾ ਜੀ ਦਾ ਹੁਕਮ ਸ੍ਰੀ ਮਾਨ ਨੂੰ ਸੁਣਾ ਦਿੱਤਾ। ਉਹ ਸਾਰੇ ਹੀ ਭੈ ਭੀਤ ਹੋ ਗਏ। ਇਤਨੇ ਨੂੰ ਸੰਤ ਆਇਆ ਸਿੰਘ ਜੀ ਦੇ ਸਮੇਤ ਬਾਬਾ ਜੀ ਆਪ ਡੇਰੇ ਆਏ। ਬਾਹਰੋਂ ਆਈ ਹੋਈ ਸੰਗਤ ਜੋ ਦਰਸ਼ਨਾਂ ਨੂੰ ਖੜ੍ਹੀ ਤਰਸ ਰਹੀ ਸੀ। ਦੌੜ ਕੇ ਚਰਨ ਪਰਸਨ ਲਈ ਨੇੜੇ ਆਈ। ਸੰਤਾਂ ਨੇ ਸਭਨਾਂ ਨੂੰ ਰੋਕ ਦਿੱਤਾ ਕਿ ਅਜੇ ਪਿੱਛੇ ਰਹੋ। ਅਸੀਂ ਗੁਪਤ ਬਚਨ ਕਰਨੇ ਹਨ, ਤੁਸੀਂ ਫੇਰ ਮੱਥਾ ਟੇਕ ਲੈਣਾ। ਉਸ ਸਮੇਂ ਹਜ਼ੂਰ ਲੰਗਰ ਵਿੱਚ ਪੁੱਜੇ, ਸਾਰੇ ਲਾਂਗਰੀਆਂ ਤੇ ਸ੍ਰੀ ਮਾਨ ਨੂੰ ਸੱਦਿਆ। ਉਸ ਸਮੇਂ ਸੰਤਾਂ ਦਾ ਤੇਜ਼ ਪ੍ਰਤਾਪ ਦੇਖ ਕੇ ਕੋਈ ਸਾਹਮਣੇ ਤੱਕ ਨਹੀਂ ਸੀ ਸਕਦਾ। ਸਾਰੇ ਥਰ-ਥਰ ਕੰਬੀ ਜਾਣ ਪਾਸ ਆਏ ਹੱਥ ਜੋੜੇ ਮੱਥਾ ਟੇਕਿਆ ਤੇ ਡਰਦੇ ਹੋਏ ਦੂਰ ਹੀ ਖਲੋ ਗਏ। ਸੰਤਾਂ ਨੇ ਪੁੱਛਿਆ, "ਦੱਸੋ ਬਈ ਕੀ ਗੱਲ ਹੈ? ਜਦੋਂ ਤੁਹਾਨੂੰ ਇੱਕ ਵਾਰੀਂ ਆਖ ਦਿੱਤਾ ਕਿ ਸਾਡੇ ਸਰੀਰ ਦੇ ਹੁੰਦਿਆਂ ਲੰਗਰ ਵਿੱਚ ਕੱਚਾ ਮਿੱਠਾ ਨਹੀਂ ਵਰਤਣਾ, ਫਿਰ ਤੁਸੀਂ ਅੱਜ ਚੌਲਾਂ ਵਿੱਚ ਗੁੜ ਕਿਉਂ ਪਾਇਆ ਹੈ?" ਉਨ੍ਹਾਂ ਅਰਜ਼ ਕੀਤੀ, "ਮਹਾਰਾਜ! ਮਿਸ਼ਰੀ ਮੁੱਕ ਗਈ ਸੀ ਮੰਗਵਾਉਣ ਦਾ ਚੇਤਾ ਭੁੱਲ ਗਿਆ ਸੀ। ਗੁੜ ਅੰਦਰ ਪਿਆ ਸੀ ਅਸੀਂ ਸੋਚਿਆ ਕਿ ਨਿੱਤਨੇਮ ਵਿੱਚ ਫ਼ਰਕ ਨਾ ਪੈ ਜਾਵੇ ਅੱਜ ਗੁੜ ਹੀ ਪਾ ਦਿੰਦੇ ਹਾਂ।" ਸੰਤ ਜੀ ਮਹਾਰਾਜ ਨੇ ਕਿਹਾ "ਜੇਕਰ ਮਿਸ਼ਰੀ ਨਹੀਂ ਸੀ ਤਾਂ ਚੌਲ ਨਾ ਬਣਾਉਂਦੇ ਪਰ ਕੱਚਾ ਮਿੱਠਾ ਕਿਉਂ ਪਾਇਆ? ਚੱਲੋ ਸਾਨੂੰ ਉਹ ਜਗ੍ਹਾਂ ਦਿਖਾਓ ਜਿੱਥੇ ਮਿਸ਼ਰੀ ਰੱਖਦੇ ਹੁੰਦੇ ਹੋ।" ਸੰਤ ਜੀ ਮਹਾਰਾਜ ਨਾਲ ਗਏ। (ਸੰਤਾਂ ਦੇ ਸੇਵਕ ਬਾਬਾ ਸੁੱਚਾ ਸਿੰਘ ਜੀ ਨੇ ਇਹ ਸਾਖੀ ਆਪ ਭਗਤ ਜੀ ਨੂੰ ਦੱਸੀ ਸੀ ਕਿ ਅਸੀਂ ਉਸ ਸਮੇਂ ਕੋਲ ਖੜ੍ਹੇ ਸਾਂ) ਪਹਿਲਾਂ ਤਾਂ ਕੀ ਵੇਖਿਆ ਅੰਦਰ ਪੰਜਾਹ ਮਣ ਮਿਸ਼ਰੀ ਪਈ ਹੈ। ਸਾਰੇ ਹੈਰਾਨ ਹੋ ਗਏ ਸੰਤਾਂ ਨੇ ਕਿਹਾ, "ਆਹ ਦੇਖੋ! ਕਿਤਨੀ ਮਿਸ਼ਰੀ ਪਈ ਹੈ।" ਬਾਬਾ ਸੁੱਚਾ ਸਿੰਘ ਨੇ ਅਰਜ਼ ਕੀਤੀ, "ਮਹਾਰਾਜ! ਪਹਿਲਾਂ ਤਾਂ ਏਥੇ ਇੱਕ ਡਲੀ ਵੀ ਨਹੀਂ ਸੀ। ਪਰ ਆਪ ਤਾਂ ਨਿਗਾਹ ਪਾ ਕੇ ਲੂਣ ਦੇ ਪਹਾੜ ਨੂੰ ਵੀ ਮਿਸ਼ਰੀ ਦਾ ਬਣਾ ਸਕਦੇ ਹੋ।" ਸੰਤਾਂ ਨੇ ਹੱਸ ਕੇ ਕਿਹਾ ਕਿ ਅੱਗੇ ਵਾਸਤੇ ਇਹੋ ਜਿਹੀ ਗਲਤੀ ਨਹੀਂ ਕਰਨੀ। ਕਦੇ ਵੀ ਗੁਰੂ ਨਾਨਕ ਦੇ ਲੰਗਰ ਦਾ ਸਰਫਾ ਨਹੀਂ ਕਰਨਾ। ਇਸ ਗੱਲ ਦਾ ਤਾਂ ਸਾਨੂੰ ਫ਼ਿਕਰ ਹੋਣਾ ਚਾਹੀਦਾ ਹੈ ਤੁਹਾਨੂੰ ਕਾਹਦੀ ਚਿੰਤਾ ਹੈ। ਹੁਣ ਇਉਂ ਕਰੋ ਭਾਵੇਂ ਦੇਰ ਹੋ ਗਈ ਹੈ ਇਹ ਸਾਰੇ ਕੱਚੇ ਮਿੱਠੇ ਦੇ ਚੌਲ ਜਲ ਪ੍ਰਵਾਹ ਕਰ ਦਿਉ ਤੇ ਹੋਰ ਮਿਸ਼ਰੀ ਦੇ ਬਣਾ ਕੇ ਫੇਰ ਘੰਟੀ ਲਗਾਉਣੀ। ਹਜ਼ੂਰ ਦਾ ਹੁਕਮ ਮੰਨ ਕੇ ਲਾਂਗਰੀਆਂ ਨੇ ਇਸੇ ਤਰ੍ਹਾਂ ਹੀ ਕੀਤਾ। ਫਿਰ ਬਾਬਾ ਜੀ ਸਭਨਾਂ ਨੂੰ ਦਰਸ਼ਨ ਦੇ ਕੇ ਗੁਫਾ ਵੱਲ ਚਲੇ ਗਏ।"




ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਾਲੇ ਰਾੜਾ ਸਾਹਿਬ ਵਿਖੇ ਕੀਰਤਨ ਕਰਦੇ ਹੋਏ।

ਸ੍ਰੀ ਮਾਨ ਜੀ ਰਾੜਾ ਸਾਹਿਬ ਲੰਗਰਾਂ ਵਾਲੇ ਅਨੇਕਾਂ ਹੀ ਵਾਰ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਜਗਤ ਪ੍ਰਸਿਧੀ ਵਾਲੇ ਸਮਾਗਮਾ ਵਿਚ ਸ਼ਮੂਲੀਅਤ ਕਰ ਕੇ ਆਪਣੇ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਹਨ, ਉਨ੍ਹਾਂ ਦੀ ਮਹਾਨ ਸਖਸ਼ੀਅਤ ਤੋਂ ਹਰ ਕੋਈ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ। ਜਿਨ੍ਹਾਂ ਨੇ ਵੀ ਉਨ੍ਹਾਂ ਦੇ ਜੀਵਨ ਨੂੰ ਨੇੜੇ ਹੋ ਕੇ ਵੇਖਿਆ ਹੈ ਉਹੀ ਇਸ ਨੂੰ ਜਾਣਦੇ ਹਨ ਕਿ ਕਿਵੇਂ ਸਰੀਰ ਦੀ ਬਿਰਧ ਅਵਸਥਾ ਵਿਚ ਵੀ ਆਪ ਆਪਣੇ ਹੱਥੀਂ ਸੇਵਾ ਨੂੰ ਤਰਜੀਹ ਦਿੰਦੇ ਸਨ। ਕਦੇ ਵੀ ਸੇਵਾ ਦੇ ਵਿਚ ਉਨ੍ਹਾਂ ਨੂੰ ਅਕੇਵਾਂ ਜਾਂ ਥਕੇਵਾਂ ਹੁੰਦਾ ਨਹੀਂ ਵੇਖਿਆ ਸੀ। ਦਿਨ ਜਾਵੇ ਜਾਂ ਰਾਤ ਜਾਵੇ, ਹਨੇਰੀ ਆਵੇ ਜਾਂ ਮੀਂਹ ਆਵੇ ਉਹ ਆਪਣੀ ਕਦੇ ਵੀ ਸੇਵਾ ਵਿਚ ਬਿਘਨ ਨਹੀਂ ਪਾਉਂਦੇ ਸਨ। ਆਪ ਸੇਵਾ ਨੂੰ ਸਦਾ ਹੀ ਮੁੱਖ ਰੱਖਦੇ ਸਨ ਅਤੇ ਆਪ ਸਦਾ ਹੀ ਬੇਪਰਵਾਹ ਰਹਿੰਦੇ ਸਨ

*ਸੰਤਨ ਅਵਰ ਨ ਕਾਹੂ ਜਾਨੀ ॥*

*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥*
ਅੰਗ - 711

ਆਪਣੇ ਵੱਡੇ ਮਹਾਂਪੁਰਸ਼ਾਂ ਵੱਲੋਂ ਲਾਈ ਸੇਵਾ ਨੂੰ ਅਖੀਰ ਤੱਕ ਨਿਭਾਉਂਦੇ ਚਲੇ ਗਏ। ਸਰੀਰਕ ਪੱਖੋਂ ਬੇਪਰਵਾਹ ਹੋਣ ਕਾਰਨ ਉਨ੍ਹਾਂ ਦਾ ਬਿਰਧ ਸਰੀਰ ਨੂੰ ਲਗਭਗ ਸੱਤ ਹਫਤੇ ਇਲਾਜ ਲਈ ਰੱਖਿਆ ਗਿਆ ਸੀ। ਨੌਂ ਮਾਘ ਨੂੰ ਜਦੋਂ ਇਸੇ ਹੀ ਸੰਪ੍ਰਦਾ ਦੇ ਮਹਾਂਪੁਰਸ਼ ਸੇਵਾ ਦੇ ਪੁੰਜ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨੇ ਸਰੀਰ ਦਾ ਪ੍ਰੀਤਿਆਗ ਕੀਤਾ ਸੀ ਅਤੇ ਆਪ ਦੇ ਭਰਾ ਬਾਬਾ ਗੁਰਦਿਆਲ ਸਿੰਘ ਸੀ ਜੋ ਰਾੜਾ ਸਾਹਿਬ ਅਸਥਾਨ ਤੇ ਸੇਵਾ ਨਿਭਾਉਂਦੇ ਸਨ ਉਨ੍ਹਾਂ ਨੇ ਵੀ ਨੌਂ ਮਾਘ ਨੂੰ ਹੀ ਸਰੀਰ ਛੱਡਿਆ ਸੀ ਹੁਣ ਪ੍ਰਮਾਤਮਾ ਦੇ ਹੁਕਮ ਅਨੁਸਾਰ ਇਸੇ ਦਿਨ 22 ਜਨਵਰੀ 2006 ਨੂੰ ਸਵੇਰੇ 5.00 ਵਜੇ ਸ੍ਰੀ ਮਾਨ ਜੀ ਸੰਤ ਬਾਬਾ ਬਲਵੰਤ ਸਿੰਘ ਜੀ ਮਹਾਰਾਜ ਪੰਜ ਭੌਤਿਕ ਸਰੀਰਕ ਚੋਲੇ ਦਾ ਪਰਿਤਿਆਗ ਕਰ ਗਏ ਹਨ। ਉਸੇ ਦਿਨ ਹੀ ਆਪ ਦੇ ਪਵਿੱਤਰ ਸਰੀਰ ਨੂੰ ਗੁਰਦੁਆਰਾ ਰਾੜਾ ਸਾਹਿਬ ਦੇ ਵਿਸ਼ਾਲ ਹਾਲ ਵਿਚ ਸੰਗਤਾਂ ਦੇ ਅੰਤਿਮ ਦਰਸ਼ਨ ਵਾਸਤੇ ਰੱਖਿਆ ਗਿਆ ਸੀ। ਹਜਾਰਾਂ ਹੀ ਸ਼ਰਧਾਲੂਆਂ ਅਨੇਕਾਂ ਹੀ ਸਾਧੂ ਸੰਤਾਂ ਦੀਆਂ ਮੰਡਲੀਆਂ ਨੇ ਗੁਰਦੁਆਰਾ ਰਾੜਾ ਸਾਹਿਬ ਪਹੁੰਚ ਕੇ ਆਪ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਸਨ। ਜਿਵੇਂ ਕਿ ਵੱਡੇ ਮਹਾਂਪੁਰਸ਼ ਬ੍ਰਹਮੁ ਗਿਆਨੀ, ਬ੍ਰਹਮ ਨਿਸ਼ਠਾ, ਬ੍ਰਹਮ ਸਰੋਤਰੀ, ਜਤੀ ਸਤੀ ਬ੍ਰਹਮਚਾਰੀ, ਭਾਈ ਸਾਹਿਬ ਭਾਈ ਦਇਆ ਸਿੰਘ ਜੀ ਦੀ ਸੰਪ੍ਰਦਾਇ ਦੇ ਅਸੂਲਾਂ ਅਨੁਸਾਰ ਜਲ ਪ੍ਰਵਾਹ ਕੀਤਾ ਜਾਂਦਾ ਰਿਹਾ ਹੈ ਉਸੇ ਤਰ੍ਹਾਂ ਦੇ ਨਾਲ ਪੂਰਨ ਸ਼ਰਧਾ ਪਿਆਰ ਸਤਿਕਾਰ ਦੇ ਨਾਲ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਭੌਰਾ ਸਾਹਿਬ ਵਾਲਿਆਂ ਦੀ ਦਿਸ਼ਾ ਨਿਰਦੇਸ਼ ਅਨੁਸਾਰ ਗੁਰਦੁਆਰਾ ਬਿਭੌਰ ਸਾਹਿਬ ਵਿਖੇ ਬਹੁਤ ਵੱਡੇ ਕਾਫਲੇ ਦੇ ਰੂਪ ਵਿਚ ਜਲ ਪ੍ਰਵਾਹ ਕੀਤਾ ਗਿਆ ਸੀ। ਹਜਾਰਾਂ ਹੀ ਸੰਗਤਾਂ ਆਪਣੇ ਪਿਆਰੇ ਦੇ ਸਰੀਰ ਨੂੰ ਜਲ ਪ੍ਰਵਾਹ ਕਰਨ ਸਮੇਂ ਹੰਝੂਆਂ ਭਰੀ ਵਿਦਾਇਗੀ ਦਿੰਦੀਆਂ ਹੋਈਆਂ ਸਤਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਅਲਵਿਦਾ ਦੇ ਰਹੀਆਂ ਸਨ। 31 ਜਨਵਰੀ 2006 ਨੂੰ ਗੁਰਦੁਆਰਾ ਰਾੜਾ ਸਾਹਿਬ ਵਿਖੇ ਆਪ ਜੀ ਦੀ ਅੰਤਿਮ ਅਰਦਾਸ ਵਿਚ ਸਾਮਲ ਹੋਣ ਵਾਸਤੇ ਦੇਸ਼ਾਂ ਵਿਦੇਸ਼ਾਂ ਤੋਂ ਹਜਾਰਾਂ ਹੀ ਸੰਗਤਾਂ ਅਤੇ ਸਾਧੂ ਸੰਤਾਂ ਮਹਾਂਪੁਰਸ਼ਾਂ ਨੇ ਸ਼ਮੂਲੀਅਤ ਕਰ ਕੇ ਭਾਵ ਭਿੰਨੀ ਸ਼ਰਧਾਂਜਲੀ ਅਰਪਿਤ ਕੀਤੀ ਹੈ।



ਸ੍ਰੀ ਮਾਨ ਸੰਤ ਬਾਬਾ ਬਲਵੰਤ ਸਿੰਘ ਲੰਗਰਾਂ ਵਾਲਿਆ ਦੇ ਪਵਿੱਤਰ ਸਰੀਰ ਦਾ ਬਿਭੌਰ ਸਹਿਬ ਵਿਖੇ ਸਤਲੁਜ ਦਰਿਆ ਵਿਚ ਜਲ ਪ੍ਰਵਾਹ ਕਰਨ ਦਾ ਇਕ ਦ੍ਰਿਸ਼।

ਗੁਰਦੁਆਰਾ ਰਤਵਾੜਾ ਸਾਹਿਬ ਨਾਲ ਆਪ ਜੀ ਦੀ ਸਦੀਵੀ ਸਾਂਝ ਸਦਾ ਹੀ ਕਾਇਮ ਹੈ ਇਸ ਲਈ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਵੱਲੋਂ ਉਨ੍ਹਾਂ ਦੀ ਸਦੀਵੀ ਯਾਦ ਨੂੰ ਸਮਰਪਿਤ ਮਹਾਨ ਸੰਤ ਸੰਮੇਲਨ 8 ਮਾਰਚ 2006 ਨੂੰ ਸਵੇਰੇ 10.00 ਵਜੇ ਤੋਂ ਲੈ ਕੇ ਚਾਰ ਵਜੇ ਤੱਕ ਰੱਖਿਆ ਗਿਆ ਹੈ। ਇਸ ਮਹਾਨ ਸਮੇਲਨ ਵਿਚ ਬਹੁਤ ਸਾਰੇ ਜਗਤ ਸੁ-ਪ੍ਰਸਿਧ ਸਵਾਮੀ, ਯੋਗੀਜਨ, ਤੱਤ ਵੇਤੇ ਸਾਧੂ ਸੰਤ ਪਹੁੰਚ ਕੇ ਸੰਗਤਾਂ ਨੂੰ ਦਰਸ਼ਨ ਦੇ ਰਹੇ ਹਨ। ਇਸ ਲਈ ਆਪ ਜੀ ਸਾਰੀਆਂ ਸੰਗਤਾਂ ਨੂੰ ਅਤਿ ਅਧੀਨਗੀ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸ਼ਰਧਾਂਜਲੀ ਸਮਾਗਮ ਵਿਚ ਆਪਣੇ ਸੰਗੀ ਸਾਥੀਆਂ ਨੂੰ ਲਿਆ ਕੇ ਮਹਾਂਪੁਰਸ਼ਾਂ ਨੂੰ ਸੱਚੀ ਸੁਚੀ ਸ਼ਰਧਾਂਜਲੀ ਅਰਪਿਤ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਧੰਨ ਧੰਨ ਸੰਤ ਬਾਬਾ ਖੁਦਾ ਸਿੰਘ ਜੀ ਮਹਾਰਾਜ ਅਤੇ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦੀ ਯਾਦ ਵਿਚ ਨਿਰਮਲ ਡੇਰਾ ਹਿਰਦਾਪੁਰ ਵਿਖੇ ਹੋਏ ਸਮਾਗਮ ਦੀਆਂ ਝੱਲਕੀਆਂ।



# ਅਮੋਲਕ ਬਚਨ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਕੋਹਲੂ ਦਾ ਬੈਲ ਸਮਝਦਾ ਹੈ ਕਿ ਮੈਂ ਸਵੇਰ ਤੋਂ ਚੱਲ ਕੇ ਸ਼ਆਮ ਤਕ ਕਾਫੀ ਸਫਰ ਤਹਿ ਕਰ ਲਿਆ ਹੋਏਗਾ, ਤਕਰੀਬਨ 11-12 ਮੀਲ ਦਾ ਸਫਰ ਹੋ ਜਾਂਦਾ ਹੈ ਪਰ ਜਦੋਂ ਵੇਖਦਾ ਹੈ ਕਿ ਮੈਨੂੰ ਤਾਂ ਉਥੇ ਦਾ ਉਥੇ ਪੈੜ ਵਿਚ ਘੁੰਮਦਿਆਂ ਹੀ ਸਵੇਰ ਤੋਂ ਸ਼ਾਮ ਪੈ ਗਈ ਤੇ ਹਰ ਰੋਜ਼ ਇਸੇ ਤਰ੍ਹਾਂ ਹੁੰਦਾ ਹੈ। ਠੀਕ ਇਹੋ ਹਾਲਤ ਕਰਮਕਾਂਡਾਂ ਵਿਚ ਪਏ ਹੋਏ ਮਨੁੱਖ ਦੀ ਹੈ। ਪਾਠ ਵੀ ਕਰਦਾ ਹੈ, ਗੁਰਦੁਆਰੇ ਵੀ ਜਾਂਦਾ ਹੈ, ਪੂਜਾ ਵੀ ਕਰਦਾ ਹੈ, ਮੰਦਰ ਵੀ ਜਾਂਦਾ ਹੈ, ਤੀਰਥ ਯਾਤਰਾ ਵੀ ਕਰਦਾ ਹੈ, ਪਰ ਖੜ੍ਹਾ ਉਥੇ ਦਾ ਉਥੇ ਹੀ ਹੈ ਕੋਹਲੂ ਦੇ ਬੈਲ ਵਾਂਗ! ਕੁਝ ਤਰੱਕੀ ਨਹੀਂ ਕਰ ਸਕਿਆ। ਇਸ ਦਾ ਕਾਰਨ ਕੀ ਹੈ? ਕਰਮਕਾਂਡਾਂ ਵਿਚ ਪੈਣ ਕਰਕੇ ਇਹ ਗੱਲ ਇਸਦੀ ਸਮਝ ਤੋਂ ਦੀ ਪਰ੍ਹੇ ਦੀ ਬਾਤ ਹੋ ਗਈ। ਕਿਉਂਕਿ ਆਪਸ ਵਿਚ ਮਨੁੱਖ ਦੀ ਵੰਡ ਹੋਣ ਕਰਕੇ ਇਸ ਨੇ ਆਪਣੇ ਆਪ ਨੂੰ ਬਹੁਤ ਛੋਟਾ ਕਰ ਲਿਆ। ਵਾਹਿਗੁਰੂ ਜੀ ਨੇ ਤਾਂ ਸਾਰਾ ਸੰਸਾਰ ਇਕੋ ਜਿਹਾ ਰਚਿਆ ਜਿਸ ਵਿਚ ਮਨੁੱਖ ਵਾਸਤੇ ਇਕੋ ਜਿਹੀ ਹਵਾ, ਇਕੋ ਜਿਹਾ ਪਾਣੀ ਤੇ ਇਕੋ ਜਿਹੀ ਸੂਰਜ ਦੀ ਰੋਸ਼ਨੀ ਇਸ ਦਾ ਮਨ ਬਹਿਲਾਉਣ ਵਾਸਤੇ ਕੁਦਰਤ, ਪਸ਼ੂ ਤੇ ਪੰਛੀ ਤੇ ਇਸ ਨਾਲੋਂ ਤਾਂ ਜਾਨਵਰ ਚੰਗੇ ਹਨ ਜੋ ਕਿ ਉਡਾਰੀ ਲਾ ਕੇ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਚਲੇ ਜਾਂਦੇ ਹਨ। ਉਨ੍ਹਾਂ ਨੂੰ ਤਾਂ ਕਦੀ ਕਿਸੇ ਨਹੀਂ ਰੋਕਿਆ ਪਰ ਮਨੁੱਖ ਨੇ ਆਪਣੇ ਆਪ ਨੂੰ ਵੱਖਰੀਆਂ ਕੌਮਾਂ ਤੇ ਦੇਸ਼ਾਂ ਵਿਚ ਵੰਡ ਲਿਆ ਤੇ ਇਹ ਮਜ਼੍ਹਬ ਤੇ ਸ਼ਰ੍ਹਾ ਦੀ ਜਕੜ ਵਿਚ ਆ ਗਿਆ। ਪਰ ਜੇ ਸੰਸਾਰ ਦੇ ਧਰਮਾਂ ਨੂੰ ਵਾਚੀਏ ਤਾਂ ਇਥੇ ਤਿੰਨ ਤਰ੍ਹਾਂ ਦੇ ਹੋਏ ਹਨ। ਪਹਿਲਾ ਹੈ ਵੈਦਿਕ ਧਰਮ, ਜਿਸਨੂੰ ਵੇਦ ਸਾਸ਼ਤਰ, ਸਿੰਮ੍ਰਤੀਆਂ ਤੇ ਉਪਨਿਸ਼ਦਾਂ ਦਾ ਧਰਮ ਕਹਿੰਦੇ ਹਨ ਤੇ ਸਾਰਾ ਏਸ਼ੀਆ ਏਸ ਵੈਦਿਕ ਧਰਮ ਨੂੰ ਮੰਨਦਾ ਹੈ। ਸ਼ਾਂਖ ਸ਼ਾਸਤਰ ਜੋ ਕਿ ਜਗਤ ਦੀ ਉਤਪਤੀ ਪ੍ਰਕਿਰਤੀ ਤੋਂ ਮੰਨਦਾ ਹੈ ਤੇ ਗਿਆਨ ਨੂੰ ਮੁਕਤੀ ਦਾ ਸਾਧਨ ਮੰਨਦਾ ਹੈ। ਇਸੇ ਤਰ੍ਹਾਂ ਦੂਜਾ ਵੱਡਾ ਧਰਮ ਹੈ ਕਤੇਬੀ ਧਰਮ ਜੋ ਕਿ ਕੁਰਾਨ ਸ਼ਰੀਫ, ਬਾਈਬਲ, ਤੌਰੇਤ, ਜੰਬੂਰ ਆਦਿ ਧਰਮ ਗ੍ਰੰਥਾਂ ਦਾ ਹਾਮੀ ਹੈ। ਅਰਬ ਦੇਸ਼ ਤੇ ਸਾਰਾ ਅਫਰੀਕਾ ਆਦਿ ਇਹ ਦੇਸ਼ ਇਸ ਧਰਮ ਦੇ ਕਾਇਲ ਹਨ। ਇਹ ਵੀ ਮੰਨਦਾ ਹੈ ਕਿ ਕਿਆਮਤ ਦੇ ਰੋਜ ਇਸ ਰੂਹ ਦਾ ਖੁਦਾ ਨਾਲ ਮੇਲ ਹੋਏਗਾ। ਤੀਜਾ ਜੋ ਕਿ ਨਵਾਂ ਧਰਮ ਹੈ ਜਿਸਨੂੰ ਅਸੀਂ ਸਾਇੰਸ ਦੇ ਨਾਮ ਨਾਲ ਪੁਕਾਰਦੇ ਹਾਂ ਜੋ ਕਿ ਸਾਇੰਟਿਫਿਕ ਧਰਮ ਹੈ। ਇਹ ਵੀ ਮੰਨਦੇ ਹਨ ਕਿ ਸੰਸਾਰ ਦੀ ਉਤਪਤੀ ਐਟਮਜ਼ ਤੋਂ ਹੋਈ ਤੇ ਫਿਰ ਇਲੈਕਟਰਾਨ, ਨਿਊਟ੍ਰਾਨ ਤੇ ਪ੍ਰੋਟਾਨ ਮਿਲ ਕੇ ਜਿਸ ਨੂੰ ਮੈਟਰ ਕਹਿੰਦੇ ਹਨ ਤੇ ਫੇਰ ਮਿਲ ਕੇ ਐਨਰਜੀ ਪੈਦਾ ਹੋਈ ਤੇ ਫੇਰ ਜਦੋਂ ਇਹ ਉਤਪਤੀ ਖਤਮ ਹੁੰਦੀ ਹੈ ਇਹ ਸਾਰਾ ਕੁਝ ਫੇਰ ਸੂਖਸ਼ਮ ਅੰਸ਼ ਵਿਚ ਸਮਾਅ ਜੰਦਾ ਹੈ। ਇਸੇ ਤਰ੍ਹਾਂ ਜੋ ਜੀਵ ਹੈ ਇਸ ਨੂੰ ਵੀ ਆਪਣੇ ਪਰਮ ਤੱਤ ਜਿਥੋਂ ਇਸ ਦੀ ਹੋਂਦ ਕਾਇਮ ਹੋਈ ਸੀ ਉਸ ਵਿਚ ਸਮਾਉਣਾ ਪੈਂਦਾ ਹੈ। ਇਹ ਜੀਵ ਪੰਜ ਤੱਤਾਂ ਤੇ ਪੰਝੀ ਪ੍ਰਕਿਰਤੀਆਂ ਦਾ ਬਣਿਆ ਹੋਇਆ ਆਪਣੇ ਆਪ ਨੂੰ ਮੈਟਰ ਦੱਸਦਾ ਕਿਉਂਕਿ ਇਸ ਤੇ ਮਾਇਆ ਹਾਵੀ ਹੋ ਗਈ। ਜੇ ਇਹ ਕਹੀਏ ਕਿ ਪ੍ਰਕਿਰਤੀ ਪਹਿਲਾਂ ਹੈ ਕਿ ਮਾਇਆ? ਇਹ ਅਨਰਬਚਨੀ ਹੈ ਜਿਸ ਤਰ੍ਹਾਂ ਇਹ ਨਹੀਂ ਦੱਸਿਆ ਜਾ ਸਕਦਾ ਕਿ ਮੁਰਗੀ ਪਹਿਲਾਂ ਹੋਈ ਜਾਂ ਮੁਰਗੀ ਦਾ ਆਂਡਾ? ਸੋ ਮਾਇਆ ਦੇ ਅਸਰ ਕਰਕੇ ਜੀਵ ਆਪ ਨੂੰ ਇਹ ਮੈਟਰ ਦਸਦਾ ਹੈ ਕਿ ਕਿ ਮੈਂ ਸਰੀਰ ਹਾਂ। ਜੇ ਕਿਸੇ ਨੂੰ ਪੁਛੀਏ ਕਿ ਤੂੰ ਕੌਣ ਹੈਂ? ਕਹੇਗਾ ਕਿ ਮੈਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ। ਜੇ ਪੁਛੀਏ ਇਸ ਸਰੀਰ ਵਿਚੋਂ ਤੂੰ ਕੀ ਹੋਇਆ, ਬਈ ਤੂੰ ਲੱਤਾਂ ਹੋਇਆ, ਬਾਹਾਂ ਹੋਇਆ, ਧੜ ਹੋਇਆ, ਸਿਰ ਹੋਇਆ? ਕਹੇਗਾ ਨਹੀਂ ਜੀ ਇਹ ਮੇਰੀਆਂ ਲੱਤਾਂ ਹਨ, ਇਹ ਮੇਰੀਆਂ ਬਾਹਾਂ ਹਨ ਇਹ ਮੇਰਾ ਧੜ ਹੈ ਤੇ ਇਹ ਮੇਰਾ ਸਿਰ ਹੈ। ਫੇਰ ਤੂੰ ਕੀ ਹੋਇਆ? ਕਹੇਗਾ ਜੀ ਮੈਂ ਮਨ ਹਾਂ, ਤੂੰ ਮਨ ਕਿਸ ਤਰ੍ਹਾਂ ਹੋਇਆ, ਮਨ ਤਾਂ ਸਰੀਰ ਨੂੰ ਫੁਰਨਾ ਬਣਾ ਕੇ ਇਸ ਨੂੰ ਹਰਕਤ ਦਿੰਦਾ ਹੈ ਕਿ ਫਲਾਣਾ ਕੰਮ ਕਰ, ਫਲਾਣੀ ਜਗ੍ਹਾ ਜਾਹ, ਫੇਰ ਤੂੰ ਮਨ ਤਾਂ ਨਾ ਹੋਇਆ। ਫੇਰ ਕਹੇਗਾ ਜੀ ਮੈਂ ਬੁੱਧੀ ਹਾਂ। ਬੁੱਧੀ ਤਾਂ ਨਿਰਨਾ ਸ਼ਕਤੀ ਹੈ, ਇਹ ਠੀਕ ਹੈ, ਇਹ ਗਲਤ ਹੈ ਤੇ ਮੇਰੀ ਬੁੱਧੀ ਤਾਂ ਏਨੀ ਤੇਜ ਨਹੀਂ, ਇਹ ਗੱਲ ਤਾਂ ਮੇਰੀ ਅਕਲ ਤੋਂ ਬਾਹਰ ਹੈ, ਫੇਰ ਤੂੰ ਬੁੱਧੀ ਨਾ ਹੋਇਆ। ਫੇਰ ਕਹੇਗਾ ਜੀ ਮੈਂ ਚਿੱਤ ਹਾਂ, ਚਿੱਤ ਤਾਂ ਸਿਰਫ ਦੁਖ ਸੁਖ ਮਹਿਸੂਸ ਕਰਨ ਦੀ ਸ਼ਕਤੀ ਨੂੰ ਕਹਿੰਦੇ ਹਨ ਜੀ ਅੱਜ ਮੇਰਾ ਚਿੱਤ ਖੁਸ਼ ਹੈ। ਅੱਜ ਮੇਰਾ ਚਿੱਤ ਬਹੁਤ ਉਦਾਸ ਹੈ ਫੇਰ ਤੂੰ ਚਿੱਤ ਵੀ ਨਾ ਹੋਇਆ। ਇਸ ਤੋਂ ਅੱਗੇ ਹੈ ਅਹੰਭਾਵ ਕਿ ਮੈਂ ਹਾਂ ਤੇ ਇਸ ਮੈਂ ਦਾ ਪਤਾ ਨਹੀਂ ਲਗਦਾ। ਜੇ ਕਹੇ ਸਰੀਰ, ਪਰ ਸਰੀਰ ਤਾਂ ਇਕ ਨਰਮ ਜਿਹੀ ਮਸ਼ੀਨ ਹੈ ਜਿਹੜੀ ਕਿ ਪੰਜ ਪ੍ਰਾਣਾਂ ਨਾਲ ਚਲਦੀ ਹੈ ਜਿਸ ਵਿਚ ਪ੍ਰਾਨ, ਅਪਾਨ, ਸਮਾਨ ਬਿਆਨ ਤੇ ਉਦਾਨ ਹਨ। ਇਕ

ਪ੍ਰਾਣ ਸਰੀਰ ਦੇ ਮਿਹਦੇ ਨੂੰ ਗਰਮੀ ਦੇ ਕੇ ਹਰ ਇਕ ਚੀਜ਼ ਹਜ਼ਮ ਕਰਨ ਦੀ ਸ਼ਕਤੀ ਦਿੰਦਾ ਹੈ, ਇਕ ਪ੍ਰਾਣ ਸਾਰੇ ਸਰੀਰ ਵਿਚ ਖ਼ੂਨ ਚਲਾਉਂਦਾ ਹੈ, ਇਕ ਪ੍ਰਾਣ ਹਰ ਵੇਲੇ ਸਰੀਰ ਦੀ ਮੈਲ ਕੱਢਦਾ ਹੈ। ਇਕ ਪ੍ਰਾਣ ਗੰਢ ਦੀ ਤਰ੍ਹਾਂ ਹੈ ਤੇ ਇਕ ਇਲੈਕਟਰੋਨ ਦੀ ਤਰ੍ਹਾਂ ਹੈ ਤੇ ਫੇਰ ਤੂੰ ਇਨ੍ਹਾਂ ਪੰਜਾਂ ਪ੍ਰਾਣਾਂ ਵਿਚੋਂ ਵੀ ਨਾ ਹੋਇਆ। ਇਹ ਸਮਝਦਾ ਹੈ ਕਿ ਮੈਂ ਅਹੰਭਾਵ ਹਾਂ, ਜਦੋਂ ਇਹ ਮਨੁੱਖ ਦਾ ਸਰੀਰ ਬਣਾਇਆ ਗਿਆ ਤਾਂ ਕਹਿੰਦੇ ਹਨ ਕਿ ਖ਼ੁਦਾ ਨੇ ਨੂਰੀ ਰੂਹ ਦਾ ਇਸ ਪਿੰਜਰ ਵਿਚ ਪ੍ਰਵੇਸ਼ ਕਰਵਾਇਆ ਤਾਂ ਉਹ ਵਾਪਸ ਆ ਗਈ ਕਿ ਇਥੇ ਤਾਂ ਪਿੰਜਰ ਵਿਚ ਬਹੁਤ ਅੰਨੇਰਾ ਹੈ ਤੇ ਫੇਰ ਅੱਲਾ ਤਾਲਾ ਨੇ ਇਸ ਵਿਚ ਆਪਣੀ ਰੋਸ਼ਨੀ ਪਾਣੀ ਤੇ ਇਹ ਫੇਰ ਵੀ ਨਾ ਟਿਕੀ ਤਾਂ ਫਿਰ ਖ਼ੁਦਾ ਨੇ ਇਸ ਵਿਚ ਆਪਣੀ ਰੌਸ਼ਨੀ ਪਾਈ ਤੇ ਇਹ ਫੇਰ ਵੀ ਨਾ ਟਿਕੀ ਤਾਂ ਫਿਰ ਖ਼ੁਦਾ ਨੇ ਇਸ ਵਿਚ ਆਪਣੀ ਦਰਗਾਹ ਦਾ ਨਾਦ ਪਾਇਆ ਤੇ ਫੇਰ ਇਹ ਰੂਹ ਪਿੰਜਰ ਵਿਚ ਟਿਕੀ ਤੇ ਜਦੋਂ ਇਹ ਬਾਹਰ ਪ੍ਰਕਿਰਤਕ ਮੰਡਲ ਵਿਚ ਆਈ ਤਾਂ ਇਥੇ ਆ ਕੇ ਆਪਣੇ ਆਪ ਨੂੰ ਭੁੱਲ ਬੈਠੀ ਤੇ ਤਿੰਨਾਂ ਗੁਣਾਂ ਵਿਚ ਰਲ ਕੇ, ਪੰਜਾਂ ਤੱਤਾਂ ਤੇ ਪੰਝੀ ਪ੍ਰਕਿਰਤੀਆਂ ਵਿਚ ਰਲ ਕੇ ਆਪਣੇ ਆਪ ਨੂੰ ਸਿਰਫ ਦੇਹ ਸਮਝ ਬੈਠੀ ਤੇ ਜੋ ਅਹੰਭਾਵ ਇਸ ਵਿਚ ਸੀ ਉਸ ਨੂੰ ਹਉਮੈ ਵਿਆਪ ਗਈ ਕਿ ਮੈਂ ਸਰੀਰ ਹਾਂ। ਇਸ ਤਰ੍ਹਾਂ ਜੋ ਗਿਆਨ ਹੈ ਅਗਰ ਪੜ੍ਹ ਕੇ ਹੀ ਆ ਜਾਵੇ। ਜਿਸ ਤਰ੍ਹਾਂ ਇਕ ਬੰਦਾ ਪਾਣੀ ਦਾ ਪਿਆਸਾ ਹੈ ਤੇ ਉਸ ਨੇ ਥਿਊਰੀ ਪੜ੍ਹੀ ਹੈ ਕਿ ਹਾਈਡਰੋਜਨ ਤੇ ਆਕਸੀਜਨ ਗੈਸਜ਼ ਵਿਚ ਬਿਜਲੀ ਦਾ ਕਰੰਟ ਪਾਸ ਹੋ ਕੇ ਪਾਣੀ ਬਣਦਾ ਹੈ। ਪਰ ਇਸ ਨਾਲ ਉਸ ਦੀ ਪਿਆਸ ਤਾਂ ਬੁਝ ਨਹੀਂ ਸਕਦੀ ਉਹ ਤਾਂ ਪਾਣੀ ਦਾ ਪਿਆਸਾ ਮਰ ਜਾਏਗਾ। ਠੀਕ ਇਸੇ ਤਰ੍ਹਾਂ ਵੇਦੀ ਤੇ ਕਤੇਬੀ ਗਿਆਨ ਪੜ੍ਹ ਕੇ ਮੁਕਤ ਤਾਂ ਨਹੀਂ ਹੋ ਸਕਦਾ। ਇਹ ਤਾਂ ਸਿਰਫ ਇੰਟਲੈਕਚੂਅਲ ਗਿਆਨ ਰਹਿ ਜਾਵੇਗਾ ਜਦ ਤਕ ਪ੍ਰੈਕਟੀਕਲ ਨਹੀਂ ਕਰਦਾ। ਜਿਸ ਤਰ੍ਹਾਂ ਵਿਗਿਆਨਕਾਂ ਨੇ ਪਾਣੀ ਬਣਾਉਣਾ ਤਾਂ ਦੱਸ ਦਿਤਾ ਜਦ ਤਕ ਕੋਈ ਪ੍ਰੈਕਟੀਕਲ ਕਰਕੇ ਪਾਣੀ ਬਣਾਏਗਾ ਨਹੀਂ ਉਦੋਂ ਤਕ ਉਹ ਪਾਣੀ ਨਹੀਂ ਪੀ ਸਕੇਗਾ। ਜਿਸ ਤਰ੍ਹਾਂ ਸਕੂਲ ਦੀ ਪੜ੍ਹਾਈ ਹੈ। ਅਗਰ ਕੋਈ ਬੱਚਾ ਸਕੂਲ ਦੀ ਪਹਿਲੀ ਕਲਾਸ ਵਿਚ ਦਾਖਲ ਹੋ ਕੇ ਸਿਰਫ ਕੈਦੇ ਹੀ ਫਾੜਦਾ ਰਹੇਗਾ ਤੇ ਅੱਗੇ ਵੱਲ ਨੂੰ ਕਦਮ ਨਹੀਂ ਪੁਟੇਗਾ ਤੇ ਹਰ ਸਾਲ ਨਵੀਂ ਕਲਾਸ ਵਿਚ ਨਹੀਂ ਚੜ੍ਹੇਗਾ ਤਾਂ ਉਹ ਪੀ.ਐਚ.ਡੀ ਦੀ ਡਿਗਰੀ ਕਿਸ ਤਰ੍ਹਾਂ ਕਰ ਸਕਦਾ ਹੈ। ਚਾਹੀਦਾ ਤਾਂ ਇਹ ਸੀ ਕਿ ਉਹ ਪੀ.ਐਚ.ਡੀ ਕਰਕੇ ਆਪਣੇ ਨਿਜ ਤਜਰਬੇ ਤੇ ਅਨੁਭਵ ਨਾਲ ਨਵੀਂ ਖੋਜ ਕਰਕੇ ਦੁਨੀਆਂ ਅੱਗੇ ਰੱਖਦਾ। ਇਸ ਤਰ੍ਹਾਂ ਕਰਮਕਾਂਡਾਂ ਵਿਚ ਪੈਣ ਨਾਲ, ਦਾਖਲਾ ਸਕੂਲ ਵਿਚ ਲੈਣ ਨਾਲ ਪੀ.ਐਚ.ਡੀ ਡਿਗਰੀ ਤਾਂ ਉਹ ਕਰ ਨਹੀਂ ਸਕਦਾ ਜਦ ਤੀਕਰ ਉਹ ਉਸ ਦਾ ਪ੍ਰੈਕਟੀਕਲ ਨਹੀਂ ਕਰਦਾ। ਇਸੇ ਤਰ੍ਹਾਂ ਜਦ ਤਕ ਉਹ ਰੀਸਰਚ ਨਹੀਂ ਕਰਦਾ ਤੇ ਲੈਬਾਰਟਰੀ ਵਿਚ ਨਹੀਂ ਜਾਂਦਾ ਉਦੋਂ ਤਕ ਉਹ ਪੀ.ਐਚ.ਡੀ ਡਿਗਰੀ ਨਹੀਂ ਕਰ ਸਕਦਾ। ਉਹ ਸਿਰਫ ਆਪਣਾ ਟਾਈਮ ਵੇਸਟ ਕਰ ਰਿਹਾ ਹੈ। ਜਦ ਤਕ ਉਸ ਨੇ ਇਹ ਨਹੀਂ ਬੁਝਿਆ ਕਿ ਮੈਂ ਕੌਣ ਹਾਂ? ਮੈਂ ਕਿਸ ਵਾਸਤੇ ਆਇਆ ਹਾਂ ਤੇ ਕਿਥੇ ਜਾਣਾ ਹੈ ਮਹਾਰਾਜ ਫੁਰਮਾਉਂਦੇ ਹਨ ਕਿ ਉਹ ਦੇਖਣ ਨੂੰ ਭਾਵੇਂ ਬਹੁਤ ਅਪਟੂਡੇਟ ਮਨੁੱਖ ਹੈ, ਅਮੀਰ ਵੀ ਹੈ, ਪੜ੍ਹਿਆ ਲਿਖਿਆ ਵੀ ਹੈ ਉੱਚੇ ਅਹੁਦੇ ਵਾਲਾ ਵੀ ਹੈ ਚੰਗੇ ਖਾਨਦਾਨ ਨਾਲ ਵੀ ਸਬੰਧ ਰਖਦਾ ਹੈ ਪਰ ਉਸ ਦੀ ਹੈਸੀਅਤ ਜੋ ਹੈ ਉਹ ਸਿਰਫ ਪਸ਼ੂ ਲੈਵਲ ਤੇ ਹੈ ਕਿਉਂਕਿ –

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥***

***ਅੰਕ – 259***

ਇਹ ਮਨੁੱਖ ਹੁਣ ਪ੍ਰਕਿਰਤੀ ਦੇ ਆਖਰੀ ਡੰਡੇ ਤੇ ਹੈ ਪ੍ਰਕਿਰਤੀ ਦਾ ਸਭ ਤੋਂ ਬੇਹਤਰੀਨ ਫਲ ਹੈ ਜੋ ਇਹ ਮਾਨਸ ਦੇਹੀ ਹੈ –

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*** ***ਅੰਕ – 12***

ਹੋਰ ਸਾਰੇ ਕੰਮ ਵਿਅਰਥ ਹਨ ਤੂੰ ਸਿਰਫ ਸਾਧੂਆਂ ਤੇ ਅਨੁਭਵੀ ਮਹਾਂਪੁਰਸ਼ਾਂ ਦੀ ਸੰਗਤ ਕਰ ਤੇ ਉਨ੍ਹਾਂ ਦੀ ਸੰਗਤ ਕਰਕੇ ਨਾਮ ਦੀ ਜੁਗਤੀ ਸਿੱਖ ਕਿਉਂਕਿ ਇਹ ਸਰੀਰ ਫੇਰ ਨਹੀਂ ਮਿਲਣਾ।

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥*** ***ਅੰਕ – 1159***

ਕਿਉਂਕਿ ਗੁਰੂ ਨਾਨਕ ਸਾਹਿਬ ਇਥੇ ਸਿਰਫ ਪੰਜ ਸੌ ਸਾਲ ਪਹਿਲਾਂ ਇਸ ਸੰਸਾਰ ਵਿਚ ਨਾਮ ਦਾ ਉਪਦੇਸ਼ ਲੈ ਕੇ ਆਏ ਤੇ ਉਨ੍ਹਾਂ ਦਾ ਬਹੁਤ ਪੜ੍ਹੇ ਲਿਖੇ ਅਚਾਰੀਆ ਨਾਲ ਮੇਲ ਹੋਇਆ ਤੇ ਉਨ੍ਹਾਂ ਵਿਚੋਂ ਸਭ ਤੋਂ ਵੱਡਾ ਉਸ ਵੇਲੇ ਦਾ ਗੋਰਖ ਸੀ ਤੇ ਉਸ ਦੀ ਬਹੁਤ ਯੋਗ ਸਾਧਨਾ ਸੀ। ਉਸ ਨੇ ਮਹਾਰਾਜ ਤੇ ਇਹ ਸਵਾਲ ਕੀਤਾ –

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਅੰਗ - 946***

ਇਹ ਸੰਸਾਰ ਕਿਵੇਂ ਪੈਦਾ ਹੋਇਆ ਤੇ ਇਹ ਦੁਖਾਂ ਦਾ ਘਰ ਕਿਸ ਤਰ੍ਹਾਂ ਬਣ ਗਿਆ ਜਦ ਕਿ ਵਾਹਿਗੁਰੂ ਸੁਖ ਸਰੂਪ ਸਤਿ, ਚਿੱਤ, ਅਨੰਦ ਹੈ ਤਾਂ ਮਹਾਰਾਜ ਜੀ ਨੇ ਜਵਾਬ ਦਿਤਾ ਕਿ ਸਾਰਾ ਈਗੋ ਦਾ ਤੇ ਹਉਮੈ ਦਾ ਪਸਾਰਾ ਹੈ -

***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥ ਅੰਗ - 946***

ਜਿਸ ਨਾਮ ਤੋਂ ਇਸ ਦੀ ਉਤਪਤੀ ਹੋਈ ਸੀ ਉਸ ਨਾਮ ਤੋਂ ਵਿਛੜ ਕੇ ਇਹ ਜੀਵ ਦੁਖੀ ਹੋ ਰਿਹਾ ਹੈ ਤੇ ਵਾਹਿਗੁਰੂ ਦੇ ਹੁਕਮ ਵਿਚ ਇਹ ਸੰਸਾਰ ਬਣਿਆ ਹੈ।

***ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥***
***ਅੰਗ - 1***

ਇਸ ਹੁਕਮ ਬਾਰੇ ਜੇ ਕਹੀਏ ਕਿ ਇਹ ਹੁਕਮ ਦੀ ਖੇਡ ਕਦੋਂ ਵਰਤੀ ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ।-

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥***
***ਅੰਗ - 4***

ਤੇ ਫਿਰ ਸਵਾਲ ਇਹ ਹੈ ਕਿ ਇਥੇ ਕੋਈ ਸੁਖੀ ਵੀ ਹੈ? ਇਹੋ ਸਵਾਲ ਅਰਜਨ ਨੇ ਸ੍ਰੀ ਕ੍ਰਿਸ਼ਨ ਮਹਾਰਾਜ ਨੂੰ ਪੁਛਿਆ ਸੀ ਤੇ ਉਨ੍ਹਾਂ ਨੇ ਜਵਾਬ ਦਿਤਾ ਸੀ ਕਿ ਹਾਂ ਉਹ ਪੁਰਸ਼ ਸੁਖੀ ਹਨ ਜਿਹੜੇ ਦੁਖ ਵਿਚ ਦੁਖ ਨਹੀਂ ਮੰਨਦੇ ਤੇ ਖੁਸ਼ੀ ਵਿਚ ਉਲਾਰ ਨਹੀਂ ਹੁੰਦੇ ਤੇ ਸਮਬਿਰਤੀ ਹੁੰਦੇ ਹਨ, ਉਹ ਦੁਖੀ ਨਹੀਂ ਹੁੰਦੇ ਕਿਉਂਕਿ ਉਹ ਮਾਇਆ ਤੋਂ ਉਪਰ ਹੋਇਆ ਕਰਦੇ ਹਨ ਤੇ ਉਨ੍ਹਾਂ ਵਿਚ ਧਰਮ ਦੀਆਂ ਕੁਆਲਿਟੀਆਂ ਹੋਇਆ ਕਰਦੀ ਹਨ। ਧਰਮ ਕੀ ਹੈ? ਧਰਮ ਇਕ ਐਸੀ ਪ੍ਰਣਾਲੀ ਹੈ ਤੇ ਸਾਰੇ ਸੰਸਾਰ ਦਾ ਧਰਮ ਇਕੋ ਹੁੰਦਾ ਹੈ। ਉਹ ਹੈ ਇਕ harmless ਜੀਵਨ ਜੋ ਕਿਸੇ ਨੂੰ ਨੁਕਸਾਨ ਨਾ ਪਹੁੰਚਾਵੇ ਤੇ ਉਸ ਵਿਚ ਸ਼ੀਲ ਹੁੰਦਾ ਹੈ, ਕਰੈਕਟਰ ਹੁੰਦਾ ਹੈ ਭਾਵ ਅਗਰ ਕਿਸੇ ਬੰਦੇ ਵਿਚ ਸਾਰੇ ਗੁਣ ਹੋਣ ਪਰ ਉਹ ਝੂਠ ਬੋਲਦਾ ਹੋਵੇ ਕਹਿੰਦੇ ਹਨ ਬਈ ਉਸ ਦਾ ਕਰੈਕਟਰ ਠੀਕ ਨਹੀਂ। ਸੋਚ ਹੁੰਦੀ ਹੈ, ਪਵਿੱਤਰਤਾ ਹੁੰਦੀ ਹੈ, ਖਿਆਲਾਂ ਦੀ ਪਵਿਤਰਤਾ, ਸਰੀਰ ਦੀ ਪਵਿਤਰਤਾ ਆਲੇ ਦੁਆਲੇ ਦੀ ਪਵਿੱਤਰਤਾ, ਸੰਤੋਖ ਹੋਵੇ, ਅੱਖਾਂ ਤੇ ਸੰਤੋਖ ਪਰਾਈ ਚੀਜ਼ ਪਰਾਇਆ ਧਨ ਨਹੀਂ ਵੇਖਣਾ, ਕੰਨਾਂ ਤੇ ਸੰਤੋਖ ਪਰਾਈ ਨਿੰਦਿਆ ਚੁਗਲੀ ਨਹੀਂ ਸੁਣਨੀ ਨਾ ਕਰਨੀ, ਪੈਰਾਂ ਤੇ ਸੰਤੋਖ ਮਾੜੇ ਥਾਂ ਤੇ ਚਲ ਕੇ ਨਹੀਂ ਜਾਣਾ, ਹੱਥਾਂ ਤੇ ਸੰਤੋਖ ਹੱਥਾਂ ਨਾਲ ਮਾੜਾ ਕੰਮ ਨਹੀਂ ਕਰਨਾ, ਕਮਾਈ ਤੇ ਸੰਤੋਖ, ਯਥਾ ਲਾਭ ਸੰਤੁਸ਼ਟੇ। ਦਇਆ ਹੋਵੇ ਖਿਮਾ ਹੋਵੇ, ਅਹਿੰਸਾ ਹੋਵੇ ਤੇ ਪਰਉਪਕਾਰੀ ਜੀਵਨ ਹੋਵੇ ਐਸੇ ਮਨੁੱਖ ਸੁਖੀ ਹੋਇਆ ਕਰਦੇ ਹਨ ਤੇ ਉਨ੍ਹਾਂ ਦੀ ਅਵਸਥਾ ਇਸ ਤਰ੍ਹਾਂ ਹੋਇਆ ਕਰਦੀ ਹੈ -

***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਅੰਕ - 275***

ਐਸੇ ਜੋ ਪੁਰਸ਼ ਹਨ ਉਹ ਜੀਵਨ ਮੁਕਤ ਹੋਇਆ ਕਰਦੇ ਹਨ। ਇਹ ਵਾਹਿਗੁਰੂ ਦੀ ਮਰਜ਼ੀ ਹੈ ਕਿ ਉਨ੍ਹਾਂ ਨੂੰ ਭਾਵੇਂ ਸਰਗੁਣ ਸਰੂਪ ਵਿਚ ਰੱਖੇ ਜਾਂ ਆਪਣਾ ਨਿਰਗੁਣ ਸਰੂਪ ਦੇ ਦੇਵੇ। ਉਨ੍ਹਾਂ ਨੂੰ ਕੋਈ ਫਰਕ ਨਹੀਂ ਹੋਇਆ ਕਰਦਾ, ਚੀਜ਼ ਇਕੋ ਹੀ ਹੈ ਜਿਵੇਂ ਸੂਰਜ ਦੀ ਰੋਸ਼ਨੀ ਇਕ ਹੈ ਪਰ ਉਸ ਵਿਚ ਚੰਦਰਮਾ ਤੇ ਤਾਰਿਆਂ ਦੀ ਲਾਈਟ ਸਮਾਈ ਹੁੰਦੀ ਹੈ ਜਿਵੇਂ ਸਮੁੰਦਰ ਵਿਚ ਕਈ ਕੁਇੰਟਲ ਨਮਕ ਸੁੱਟ ਦੇਈਏ ਤਾਂ ਉਹ ਸਮੁੰਦਰ ਦਾ ਅੰਤ ਲੈਣ ਵਾਸਤੇ ਜਾਂਦਾ ਹੈ ਪਰ ਜਾ ਕੇ ਦੇਖੋ ਲੂਣ ਖਤਮ ਹੋ ਗਿਆ ਫੇਰ ਉਸਨੂੰ ਪਤਾ ਹੀ ਨਹੀਂ ਲਗਦਾ ਕਿ ਮੈਂ ਕੌਣ ਹਾਂ ਤੇ ਸਮੁੰਦਰ ਹੀ ਸਮੁੰਦਰ ਨਜ਼ਰ ਆਉਂਦਾ ਹੈ ਤੇ ਸਮੁੰਦਰ ਵਿਚ ਮਿਲ ਕੇ ਸਮੁੰਦਰ ਵਿਚ ਸਮਾਅ ਗਿਆ ਤੇ ਉਸ ਦਾ ਹੀ ਰੂਪ ਹੋ ਗਿਆ।

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***
***ਅੰਕ - 1375***

ਇਸ ਕਰਕੇ ਆਪਣੇ ਆਪ ਨੂੰ ਪਛਾਨਣ ਦਾ ਯਤਨ ਕਰੋ ਤੇ ਇਕ ਟਾਰਗੈਟ ਰੱਖ ਕੇ ਅੱਗੇ ਨੂੰ ਵੱਧਦੇ ਚੱਲੋ ਤਾਂ ਇਹ ਕੰਮ ਜਿਸ ਵਾਸਤੇ ਅਸੀਂ ਆਏ ਹਾਂ ਪੂਰਾ ਕਰ ਸਕੀਏ ਤੇ ਸੁਚੇਤ ਤੇ ਸਾਵਧਾਨ ਹੋ ਕੇ ਇਸ ਨੂੰ ਕਰੀਏ।

# ਮੰਝ ਪਿਆਰਾ ਗੁਰੂ ਕੋ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-26)*

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਸਾਰੇ ਜੰਗਾਂ-ਯੁੱਧਾਂ ਤੋਂ ਬਾਅਦ ਮੁਕਤਸਰ ਤੋਂ ਹੁੰਦੇ ਹੋਏ ਭਾਈ ਡੱਲੇ ਦੀ ਰਾਜਧਾਨੀ 'ਚ ਗਏ ਹੋਏ ਨੇ। ਉਥੇ ਹਰ ਰੋਜ਼ ਉਪਦੇਸ਼ ਦਿੰਦੇ ਹਨ। ਦੂਰ-ਦਰਾਜ ਤੋਂ ਸੰਗਤਾਂ ਆਉਂਦੀਆਂ ਹਨ ਦਰਸ਼ਨ ਕਰਨ ਵਾਸਤੇ, ਜਿਸ-ਜਿਸ ਨੇ ਵੀ ਸੁਣਿਆ, ਉਨ੍ਹਾਂ ਦਿਨਾਂ 'ਚ ਅਖਬਾਰ ਨਹੀਂ ਸੀ ਹੁੰਦੇ, ਉਡਦੀ-ਉਡਦੀ ਖਬਰ ਸੁਣੀ ਜਾਇਆ ਕਰਦੀ ਸੀ। ਇਹ ਵੀ ਨਹੀਂ ਸੀ ਪਤਾ ਹੁੰਦਾ ਕਿ ਇਹ 'ਸਤਿ' (ਸੱਚ) ਹੈ ਜਾਂ ਕਿ ਵਿਚ ਮਿਲਾਵਟ ਹੈ। ਉਸ ਵੇਲੇ ਬਹੁਤ ਸਾਰੇ ਗੁਰਸਿੱਖ ਆਉਂਦੇ ਨੇ ਮਾਲਵੇ ਦੇ। ਅੱਜ ਇਕ ਗੱਡਾ ਭਰ ਕੇ ਰਾਸ਼ਨ ਦਾ ਲਿਆਂਦਾ, ਰਾਮ ਸਿੰਘ ਤੇ ਤ੍ਰਿਲੋਕ ਸਿੰਘ ਦੋ ਭਰਾ ਸੀ ਸਿੱਧੂ। ਉਨ੍ਹਾਂ ਨੇ ਲਿਆ ਕੇ ਲੰਗਰ ਦਾ ਸਮਾਨ ਲਾਹਿਆ; ਗੁਰੂ ਮਹਾਰਾਜ ਦੀ ਦ੍ਰਿਸ਼ਟੀ 'ਚ ਪੈ ਗਿਆ। ਜਦੋਂ ਨਮਸ਼ਕਾਰ ਕਰਨ ਆਏ ਮਹਾਰਾਜ ਕਹਿਣ ਲੱਗੇ, "ਕਿਉਂ ਬਈ ਪਿਆਰਿਓ! ਇਹ ਆਪਣੇ ਘਰੋਂ ਲਿਆਂਦਾ ਹੈ ਜਾਂ ਉਗਰਾਹੀ ਕਰਕੇ ਲਿਆਂਦਾ ਹੈ?"

ਮਹਾਰਾਜ ਨੂੰ ਕਹਿਣ ਲੱਗੇ, "ਸੱਚੇ ਪਾਤਸ਼ਾਹ! ਤੇਰਾ ਦਿੱਤਾ ਹੋਇਆ ਬਹੁਤ ਕੁਝ ਹੈ, ਗੁਰੂ ਸੱਤਵੇਂ ਪਾਤਸ਼ਾਹ ਦੀਆਂ ਮਿਹਰਾਂ ਨੇ, ਜਿਨ੍ਹਾਂ ਨੇ ਸਾਨੂੰ ਬੈਠਣ ਜੋਗਾ ਥਾਂ ਦੇ ਦਿਤਾ। ਇਹ ਅਸੀਂ ਆਪਣੇ ਘਰੋਂ ਵੀ ਲਿਆਂਦਾ ਹੈ ਤੇ ਜਿਨ੍ਹਾਂ ਨੇ ਉਪਰ ਰੱਖ ਦਿਤਾ ਆਉਂਦੇ ਗੱਡੇ ਤੇ ਉਹ ਵੀ ਅਸੀਂ ਲੈ ਆਏ ਹਾਂ।"

ਇਕ ਗੁਰਸਿੱਖ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਇਹ ਦੋਵੇਂ ਭਾਈ ਉਹ ਨੇ ਜਿਨ੍ਹਾਂ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਦਾ ਸਸਕਾਰ ਕਰਿਆ ਸੀ।"

ਮਹਾਰਾਜ ਕਹਿੰਦੇ, "ਅੱਛਾ! ਕਿਉਂਕਿ ਅੱਜ ਤੱਕ ਇਹ ਖਬਰ ਹੀ ਨਹੀਂ ਪਹੁੰਚੀ ਕਿ ਉਨ੍ਹਾਂ ਦਾ ਸੰਸਕਾਰ ਹੋ ਗਿਆ ਜਾਂ ਨਹੀਂ ਹੋ ਗਿਆ।" ਸੋ ਐਨੀਆਂ ਪਵਿੱਤਰ ਦੇਹਾਂ ਜੇ ਮੈਦਾਨ-ਏ-ਜੰਗ ਵਿਚ ਰੁਲ ਜਾਣ ਤਾਂ ਬੜੀ ਮਾੜੀ ਗੱਲ ਹੈ, ਬਹੁਤ ਬੁਰੀ ਗੱਲ ਸੀ ਤੇ ਉਸ ਵੇਲੇ ਗੁਰੂ ਮਹਾਰਾਜ ਜੀ ਨੇ ਪੁਛਿਆ, ਤੁਸੀਂ ਕਿਵੇਂ ਕਰਿਆ ਖੋਲ੍ਹ ਕੇ ਦੱਸੋ ਸਾਨੂੰ।"

ਉਨ੍ਹਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਜਦੋਂ ਤੁਸੀਂ ਚਮਕੌਰ ਦਾ ਯੁੱਧ ਕੀਤਾ ਉਦੋਂ ਅਸੀਂ ਸਰਹੰਦ ਸੀ ਟਕੇ ਭਰਨ ਗਏ ਹੋਏ ਸੀ, ਮਾਮਲਾ ਭਰਨ ਗਏ ਹੋਏ ਸੀ। ਉਥੇ ਅਸੀਂ ਸੁਣਿਆ ਕਿ ਗੁਰੂ ਮਹਾਰਾਜ ਤਾਂ ਚਲੇ ਗਏ, ਕਈ ਕਹਿੰਦੇ ਸੀ ਨਹੀਂ ਗਏ ਉਹ ਤਾਂ ਸ਼ਹੀਦ ਹੋ ਗਏ। ਇਹ ਵੀ ਗੱਲ ਸੁਣੀ ਤੇ ਅਸੀਂ ਇਹ ਵੀ ਸੁਣਿਆ ਕਿ ਉਨ੍ਹਾਂ ਦੇ ਨਾਲ ਦੇ ਸਾਰੇ ਸਾਹਿਬਜ਼ਾਦਿਆਂ ਸਮੇਤ ਸਾਰੇ ਹੀ ਸ਼ਹੀਦ ਹੋ ਗਏ। ਸਾਡੇ ਮਨ ਵਿਚ ਮਹਾਰਾਜ! ਬੜੀ ਸੱਟ ਲੱਗੀ। ਅਸੀਂ ਦੋਹਾਂ ਭਾਈਆਂ ਨੇ ਵਿਉਂਤ ਬਣਾਈ ਕਿ ਕੀ ਕਰੀਏ? ਕਿਵੇਂ ਪਹੁੰਚੀਏ ਮੈਦਾਨ-ਏ-ਜੰਗ ਵਿਚ? ਓਥੇ ਪਹਿਰੇ ਲੱਗੇ ਹੋਏ ਨੇ।"

ਕਹਿੰਦੇ, "ਸੱਚੇ ਪਾਤਸ਼ਾਹ! ਮੈਂ ਵੀ ਕੇਸ ਖੋਲ੍ਹ ਲਏ, ਇਸ ਨੇ ਵੀ ਖੋਲ੍ਹ ਲਏ; ਲੰਗੋਟੀ ਇਸ ਨੇ ਪਾ ਲਈ, ਮੈਂ ਵੀ ਪਾ ਲਈ। ਉਹ ਵੀ ਇਹੋ ਜਿਹੀ ਕਿ ਜੀਅ ਕਰਕੇ ਨੰਗੇ ਹੋ ਜਾਓ, ਜੀਅ ਕਰੇ ਫੇਰ ਪਾ ਲਓ ਤੇ ਧੂੜ ਪਾ ਲਈ ਉਤੇ, ਸੁਆਹ ਪਾ ਲਈ ਕਮਲੇ ਬਣ ਗਏ। ਜਦੋਂ ਅਸੀਂ ਗਏ ਚਮਕੌਰ ਸਾਹਿਬ ਕੋਲ ਮੁਗਲ ਫੌਜਾਂ ਜਿਹੜੀਆਂ ਸੀ ਸਮਾਨ ਵਗੈਰਾ ਬੰਨ੍ਹ ਕੇ ਵਾਪਸ ਆ ਰਹੀਆਂ ਸੀ, ਕੁਝ ਸਾਨੂੰ ਬਹੁਤ ਸਾਰੇ ਰਾਹ 'ਚ ਮਿਲੇ। ਜਿਹੜੀਆਂ ਪਹਾੜੀ ਫੌਜਾਂ ਸੀ ਉਹ ਵੀ ਆਪਣੇ ਜ਼ਖਮੀਆਂ ਨੂੰ ਚੁੱਕ ਕੇ, ਬਿਲਾਸਪੁਰ ਵਾਲਾ ਰਾਜਾ ਭੀਮਸੈਨ ਉਹ ਵੀ ਜ਼ਖਮੀ ਹੋਇਆ ਹੋਇਆ ਹੋਰ ਕਿੰਨੇ ਹੀ ਰਾਜੇ ਤੇ ਉਨ੍ਹਾਂ ਨੂੰ ਲੈ ਕੇ ਆਪਣੇ-ਆਪਣੇ ਸਾਨੂੰ ਮਿਲੇ ਰਸਤਿਆਂ 'ਚ। ਉਥੇ ਜਦੋਂ ਆਏ ਤਾਂ ਉਥੇ ਉਹ ਫੌਜ ਰਹਿ ਗਈ ਜਿਨ੍ਹਾਂ ਨੇ ਸੈਂਕੜੇ ਹੀ ਮੁਰਦੇ ਦੱਬਣੇ ਸੀ। ਟੋਏ ਪੁਟਾ ਰਹੇ ਸੀ, ਵਗਾਰਾਂ ਲਾ ਕੇ ਤੇ ਅਸੀਂ ਵੀ ਪਹੁੰਚ ਗਏ। ਅਸੀਂ ਹਾਤ-ਹੁਤ ਕਰਦੇ ਜਾਂਦੇ ਹਾਂ, ਰੌਲਾ ਪਾਉਂਦੇ ਹਾਂ ਕਦੇ ਛੋਟਾ ਭਰਾ ਮੈਨੂੰ ਕੁਟਦਾ ਹੈ, ਮੈਂ ਛੋਟੇ ਨੂੰ ਕੁਟਦਾ ਹਾਂ, ਕਦੇ ਗਿਰ ਪਏ, ਕਦੇ ਉਠ ਗਏ, ਸਿਪਾਹੀ ਦੇਖਦੇ ਨੇ ਸਾਨੂੰ, ਕਦੇ ਛਾਲਾਂ ਮਾਰਦੇ ਹਾਂ, ਕਦੇ ਨੱਠ ਕੇ ਜਾ ਕੇ ਜਿਹੜਾ ਚੁੱਕੀ ਜਾਂਦਾ ਹੈ, ਇਥੋਂ ਆਪ ਵੀ ਮੁਗਲ ਫੌਜਾਂ ਦਾ ਬੰਦਾ ਚੁਕਿਆ ਘੜੀਸੀ ਹੀ ਜਾਂਦੇ ਹਾਂ। ਦੋਵੇਂ ਭਰਾ ਇਕ ਲੱਤ ਇਸ ਨੇ ਫੜੀ ਹੋਈ ਇਕ ਮੈਂ। ਕਈ ਵਾਰ ਸਾਡੇ ਕੋਰੜੇ ਵੀ ਪਏ ਕਿ ਓਏ ਕਮਲੇ ਕੀ ਕਰਦੇ ਹੋ। ਅਸੀਂ ਚੁੱਕ-ਚੁੱਕ ਕੇ ਲਿਆਉਣੇ ਨਿਗ੍ਹਾ ਰੱਖਣੀ ਜੇ ਕੋਈ ਲੱਕੜੀ ਲੱਭਣੀ ਉਹ ਅਸੀਂ ਇਕ ਥਾਂ ਤੇ ਢੇਰੀ ਕਰੀ ਜਾਣੀ ਹਫੜਾ-ਦਫੜੀ ਮਚੀ ਹੋਈ ਸੀ ਹਰੇਕ ਨੂੰ ਇਹ ਪਈ ਹੋਈ ਸੀ ਕਿ ਛੇਤੀ ਘਰ ਜਾਵਾਂ ਤੇ ਕੰਮ ਨਿਬੜੇ। ਅਸੀਂ ਧੂਹ-ਧੂਹ ਕੇ ਲਿਆਈ ਜਾਈਏ, ਨਾਲ ਨਿਗ੍ਹਾ ਕਰੀਏ ਕਿ ਸਿੰਘ ਨਾ ਕਿਤੇ ਵੀ ਚਲਿਆ ਜਾਵੇ ਕੋਈ। ਅਸੀਂ ਅੱਗੇ ਗਏ ਤਾਂ ਕੀ ਦੇਖਦੇ ਹਾਂ ਉਥੇ 32-33 ਲਾਸ਼ਾਂ ਪਈਆਂ, ਸਰੀਰ ਪਏ ਲੇਕਿਨ ਝੁਲਸੇ ਹੋਏ ਸੀ ਪੂਰੀ ਤਰ੍ਹਾਂ ਸੰਸਕਾਰ ਨਹੀਂ ਸੀ ਹੋਇਆ, ਇਕ ਬੀਬੀ ਦਾ ਸਰੀਰ ਵਿਚ ਪਿਆ ਸ਼ਰਨ ਕੌਰ। ਸਾਰੀ ਰਾਤ ਵਿਚਾਰੀ ਲੱਗੀ ਰਹੀ ਸੀ ਲੇਕਿਨ ਪਹਿਰੇਦਾਰਾਂ ਨੇ

ਮਾਰ ਕੇ ਵਿਚ ਹੀ ਸੁੱਟ ਦਿਤੀ। ਸਾਨੂੰ ਪਤਾ ਲੱਗ ਗਿਆ ਕਿ ਇਹ ਹੈ ਅੰਗੀਠਾ ਬੱਚੀ ਨੇ ਮਿਹਨਤ ਕਰੀ ਹੈ ਬੀਬੀ ਨੇ ਪਰ ਉਹ ਵਿਚਾਰੀ ਨੇ ਆਪਣੀ ਜਾਨ ਵੀ ਦੇ ਦਿਤੀ, ਇਸ ਗੱਲ ਤੋਂ ਵੀ ਅਸੀਂ ਡਰਦੇ ਸੀ ਕਿ ਜੇ ਸਾਡੀ ਜਾਨ ਚਲੀ ਗਈ ਤਾਂ ਇਹ ਕੰਮ ਕੌਣ ਕਰੇਗਾ ਅਸੀਂ ਤਾਂ ਇਹ ਕੰਮ ਕਰਨਾ ਹੈ।

ਕਹਿੰਦਾ, "ਮਹਾਰਾਜ! ਸਾਡੇ ਬਾਰੇ ਇਹੀ ਹੋ ਗਿਆ ਕਿ ਇਹ ਕਮਲੇ ਨੇ। ਲੋਕ ਹੱਸਿਆ ਕਰਨ, ਅਸੀਂ ਕਦੇ ਸੁਆਹ ਪਾ ਲਈਏ, ਕਦੇ ਰੇਤਾ ਪਾ ਲਈਏ ਉਨ੍ਹਾਂ ਦੇ ਹੀ ਮੁਰਦੇ ਢੋਈ ਜਾਈਏ। ਚਲਦੇ-ਚਲਦੇ ਸਾਨੂੰ ਸਾਹਿਬਜ਼ਾਦਿਆਂ ਦੇ ਸਰੀਰ ਮਿਲ ਗਏ। ਘੱਟ ਥੋੜ੍ਹਾ ਮਰੇ ਸੀ ਉਥੇ, ਹਜ਼ਾਰਾਂ ਦੀ ਤਾਦਾਦ ਵਿਚ ਮਾਰੇ ਗਏ ਸੀ ਉਥੇ ਬੰਦੇ। ਇਤਿਹਾਸ ਵਿਚ ਤਾਂ ਲਿਖਿਆ ਹੈ 10,000 ਤਾਂ ਪਹਿਲੇ ਹੱਲੇ ਹੀ ਮਾਰਿਆ ਗਿਆ ਸੀ। ਉਸ ਤੋਂ ਬਾਅਦ ਫੇਰ ਅੱਗੇ ਚੱਲ ਪਿਆ ਕੰਮ।

ਕਹਿੰਦਾ, "ਮਹਾਰਾਜ! ਉਹ ਸਾਨੂੰ ਮਿਲ ਗਏ।"

ਮਹਾਰਾਜ ਕਹਿੰਦੇ, "ਕਿਵੇਂ? ਉਹ ਬਾਹਰ ਪਏ ਸੀ?"

ਕਹਿੰਦੇ, "ਨਾ ਸੱਚੇ ਪਾਤਸ਼ਾਹ! ਤੁਸੀਂ ਮਾਇਆ ਵਰਤਾਈ ਹੋਈ ਸੀ। ਰਾਤ ਨੂੰ ਜਿਹੜੀ ਹਨ੍ਹੇਰੀ ਚੱਲੀ ਸੀ, ਉਡਾਰ ਦਾ ਰੇਤਾ ਆ ਕੇ ਪੈ ਲਿਆ ਉਨ੍ਹਾਂ ਤੇ ਉਹ ਜਿਹੜੀਆਂ ਕੰਡੇਦਾਰ ਝਾੜੀਆਂ ਸੀ ਦੂਰ-ਦੂਰ ਖੇਤਾਂ ਵਿਚ ਉਹ ਉਡ ਕੇ ਆ ਕੇ ਦੋਹਾਂ ਸਾਹਿਬਜ਼ਾਦਿਆਂ ਤੇ ਟਿਕ ਗਏ। ਉਡਾਰ ਦੇ ਰੇਤੇ ਨੇ ਕੰਢੇ ਦੱਬ ਲਏ ਤੇ ਉਸੇ ਤਰ੍ਹਾਂ ਪੱਤੇ ਆ ਕੇ ਜੁੜ ਗਏ। ਉਥੇ ਕਿਸੇ ਨੂੰ ਨਹੀਂ ਸੀ ਪਤਾ ਲਗ ਸਕਦਾ ਕਿ ਇਥੇ ਸਾਹਿਬਜ਼ਾਦਿਆਂ ਦੇ ਸਰੀਰ ਪਏ ਨੇ। ਸਾਨੂੰ ਨਿਗ੍ਹਾ 'ਚ ਚੜ੍ਹ ਗਏ ਮਹਾਰਾਜ! ਬੜੀ ਖੁਸ਼ੀ ਹੋਈ ਕਿ ਹੁਣ ਇਹ ਕਰੀਏ ਕਿਵੇਂ? ਸੱਚੇ ਪਾਤਸ਼ਾਹ! ਅਸੀਂ ਲੱਕੜਾਂ ਇਕੱਠੀਆਂ ਕਰੀ ਗਏ ਅਸੀਂ ਕਿਸੇ ਦੇ ਧਿਆਨ ਵਿਚ ਨਾ ਆਏ ਕਿ ਇਹ ਕਮਲੇ ਕੀ ਕਰਦੇ ਨੇ। ਇਕ ਮੁਰਦਾ ਘੜੀਸ ਲਿਆਂਦੇ, ਇਕ ਲੱਕੜ ਇਕੱਠੀ ਕਰ ਲੈ ਜਾਂਦੇ ਸੀ ਢੇਰ ਲਾਈ ਜਾਂਦੇ ਸੀ।

ਅਸੀਂ ਇੰਤਜ਼ਾਮ ਕਰ ਲਿਆ ਪਾਤਸ਼ਾਹ! ਕਿ ਜਦੋਂ ਹਨ੍ਹੇਰਾ ਹੋਏਗਾ ਉਸੇ ਵੇਲੇ ਅਸੀਂ ਆਪਣਾ ਕੰਮ ਸ਼ੁਰੂ ਕਰ ਦੇਵਾਂਗੇ। ਫੌਜਾਂ ਦੇ ਵਿਚ ਅਸੀਂ ਫਿਰਦੇ ਹੀ ਸੀ ਜਦੋਂ ਹਨ੍ਹੇਰਾ ਹੋਇਆ, ਉਹ ਤਾਂ ਦੱਬਣ ਤੋਂ ਹਟ ਗਏ। ਉਨ੍ਹਾਂ ਨੇ ਤਾਂ ਬੋਤਲਾਂ ਖੋਲ੍ਹ ਲਈਆਂ, ਸਾਨੂੰ ਵੀ ਕਹਿਣ ਪੀ ਲੈ, ਓਏ ਕਮਲਿਆ! ਅਸੀਂ ਬਹਾਨਾ ਕਰਕੇ ਹਟਾ ਦਿਤੇ।

ਸੱਚੇ ਪਾਤਸ਼ਾਹ! ਉਨ੍ਹਾਂ ਨੂੰ ਅਸੀਂ ਆਏਂ ਚਕਮਾ ਦੇ ਕੇ...., ਉਹ ਤਾਂ ਮਸਤ ਹੋ ਗਏ ਨਸ਼ਿਆਂ 'ਚ ਪੈ ਗਏ ਸਾਰੇ ਦਿਨ ਦੇ ਥੱਕੇ ਹੋਏ। ਅਸੀਂ ਫੇਰ ਸਾਹਿਬ ਅਜੀਤ ਸਿੰਘ ਜੀ ਦਾ ਸਰੀਰ ਕੱਢਿਆ। ਸਰੀਰ ਦੇ ਉਤੇ ਕੋਈ ਥਾਂ ਐਸਾ ਨਹੀਂ ਸੀ ਜਿਥੇ ਜ਼ਖਮ ਨਹੀਂ ਸੀ ਲੱਗਿਆ ਹੋਇਆ, ਕੋਈ ਥਾਂ ਨਹੀਂ ਸੀ।

ਸੱਚੇ ਪਾਤਸ਼ਾਹ! ਆਏਂ ਸੀ ਜਿਵੇਂ ਕਿਤੇ ਜਲਾਲ ਯੁੱਧ ਕਰਦੇ ਹੁੰਦੇ ਨੇ, ਹੱਥ 'ਚ ਸ੍ਰੀ ਸਾਹਿਬ ਓਵੇਂ ਹੀ ਸੀ ਤੇ ਚਿਹਰੇ ਦੇ ਉਤੇ ਬੀਰ ਰਸ ਛਾਇਆ ਹੋਇਆ, ਓਵੇਂ ਜਿਵੇਂ ਕੋਈ ਵੀ ਨਿਸ਼ਾਨੀ ਨਹੀਂ ਸੀ। ਸਾਨੂੰ ਤਾਂ ਐਉਂ ਲੱਗੇ ਜਿਵੇਂ ਸੱਚਮੁਚ ਅਜੇ ਵੀ ਉਹ ਹਨ। ਇਵੇਂ ਹੀ ਛੋਟੇ ਸਾਹਿਬਜ਼ਾਦਿਆਂ ਨੂੰ ਅਸੀਂ ਕੱਢਿਆ। ਉਨ੍ਹਾਂ ਨੇ ਵੀ ਪੂਰੇ ਜਲਾਲ ਦੇ ਅੰਦਰ ਸਰੀਰ ਦਿਤਾ, ਉਨ੍ਹਾਂ ਦੇ ਵੀ ਕੋਈ ਥਾਂ ਨਹੀਂ ਸੀ ਜਿਥੇ ਜ਼ਖਮ ਨਾ ਹੋਵੇ।

ਅਸੀਂ ਮਹਾਰਾਜ! ਉਨ੍ਹਾਂ ਨੂੰ ਹੌਲੀ-ਹੌਲੀ ਦੋਵੇਂ ਲੈ ਗਏ ਉਥੇ ਅੰਗੀਠਾ ਬਣਾਇਆ ਜਿਸ ਦੇ ਵਿਚ ਸਾਹਿਬਜ਼ਾਦੇ ਦੋਵੇਂ ਰੱਖੇ ਅਸੀਂ, ਚਿਖਾ ਬਣਾਈ। ਬਾਕੀ ਜਿਹੜੇ 32-35 ਸੀ ਉਨ੍ਹਾਂ ਦੀ ਬੀਬੀ ਸਮੇਤ ਮੜੀ ਬਣਾਈ, ਉਨ੍ਹਾਂ ਦਾ ਸਸਕਾਰ ਅੱਡ ਕਰ ਦਿਤਾ ਤੇ ਇਧਰ ਅੱਡ ਕਰ ਦਿਤਾ। ਸਾਰੀ ਰਾਤ ਉਨ੍ਹਾਂ ਨੂੰ ਜਾਗ ਨਹੀਂ ਆਈ। ਅਸੀਂ ਸਵੇਰੇ ਹੀ ਸਿਵੇ ਠੰਡੇ ਕਰੇ ਬਰਤਨ ਲਿਆਂਦੇ ਪਿੰਡ ਵਿਚੋਂ। ਉਹ ਬਰਤਨ ਭਰ ਕੇ ਅਸੀਂ ਦੱਬ ਦਿਤੇ ਸੱਚੇ ਪਾਤਸ਼ਾਹ! ਕਿ ਕਦੇ ਸਮਾਂ ਚੰਗਾ ਆਏਗਾ ਤੇ ਫੇਰ ਇਨ੍ਹਾਂ ਨੂੰ ਸੰਭਾਲਾਂਗੇ।

ਮਹਾਰਾਜ ਬੜੇ ਹੀ ਪ੍ਰਸੰਨ ਹੋਏ, ਬਹੁਤ ਪ੍ਰਸੰਨ ਹੋਏ। ਉਸ ਵੇਲੇ ਜਿਹੜੀ ਸੰਗਤ ਬੈਠੀ ਸੀ, ਉਹ ਨਾ ਸੁਣ ਸਕੀ ਨੇਤਰਾਂ 'ਚ ਜਲ ਜਾਂਦਾ ਹੈ ਸਾਰਿਆਂ ਦੇ ਕਿਉਂਕਿ ਐਸਾ ਵਿਸਥਾਰ ਨਾਲ ਉਨ੍ਹਾਂ ਨੇ ਸਭ ਸੁਣਾਇਆ। ਬਿਰਹੇ 'ਚ ਆਈ ਹੋਈ ਸੰਗਤ ਹੈ, ਹਉਕੇ ਲੈਂਦੇ ਨੇ, ਰੁਮਾਲ ਵਾਰ-ਵਾਰ ਕੱਢ ਕੇ ਅੱਖਾਂ ਤੇ ਲੈ ਕੇ ਜਾਂਦੇ ਨੇ।

ਕਹਿਣ ਲੱਗੇ, "ਸੱਚੇ ਪਾਤਸ਼ਾਹ! ਸਾਡੇ ਤੋਂ ਤਾਂ ਸੁਣਿਆ ਨਹੀਂ ਜਾਂਦਾ।"

ਮਹਾਰਾਜ ਕਹਿੰਦੇ, "ਉਹ ਤਾਂ ਬੀਰ-ਗਤੀ ਨੂੰ ਪ੍ਰਾਪਤ ਹੋਏ ਨੇ, ਉਹ ਕੰਮ ਕਰ ਗਏ ਜਿਹੜਾ ਸੰਸਾਰ ਦੇ ਵਿਚ ਕੋਈ ਕਰ ਨਹੀਂ ਸਕਦਾ ਪਿਆਰਿਓ!" ਐਉਂ ਪੜ੍ਹ ਲਓ ਸਾਰੇ।

***ਧਾਰਨਾ - ਵਾਹਵਾ ਵਾਹਵਾ***
***ਬਈ ਜਸ ਗਾਉ ਸਾਰੀ ਦੁਨੀਆਂ - 2, 2.***
***ਐਸੀ ਕਰਨੀ ਕਰ ਗਏ ਪਿਆਰੇ-2***

ਕਹਿੰਦੇ, "ਸਿੰਘੋ! ਇਸ ਦੇ ਵਿਚ ਅਫਸੋਸ ਕਰਨ ਦੀ ਥਾਂ ਤੁਹਾਨੂੰ ਖੁਸ਼ ਹੋਣਾ ਚਾਹੀਦਾ ਹੈ। ਉਨ੍ਹਾਂ ਸਪੂਤਾਂ ਨੇ ਜੋ ਅਭਿਮਨਯੂ ਨੇ ਯੁੱਧ ਕਰਿਆ ਸੀ ਜਾਂ ਲਵ ਤੇ ਕੁਸ਼ ਨੇ ਕਰਿਆ ਸੀ। ਉਹ ਯਾਦ ਤਾਜ਼ਾ ਕਰਾ ਦਿਤੀ, ਪਿੱਠ ਨਹੀਂ ਦਿਤੇ ਦੋ ਸੀ, ਦੱਸ ਲੱਖ ਫੌਜ ਦੇ ਮੁਕਾਬਲੇ ਤੇ ਕੋਈ ਹੈ ਦੁਨੀਆਂ ਦੇ ਅੰਦਰ ਐਸੀ ਮਿਸਾਲ ਸਾਨੂੰ ਤਾਂ ਖੁਸ਼ ਹੋਣਾ

ਚਾਹੀਦਾ ਹੈ, ਸ਼ਸਤ੍ਰ ਨਹੀਂ ਸੁੱਟੇ ਆਖਰੀ ਦਮ ਤਕ ਜਦੋਂ ਤਕ ਧਰਤੀ ਤੇ ਗਿਰ ਨਹੀਂ ਗਏ, ਸ਼ਸਤ੍ਰ ਚਲਾਉਂਦੇ ਹੀ ਰਹੇ ਨੇ, ਨਾ ਕਿਸੇ ਦੀ ਭੈ ਮੰਨੀ ਹੈ। ਉਨ੍ਹਾਂ ਨੇ ਬਾਣੀ ਕਮਾ ਕੇ ਦਿਖਾ ਦਿਤੀ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥***
***ਅੰਗ - 1427***

ਉਨ੍ਹਾਂ ਨੇ ਤਾਂ ਆਪਣਾ ਬਲੀਦਾਨ ਦੇ ਦਿਤਾ ਜ਼ੁਲਮ ਦੇ ਖਿਲਾਫ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, "ਤੁਸੀਂ ਸਾਨੂੰ ਪ੍ਰਸੰਨ ਕਰ ਲਿਆ। ਸੇਵਾ ਐਸੀ ਕੀਤੀ ਹੈ ਜਿਹੜੀ ਦੁਨੀਆਂ ਦੇ ਵਿਚ ਮਿਸਾਲ ਰਹੇਗੀ। ਬੋਲੋ ਕੀ ਚਾਹੀਦਾ ਹੈ?"

ਕਹਿਣ ਲੱਗੇ, "ਸੱਚੇ ਪਾਤਸ਼ਾਹ! ਸਾਡੇ ਕੋਲ ਰਹਿਣ ਨੂੰ ਕੋਈ ਟਿਕਾਣਾ ਨਹੀਂ ਹੈ, ਸਾਨੂੰ ਰਹਿਣ ਨਹੀਂ ਦਿੰਦੇ, ਸਾਡੇ ਕੋਲ ਜ਼ਮੀਨ ਨਹੀਂ ਹੈ ਮਲਕੀਅਤ ਦੀ, ਲੈ ਕੇ ਵਾਹੁੰਦੇ ਹਾਂ ਤੇ ਮਜਾਰੇ ਸਾਨੂੰ ਗਿਣਦੇ ਨੇ ਤੇ ਸਾਡੀ ਇਜ਼ਤ ਨਹੀਂ ਹੈ ਕੋਈ ਵੀ। ਭੁਲਰਾਂ ਦੇ ਖੂਹਾਂ ਤੋਂ ਜੇ ਪਾਣੀ ਲੈਣ ਜਾਣ ਸਾਡੀਆਂ ਬੀਬੀਆਂ ਉਨ੍ਹਾਂ ਦੇ ਚੋਬਰ (ਗਭਰੂ) ਕਹਿੰਦੇ ਕਿ ਸਾਨੂੰ ਪਿੱਠ ਤੇ ਚੁੱਕ ਕੇ ਇਕ ਗੇੜਾ ਦਿਵਾਓ ਤਾਂ ਖੂਹ 'ਚੋਂ ਪਾਣੀ ਲੈਣ ਦੇਵਾਂਗੇ। ਆਹ ਹਾਲਤ ਹੈ ਸਾਡੀ।"

ਮਹਾਰਾਜ ਕਹਿੰਦੇ, "ਤੁਸੀਂ ਐਡੀ ਵੱਡੀ ਸੇਵਾ ਕੀਤੀ ਹੈ ਜਾਓ, ਤੁਹਾਡੀ ਜਿਹੜੀ ਔਲਾਦ ਹੋਏਗੀ ਉਸਦੇ ਘੋੜੇ ਜਮਨਾ ਤੇ ਸਤਲੁਜ ਵਿਚ ਪਾਣੀ ਪੀਣਗੇ। ਜਾਓ! ਕੁਰਸੀ-ਬ-ਕੁਰਸੀ ਤੁਹਾਡਾ ਰਾਜ ਹੋਏਗਾ। ਹੁਕਮ ਕਰ ਦਿਤਾ। ਕਹਿੰਦੇ ਛੇਤੀ ਹੀ ਰਾਜ ਹੋ ਜਾਏਗਾ ਤੁਹਾਡਾ। ਤੁਸੀਂ ਸੇਵਾ ਐਨੀ ਕੀਤੀ ਹੈ ਤੇ ਫੇਰ ਤੁਸੀਂ ਮਜਾਰੇ ਰਹੋ, ਨਹੀਂ ਨਹੀਂ, ਮਾਲਕ ਬਣੋਗੇ? ਦੁਨੀਆਂ ਨੂੰ ਰਿਜ਼ਕ ਦੇਵੋਗੇ ਤੁਸੀਂ।"

ਸੋ ਓਸ ਵੇਲੇ ਮਹਾਰਾਜਾ ਆਲਾ ਸਿੰਘ ਸਾਰੀਆਂ ਜਿੰਨੀਆਂ ਰਿਆਸਤਾਂ ਸੀ, ਪਟਿਆਲਾ ਹੈ ਸੰਗਰੂਰ ਹੈ, ਇਹ ਹੈ ਨਾਭਾ, ਜੀਂਦ ਇਹ ਸਾਰੇ ਉਨ੍ਹਾਂ ਦੀ ਔਲਾਦ ਵਿਚੋਂ ਸੀ ਤੇ ਸੇਵਾ ਤੋਂ ਕਿੱਡਾ ਵੱਡਾ ਮੇਵਾ ਮਿਲਿਆ। 9 ਪੁਸ਼ਤਾਂ ਤਕ ਇਨ੍ਹਾਂ ਦਾ ਰਾਜ ਬੇ ਅਟਕ ਚਲਦਾ ਰਿਹਾ। ਉਹ ਸੇਵਾ ਦੀ ਯਾਦ ਤੇ ਨਾਲ ਮਹਾਰਾਜ ਨੇ ਕਿਹਾ ਕਿ ਪਿਆਰਿਓ! ਤੁਹਾਡਾ ਖੀਸਾ ਕਦੇ ਖਾਲੀ ਨਹੀਂ ਹੋਏਗਾ, ਖੀਸਾ ਮੇਰਾ ਹੋਏਗਾ ਤੇ ਹੱਥ ਤੁਹਾਡਾ ਹੋਏਗਾ। ਕੱਢੀ ਜਾਇਓ ਕਦੇ ਤੋਟਾ ਨਹੀਂ ਤੁਹਾਨੂੰ ਆਏਗਾ।

ਸੋ ਸੇਵਾ ਕੋਈ ਕਰਕੇ ਦੇਖ ਲਓ ਜਿਹੜਾ ਵੀ ਕਰ ਲਏਗਾ ਉਸ ਨੂੰ ਮਨ ਇਛਤ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ, ਕੋਈ ਸੇਵਾ ਕਰਕੇ ਦੇਖ ਲਓ ਤੇ ਮਹਾਰਾਜ ਨੇ ਤਾਂ ਖੁਲ੍ਹਮਖੁਲ੍ਹਾ ਇਹ ਗੱਲ ਕਹੀ ਹੈ, ਪੜ੍ਹੋ ਪਿਆਰ ਨਾਲ-

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥***
***ਜੇ ਕੋ ਆਪੁਨਾ ਦੂਖੁ ਮਿਟਾਵੈ॥***
***ਹਰਿ ਹਰਿ ਨਾਮੁ ਰਿਦੈ ਸਦ ਗਾਵੈ॥***
***ਜੇ ਕੋ ਆਪੁਨੀ ਸੋਭਾ ਲੋਰੈ॥***
***ਸਾਧਸੰਗਿ ਇਹ ਹਉਮੈ ਛੋਰੈ॥***
***ਜੇ ਕੋ ਜਨਮ ਮਰਣ ਤੇ ਡਰੈ॥***
***ਸਾਧ ਜਨਾ ਕੀ ਸਰਨੀ ਪਰੈ॥***
***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥***
***ਨਾਨਕ ਤਾ ਕੈ ਬਲਿ ਬਲਿ ਜਾਸਾ॥ ਅੰਗ - 266***

ਆਦਮ ਬਰਾੜ ਬਠਿੰਡੇ ਜ਼ਿਲੇ ਦਾ 70 ਸਾਲ ਦੀ ਉਮਰ ਤੱਕ ਪੁੱਤਰ ਨਾ ਹੋਇਆ। ਬੜਾ ਕੁਝ ਕਰਕੇ ਦੇਖ ਲਿਆ, ਕੁਝ ਨਾ ਹੋਇਆ। ਅਖੀਰ ਕਿਸੇ ਮਹਾਂਪੁਰਸ਼ ਨੇ ਦੱਸਿਆ ਪਿਆਰਿਆ! ਜਾਹ ਤੂੰ ਅੰਮ੍ਰਿਤਸਰ, ਰਾਮਦਾਸਪੁਰ। ਗੁਰੂ ਰਾਮਦਾਸ ਮਹਾਰਾਜ ਕੋਲ ਜਾਹ ਸੰਗਤਾਂ ਦੀ ਸੇਵਾ ਕਰ, ਸੰਤਾਂ ਦੀ ਸੇਵਾ ਕਰ ਕਿਉਂਕਿ ਗੁਰੂ ਦੀ ਜਿਹੜੀ ਸੰਗਤ ਹੈ, ਉਹ ਸਾਧੂ ਹੀ ਹੁੰਦੀ ਹੈ। ਉਥੇ ਚਲਿਆ ਗਿਆ, ਜਾ ਕੇ ਸੇਵਾ ਕਰਦਾ ਹੈ, ਲੜਕੀ ਨਾਲ ਹੈ, ਘਰਵਾਲੀ ਨਾਲ ਹੈ, ਆਪ ਹੈ। ਦੋ ਭਰੇ ਲਿਆਉਂਦਾ ਹੈ ਬਾਲਣ ਦੇ, ਇਕ ਗੁਰੂ ਘਰ ਵਿਚ ਦੇ ਦਿੰਦਾ ਹੈ, ਇਕ ਆਪਣੇ ਕੋਲ ਰੱਖ ਲੈਂਦਾ ਹੈ। ਪ੍ਰਸ਼ਾਦਾ ਆਪਣੇ ਕੋਲੋਂ ਛਕਦਾ ਹੈ, ਦਿਨ ਰਾਤ ਤਿੰਨੋਂ ਜਣੇ ਸੇਵਾ ਕਰੀ ਜਾਂਦੇ ਨੇ ਤੇ ਕਰਦੇ ਹੋਏ 6-7 ਮਹੀਨੇ ਲੰਘ ਗਏ।

ਅੱਗੇ ਗੁਰੂ ਮਹਾਰਾਜ ਬਾਹਰ ਗਏ ਹੋਏ ਨੇ। ਕਣੀਆਂ ਪੈਣ ਲਗ ਪਈਆਂ, ਸਰਦੀ ਦਾ ਮਹੀਨਾ ਹੈ, ਸੰਗਤ ਬਾਹਰੋਂ ਆਈ ਹੋਈ ਹੈ, ਸੰਗਤ ਮਹਾਰਾਜ ਜੀ ਦੇ ਨਾਲ ਵਾਪਸ ਆਈ ਤਾਂ ਕਣੀਆਂ ਪੈ ਰਹੀਆਂ ਹਨ ਤੇ ਉਨ੍ਹਾਂ ਦੇ ਕਪੜੇ ਭਿੱਜ ਗਏ। ਮਹਾਰਾਜ ਉਥੇ ਆਏ ਆ ਕੇ ਸ੍ਰੀ ਮਾਨ ਨੂੰ ਬੁਲਾਇਆ, ਕਹਿਣ ਲੱਗੇ, "ਇਨ੍ਹਾਂ ਸਾਰਿਆਂ ਦੇ ਜਿੱਥੇ ਰਿਹਾਇਸ਼ ਅਸਥਾਨ ਡੇਰੇ ਦਿਤੇ ਹੋਏ ਨੇ ਨਾਂਹ, ਉਨ੍ਹਾਂ ਦਰਵਾਜ਼ਿਆਂ ਦੇ ਅੱਗੇ ਧੂਣੀਆਂ ਲਾ ਦਿਓ ਤਾਂ ਕਿ ਕਪੜੇ ਵੀ ਇਨ੍ਹਾਂ ਦੇ ਸੁੱਕ ਜਾਣ ਤੇ ਅੰਦਰ ਪਾਲਾ ਵੀ ਨਾ ਲੱਗੇ, ਨਿੱਘੀ ਹਵਾ ਜਾਵੇ।"

ਉਹ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਲੰਗਰ ਵਿਚ ਤਾਂ ਸਵੇਰ ਦੇ ਪ੍ਰਸ਼ਾਦੇ ਲਾਹੁਣ ਜੋਗਾ ਹੀ ਬਾਲਣ ਹੈ, ਹੁਕਮ ਦਿਓ।"

ਮਹਾਰਾਜ ਚੁੱਪ ਕਰ ਗਏ ਤੇ ਚਲੇ ਗਏ। ਏਧਰ ਗੱਲ ਚੱਲ ਪਈ ਤੇ ਇਸ ਨੂੰ, ਆਦਮ ਬਰਾੜ ਨੂੰ ਪਤਾ ਲੱਗਿਆ। ਉਸ ਵੇਲੇ ਕਹਿਣ ਲੱਗਿਆ ਅੱਜ ਵਰਗਾ ਸਮਾਂ ਆਪਾਂ ਨੂੰ ਮੁੜ ਕੇ ਨਹੀਂ ਮਿਲਣਾ, ਹੱਥ ਨਹੀਂ ਆਉਣਾ, ਭਰੇ ਚੁਕੋ। ਤਿੰਨੇ ਚੁਕਿਆ ਕਰਨ, ਲਿਆ ਕੇ ਧੂਣੀਆਂ ਲਾ ਦਿਤੀਆਂ ਸਾਰੇ ਕਮਰੇ ਜਿੰਨੇ ਵੀ ਸੀ ਜਾਂ ਛੱਪਰੀਆਂ ਜੋ ਵੀ ਸੀ, ਸਾਰਿਆਂ ਦੇ ਅੱਗੇ ਧੂਣੀਆਂ ਲਾ ਦਿਤੀਆਂ। ਅੰਮ੍ਰਿਤ ਵੇਲਾ

ਹੋਇਆ ਚਾਨਣਾ ਹੋਇਆ ਪਿਆ ਹੈ। ਮਹਾਰਾਜ ਜੀ ਨੇ ਨਿਗ੍ਹਾ ਮਾਰੀ ਕਹਿੰਦੇ, ਇਹ ਕੀ ਗੱਲ ਬਾਲਣ ਕਿਥੋਂ ਆ ਗਿਆ ਐਨਾ?' ਕਹਿੰਦੇ ਸੱਚੇ ਪਾਤਸ਼ਾਹ! ਇਕ ਸਿੱਖ ਹੈ ਜੰਗਲ ਦੇ ਇਲਾਕੇ 'ਚੋਂ ਆਇਆ ਹੋਇਆ ਬਰਾੜ। ਉਹ ਬੜੀ ਸੇਵਾ ਕਰਦਾ ਹੈ ਦਿਨੇ ਵੀ ਸਾਰਾ ਦਿਨ, ਤਿੰਨੇ ਜਣੇ ਨੇ ਜੀਅ ਪਰਿਵਾਰ ਦੇ ਤਿੰਨੇ ਸੇਵਾ 'ਚ ਲੱਗੇ ਹੋਏ ਨੇ।

ਸੱਚੇ ਪਾਤਸ਼ਾਹ! ਉਸ ਨੇ ਆਪਣੇ ਘਰੋਂ ਲੱਕੜਾਂ ਲਿਆ-ਲਿਆ ਕੇ ਸਾਰੀਆਂ ਰੋਸ਼ਨੀ ਕਰ ਦਿਤੀ ਤੇ ਨਿੱਘ ਕਰ ਦਿਤਾ।"

ਉਸ ਤੋਂ ਬਾਅਦ ਮਹਾਰਾਜ ਕਹਿਣ ਲੱਗੇ ਕਿ ਸਾਡੇ ਉਸ ਨੂੰ ਪੇਸ਼ ਕਰੋ। ਅੰਮ੍ਰਿਤ ਵੇਲੇ ਦੀਵਾਨ ਲੱਗ ਹਟਿਆ। ਹੁਕਮ ਦਿਤਾ ਤੇ ਉਹ ਖੜ੍ਹਾ ਹੋ ਗਿਆ ਤੇ ਗਲ ਵਿਚ ਪੱਲਾ ਪਾ ਲਿਆ।

ਮਹਾਰਾਜ ਕਹਿੰਦੇ, "ਗੁਰਸਿੱਖਾ! ਤੇਰੀ ਸੇਵਾ ਤੇ ਅਸੀਂ ਬਹੁਤ ਪ੍ਰਸੰਨ ਹੋਏ ਹਾਂ, ਤੂੰ ਸੰਗਤਾਂ ਨੂੰ ਸਰਦੀ ਲੱਗਣ ਤੋਂ ਬਚਾ ਲਿਆ। ਦੱਸ! ਤੈਨੂੰ ਕੀ ਚਾਹੀਦਾ ਹੈ?"

ਕਹਿੰਦਾ, "ਮਹਾਰਾਜ! ਨਾਮ ਦਾਨ ਦੇ ਦਿਓ।"

ਕਹਿੰਦੇ, "ਅਸਲੀ ਗੱਲ ਦੱਸ।" ਦੋ ਬਚਨ ਕਰੇ ਕਹਿੰਦੇ, ਤਿੰਨ ਬਚਨ ਹੁੰਦੇ ਨੇ ਸਾਧੂ ਦੇ ਹਮੇਸ਼ਾ। ਤੀਏ ਤੋਂ ਚੌਥਾ ਨਹੀਂ ਕਰਦੇ ਹੁੰਦੇ। ਕੋਈ ਭਾਗਾਂ ਵਾਲਾ ਹੀ ਹੋਵੇ ਤਾਂ ਚੌਥਾ ਕਰਦੇ ਹੁੰਦੇ ਕਿਉਂਕਿ ਇਕ ਕਾਂਗ ਉਠੀ ਹੁੰਦੀ ਹੈ, ਬਹੁਤ ਉਚੀ ਲਹਿਰ ਗਈ ਹੁੰਦੀ ਹੈ। ਉਸ ਦੇ ਵਿਚ-ਵਿਚ ਗੱਲ ਕਰ ਲਓ ਤਾਂ ਹੁੰਦਾ ਹੈ ਨਹੀਂ ਫੇਰ ਆਤਮ ਹੱਤਿਆ ਹੋ ਜਾਂਦੀ ਹੈ ਉਹ।

ਜਦੋਂ ਉਸ ਨੇ ਕੁਝ ਨਾ ਕਿਹਾ।

ਮਹਾਰਾਜ ਕਹਿੰਦੇ, "ਚੰਗਾ ਘਰ ਵਿਚ ਸਲਾਹ ਕਰ ਲੀਂ ਕੱਲ੍ਹ ਨੂੰ ਵੀ ਤੇਰਾ ਕਾਇਮ ਰਹੇਗਾ ਇਵੇਂ ਹੀ।"

ਘਰ ਗਿਆ ਸਾਰੀ ਗੱਲ ਕਰੀ, ਕਹਿੰਦੀ ਤੂੰ ਕਹਿ ਦੇਣਾ ਸੀ ਕਿ ਪੁੱਤਰ ਨਹੀਂ ਸਾਡੇ ਹੈ, ਆਪਾਂ ਆਏ ਤਾਂ ਪੁੱਤਰ ਲੈਣ ਹੀ ਹਾਂ।"

ਕਹਿੰਦਾ, "ਮੈਂ ਕਿਵੇਂ ਕਹਿੰਦਾ, 70 ਸਾਲ ਦੀ ਉਮਰ ਤੈਰੀ ਹੈ 70 ਦੀ ਮੇਰੀ ਹੈ ਤੇ ਕਿਹੜੀ ਉਮਰ ਹੈ ਇਹ ਪੁੱਤਰਾਂ ਦੀ?

ਲੜਕੀ ਕਹਿਣ ਲੱਗੀ, "ਤੁਸੀਂ ਦੋਵੇਂ ਸੰਗਦੇ ਹੋ, ਕੱਲ੍ਹ ਨੂੰ ਮੈਨੂੰ ਲੈ ਚੱਲਿਓ ਨਾਲ।"

ਉਸ ਵੇਲੇ ਮਹਾਰਾਜ ਨੇ ਜਦੋਂ ਬੁਲਾਏ ਤਿੰਨੇ ਖੜ੍ਹੇ ਹੋ ਗਏ।

ਕਹਿੰਦਾ, "ਲੈ ਭਾਈ ਆਦਮ! ਕੱਲ੍ਹ ਵਾਲੀ ਮੰਗ ਫੇਰ ਦੁਹਰਾ। ਦੱਸ ਤੈਨੂੰ ਕੀ ਚਾਹੀਦਾ ਹੈ?"

ਲੜਕੀ ਬੋਲੀ ਕਹਿੰਦੀ, "ਪਾਤਸ਼ਾਹ! ਮੇਰੇ ਮਾਂ-ਬਾਪ ਦੋਵੇਂ ਸੰਗਦੇ ਨੇ ਤੇ ਮੈਨੂੰ ਤਾਂ ਇਕ ਵੀਰ ਦੀ ਲੋੜ ਹੈ, ਮੈਂ ਇਕੱਲੀ ਹਾਂ।"

ਮਹਾਰਾਜ ਚੁੱਪ ਕਰ ਗਏ। ਨੇਤਰ ਬੰਦ ਕਰਕੇ ਸਾਰਾ ਕੁਝ ਦੇਖ ਲਿਆ।

ਕਹਿੰਦੇ, "ਭਾਈ ਆਦਮ! ਪੂਰੇ ਸੱਤ ਜਨਮ ਹੋਰ ਲਵੇਂਗਾ ਤਾਂ ਵੀ ਨਹੀਂ ਤੇਰੇ ਪੁੱਤਰ ਹੋਏਗਾ। ਤੇਰੀ ਕਿਸਮਤ 'ਚ ਲੇਖ ਨਹੀਂ ਲਿਖਿਆ ਗਿਆ, ਪੁੱਤਰ ਦਾ ਲੇਖ ਲਿਖਿਆ ਨਹੀਂ। ਕੋਈ ਐਸੀ ਵੱਡੀ ਭੁੱਲ ਹੋਈ ਹੋਈ ਹੈ ਪਰ ਤੂੰ ਸੇਵਾ ਕਰੀ ਹੈ ਸੰਗਤਾਂ ਨੂੰ ਪ੍ਰਸੰਨ ਕਰਿਆ ਹੈ, ਸਾਡੇ ਤਿੰਨ ਪੁੱਤਰ ਆ ਗਏ, ਚੌਥਾ ਆਉਣਾ ਹੈ ਉਹ ਚੌਥਾ ਪੁੱਤਰ ਤੈਨੂੰ ਅਸੀਂ ਆਪਣਾ ਦਿੰਦੇ ਹਾਂ ਤੇ ਉਸ ਦਾ ਨਾਉਂ ਭਾਈ ਭਗਤੂ ਰੱਖੀਂ, ਜੰਮਦਾ ਹੀ ਸਿੱਧ ਹੋਵੇਗਾ।"

ਸੋ ਇਸ ਤਰ੍ਹਾਂ ਦੇ ਨਾਲ -

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥*** ***ਅੰਗ - 266***

ਤੇ ਸੇਵਾ ਤੋਂ ਬਗੈਰ ਜਿਹੜਾ ਹੈ ਉਸ ਨੂੰ ਮਹਾਰਾਜ ਨੇ ਪਸੰਦ ਨਹੀਂ ਕਰਿਆ, ਕਹਿੰਦੇ ਉਹ ਮਰਿਆ ਬੰਦਾ ਹੈ-

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਅੰਗ - 253***

ਉਸ ਦੇ ਤਾਂ ਹੱਥ-ਪੈਰ ਜਿਹੜੇ ਨੇ ਉਹ ਧਿਰਕਾਰੇ ਹੋਏ ਨੇ, ਜੇ ਉਸ ਦਾ ਸੀਸ ਨਹੀਂ ਨਿਵਦਾ ਗੁਰੂ ਦੇ ਚਰਨਾਂ ਤੇ ਆ ਕੇ ਉਸ ਦਾ ਸਿਰ ਧਿਰਕਾਰਿਆ ਹੋਇਆ ਹੈ, ਜੇ ਉਸ ਦੇ ਨੇਤਰ ਦਰਸ਼ਨ ਨਹੀਂ ਕਰਦੇ, ਨੇਤਰ ਧਿਰਕਾਰੇ ਹੋਏ। ਕੰਨ ਬਾਣੀ ਨਹੀਂ ਸੁਣਦੇ, ਕੰਨ ਧਿਰਕਾਰੇ ਹੋਏ ਤੇ ਜੇ ਉਹ ਮੰਤਰ ਨਹੀਂ ਜਪਦਾ ਗੁਰੂ ਦਾ ਤਾਂ ਉਸ ਦੀ ਰਸਨਾ ਧਿਰਕਾਰੀ ਹੋਈ ਹੈ ਜੇ ਪੈਰਾਂ ਨਾਲ ਚੱਲ ਕੇ ਨਹੀਂ ਆਉਂਦਾ ਸਤਿਸੰਗ ਦੇ ਵਿਚ ਤੇ ਆ ਕੇ ਸੇਵਾ ਨਹੀਂ ਕਰਦਾ ਉਸ ਦੇ ਬਾਰੇ ਭਾਈ ਗੁਰਦਾਸ ਜੀ ਨੇ ਏਸ ਤਰ੍ਹਾਂ ਫੁਰਮਾਨ ਕਰਿਆ ਹੈ-

***ਧਾਰਨਾ - ਧਿਰਕਾਰ ਹੱਥਾਂ ਪੈਰਾਂ ਨੂੰ***
***ਬਾਝ ਗੁਰਾਂ ਦੀ ਸੇਵਾ, ਧਿਰਕਾਰ ਹੱਥਾਂ ਪੈਰਾਂ ਨੂੰ - 2***

ਸੋ ਗੁਰੂ ਘਰ ਦੇ ਅੰਦਰ ਜਿੰਨਾ ਸੇਵਾ ਦਾ ਮਹਾਤਮ ਹੈ -

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥*** ***ਅੰਗ - 287***

ਵਾਹਿਗੁਰੂ ਮਿਲ ਜਾਂਦਾ ਹੈ -

***ਹਰਿ ਕਾ ਸੇਵਕੁ ਸੋ ਹਰਿ ਜੇਹਾ॥***
***ਭੇਦੁ ਨ ਜਾਣਹੁ ਮਾਣਸ ਦੇਹਾ॥***

***ਜਿਉ ਜਲ ਤਰੰਗ ਉਠਹਿ ਬਹੁ ਭਾਤੀ॥***
***ਫਿਰਿ ਸਲਲੈ ਸਲਲ ਸਮਾਇਦਾ॥ ਅੰਗ - 1076***

ਉਹ ਰੱਬ ਦੇ ਦਰਬਾਰ ਵਿਚ ਪਹੁੰਚ ਜਾਂਦਾ ਹੈ ਸੇਵਾ ਕਰਦਾ। ਪਹਿਲਿਆਂ ਜੁਗਾਂ ਦੇ ਅੰਦਰ ਸੇਵਾਦਾਰ ਨੂੰ ਸ਼ੂਦਰ ਕਹਿ ਕੇ ਦੁਰਕਾਰਿਆ ਜਾਂਦਾ ਸੀ। ਜੇ ਉਹ ਲੰਘ ਜਾਵੇ ਤਾਂ ਉਸ ਦੀਆਂ ਪੈੜਾਂ ਮੇਟਣੀਆਂ ਪੈਂਦੀਆਂ ਸੀ। ਦੱਖਣ ਦੇ ਵਿਚ ਰਿਵਾਜ ਰਿਹਾ ਹੈ, ਹੁਣੇ ਥੋੜ੍ਹੀ ਦੇਰ ਤੋਂ ਹਟਿਆ ਹੈ, ਪਿਛੇ ਝਾਫਾ ਬੰਨ੍ਹ ਕੇ ਰੱਖਣਾ ਪੈਂਦਾ ਸੀ ਕਿ ਇਸ ਦੀ ਪੈੜ ਮਿਟਦੀ ਚਲੀ ਜਾਵੇ। ਸਵਰਨ ਜਾਤੀਆਂ ਵਾਲੇ ਕਹਿੰਦੇ ਸੀ ਅਸੀਂ ਭ੍ਰਿਸ਼ਟੇ ਜਾਵਾਂਗੇ। ਗੁਰੂ ਮਹਾਰਾਜ ਨੇ ਸੇਵਾਦਾਰ ਨੂੰ ਚੁੱਕ ਕੇ ਰੱਬ ਬਣਾ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਦਿਨ ਰਾਤ ਸੇਵਾ ਕਰਦਾ ਹੈ। ਭਾਈ ਮੰਝ ਸੇਵਾ ਦੀ ਮੂਰਤੀ ਬਣਿਆ ਹੋਇਆ ਹੈ ਤੇ ਜਦੋਂ ਪੰਜ ਛੇ ਮਹੀਨੇ ਲੰਘ ਗਏ।

ਗੁਰੂ ਮਹਾਰਾਜ ਕਹਿਣ ਲੱਗੇ, "ਸਿੱਖੋ! ਇੱਕ ਇਥੇ ਮੰਝ ਨਾਮ ਦਾ ਸਿੱਖ ਆਇਆ ਹੋਇਆ ਸੀ ਮੰਝਕੀ ਦਾ ਕਿਉਂਕਿ ਮੰਝਕੀ ਉਸੇ ਦੇ ਨਾਉਂ ਤੇ ਹੀ ਪਈ ਹੈ।"

ਕਹਿੰਦੇ, "ਹਾਂ ਮਹਾਰਾਜ!"

ਸਾਰੇ ਉਸ ਨੂੰ ਮੰਝ ਕਹਿੰਦੇ ਨੇ ਨਾਉਂ ਉਸ ਦਾ ਭਾਈ ਤੀਰਥਾ ਸੀ।

ਕਹਿੰਦੇ, "ਸੱਚੇ ਪਾਤਸ਼ਾਹ! ਉਹ ਤਾਂ ਸੇਵਾ ਦੀ ਮੂਰਤੀ ਹੈ। ਕਦੇ ਟਿਕਦਾ, ਮੰਜੇ ਤੇ ਪਿਆ, ਕਿਤੇ ਅਰਾਮ ਦੇਖਿਆ ਹੀ ਨਹੀਂ ਹੈ, ਹਰ ਵਕਤ ਸੇਵਾ ਕਰਦਾ ਹੈ ਫੇਰ ਮਹਾਰਾਜ ਕਿਸੇ ਨਾਲ ਬੋਲਦਾ ਨਹੀਂ, ਹਰ ਵਕਤ ਨਾਮ ਦੇ ਵਿਚ ਮਸਤ ਰਹਿੰਦਾ ਹੈ। ਸਾਨੂੰ ਤਾਂ ਆਏਂ ਲਗਦਾ ਹੈ ਕਿ ਉਸ ਦੀ ਸਹਿਜ ਸਮਾਧ ਲੱਗੀ ਰਹਿੰਦੀ ਹੈ, ਹਰ ਵਕਤ।

ਮਹਾਰਾਜ ਕਹਿੰਦੇ, ਠੀਕ ਹੈ ਪਰ ਇਹ ਤਾਂ ਦੱਸੋ ਪ੍ਰਸ਼ਾਦਾ ਕਿਥੋਂ ਛਕਦਾ ਹੈ?

ਕਹਿੰਦਾ, "ਮਹਾਰਾਜ! ਲੰਗਰ 'ਚੋਂ ਜੋ ਮਿਲ ਜਾਂਦਾ ਹੈ ਛਕ ਲੈਂਦਾ ਹੈ।"

ਕਹਿੰਦੇ, "ਫੇਰ ਕਾਹਦਾ ਸੇਵਾਦਾਰ ਹੈ ਉਹ ਫੇਰ ਤਾਂ ਉਹ ਮਜ਼ਦੂਰ ਹੈ ਉਹ, ਪ੍ਰਸ਼ਾਦੇ ਤੇ ਕੰਮ ਕਰ ਰਿਹਾ ਹੈ ਸੇਵਾ ਕਰ ਰਿਹਾ ਹੈ ਉਹ। ਜਾਓ! ਉਸ ਦਾ ਪ੍ਰਸ਼ਾਦਾ ਲੰਗਰ ਵਿਚੋਂ ਬੰਦ ਕਰ ਦਿਓ।"

ਪੰਗਤਾਂ ਲੱਗੀਆਂ ਹੋਈਆਂ ਹਨ, ਲੰਗਰ ਦੀ ਘੰਟੀ ਵਜੀ ਹੋਈ ਹੈ। ਸਾਰੇ ਗੁਰਸਿੱਖ ਆ ਕੇ ਪੰਗਤਾਂ ਵਿਚ ਬੈਠੀ ਜਾਂਦੇ ਨੇ। ਏਨੇ ਨੂੰ ਬਰਤਨ ਦੇਣੇ ਸ਼ੁਰੂ ਕਰੇ, ਪਾਣੀ ਪੀਣ ਵਾਸਤੇ ਕੌਲ ਵਗੈਰਾ ਦੇਣੇ ਸ਼ੁਰੂ ਕਰੇ। ਅੱਗੇ-ਅੱਗੇ ਉਹ ਦਿੰਦੇ ਜਾਂਦੇ ਨੇ ਜਿੱਥੇ ਭਾਈ ਮੰਝ ਬੈਠਾ ਸੀ।

ਉਥੇ ਆ ਕੇ ਨਾ ਥਾਲੀ ਰੱਖੀ ਤੇ ਨਾ ਕੋਈ ਕੌਲ ਰੱਖਿਆ।

ਉਸ ਨੇ ਕਿਹਾ, "ਭਾਈ ਸਾਹਿਬ! ਆਹ ਤੁਸੀਂ ਛੱਡ ਗਏ?"

ਉਸ ਨੇ ਜਵਾਬ ਹੀ ਨਹੀਂ ਦਿਤਾ। ਉਸ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਚਲੋ ਹੱਥ ਤੇ ਪ੍ਰਸ਼ਾਦੇ ਲੈ ਲਾਂਗੇ। ਜਦੋਂ ਪ੍ਰਸ਼ਾਦੇ ਤੇ ਦਾਲੇ ਵਾਲਾ ਆਇਆ, ਉਸ ਨੂੰ ਛੱਡ ਕੇ ਅੱਗੇ ਚਲੇ ਗਏ।

ਕਹਿੰਦੇ, "ਭਾਈ ਸਾਹਿਬ! ਮੈਂ ਇਥੇ ਬੈਠਾ ਹਾਂ, ਮੈਂ ਹੱਥਾਂ ਤੇ ਹੀ ਲੈ ਲਵਾਂਗਾ, ਬਰਤਨ ਤਾਂ ਭੁੱਲ ਗਏ ਦੇਣਾ।"

ਕਹਿੰਦੇ, "ਭਾਈ ਮੰਝ! ਤੇਰੇ ਵਾਸਤੇ ਹੁਕਮ ਨਹੀਂ ਹੈ ਕਿ ਤੂੰ ਲੰਗਰ 'ਚੋਂ ਪ੍ਰਸ਼ਾਦਾ ਛਕੇ। ਪੰਗਤ ਵਿਚੋਂ ਉਠ ਖੜ੍ਹ। ਅਸੀਂ ਤਾਂ ਮਾਲਕ ਦੇ ਹੁਕਮ ਦੇ ਮੁਤਾਬਿਕ ਵਰਤਣਾ ਹੈ। ਮੱਥਾ ਟੇਕਣ ਲੱਗ ਗਿਆ ਉਥੇ ਹੀ।

ਕਹਿੰਦਾ, "ਸੱਚੇ ਪਾਤਸ਼ਾਹ! ਮੇਰੇ ਵਰਗੇ ਅਦਨੇ ਜਿਹੇ ਸਿੱਖ ਨੂੰ ਵੀ ਤੁਸੀਂ ਯਾਦ ਰਖਦੇ ਹੋ। ਧੰਨ ਹੋ ਮਹਾਰਾਜ ਤੇ ਮੇਰੇ ਤੇ ਐਨੀ ਕ੍ਰਿਪਾ ਦ੍ਰਿਸ਼ਟੀ ਕਿ ਮੇਰਾ ਨਾਉਂ ਲੈ ਕੇ ਇਨ੍ਹਾਂ ਨੂੰ ਕਿਹਾ।"

ਕਿੱਡਾ ਵੱਡਾ ਜਿਗਰਾ ਹੈ ਸਾਧ ਸੰਗਤ ਜੀ! ਆਦਮੀ ਡੋਲ ਜਾਂਦਾ ਹੈ ਇਹੋ ਜਿਹੇ ਮੌਕੇ। ਹੁਕਮ ਹੈ ਬਾਣੀ ਦਾ -

***ਫਰੀਦਾ ਸਾਹਿਬ ਕੀ ਕਰਿ ਚਾਕਰੀ ਦਿਲ ਹੀ ਲਾਹਿ ਭਰਾਂਦਿ॥***
***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥***
***ਅੰਗ - 1381***

ਟਾਹਣੇ ਵਢਦੇ ਹਾਂ ਅਸੀਂ ਫਲਦਾਰ ਦਰਖਤਾਂ ਦੇ ਉਹ ਸਾਨੂੰ ਫਲ ਦਿੰਦਾ ਹੈ। ਇੱਟਾਂ ਮਾਰਦੇ ਹਾਂ, ਫਲ ਦਿੰਦਾ ਹੈ ਕਹਿੰਦੇ ਇਹੋ ਜਿਹਾ ਸਾਧੂ ਦਾ ਹਿਰਦਾ ਹੋਣਾ ਚਾਹੀਦਾ ਹੈ। ਸੋ ਧੰਨ ਹੈ ਉਹ ਗੁਰਸਿੱਖ ਜਿਸ ਨੇ ਐਸੇ-ਐਸੇ ਇਮਤਿਹਾਨ ਪਾਸ ਕਰਕੇ ਕਿਉਂਕਿ ਮਹਾਰਾਜ ਨੇ ਬੰਦ ਕਰਿਆ ਸੀ। ਉਸ ਦਾ ਕਾਰਨ ਸੀ ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈ ਨਾ***
***ਧਾਨ ਬੁਰਾ ਪੂਜਾ ਦਾ।***

ਭਾਈ ਗੁਰਦਾਸ ਜੀ ਨੇ ਮਿਸਾਲਾਂ ਦਿਤੀਆਂ ਬਹੁਤ ਸਾਰੀਆਂ। ਸਮਾਂ ਨਹੀਂ ਹੈ ਕਿ ਮੈਂ ਇਕੱਲੀ-ਇਕੱਲੀ ਗੱਲ ਕਰਾਂ। ਉਹ ਕਹਿੰਦੇ ਜਿਵੇਂ ਵਿਹੁ (ਜ਼ਹਿਰ) ਦੇ ਕੈਪਸੂਲ ਹੋਣ ਤੇ ਉਤੇ ਖੰਡ ਲਾਈ ਹੋਵੇ। ਇਹ ਪੂਜਾ ਦਾ ਧਾਨ ਐਉਂ ਕਰਦਾ ਹੈ, ਬੁੱਧੀ ਭ੍ਰਿਸ਼ਟ ਕਰਦਾ ਹੈ।

***ਧਰਮਸਾਲਾ ਦੀਆ ਰੋਟੀਆ ਤਿੰਨ ਕੰਮ ਕਰੇਨਿ॥***
***ਹਡ ਗਾਲਨ ਮਤ ਮਾਰਨ ਭਜਨ ਕਰਨ ਨ ਦੇਨ॥***

ਮਹਾਰਾਜ ਜੀ ਲੰਬੜਦਾਰ ਦੇ ਲੜਕੇ ਸੀ। ਉਨ੍ਹਾਂ ਦੇ

ਹਿੱਸੇ ਦਾ ਜਿੰਨਾ ਅਨਾਜ ਹੁੰਦਾ ਗੱਡਿਆਂ ਤੇ ਭਰ ਕੇ ਰਾੜਾ ਸਾਹਿਬ ਆਉਂਦਾ ਹੁੰਦਾ। ਘਰ ਵਾਲੇ ਵੀ ਕਹਿੰਦੇ ਸੀ ਅਸੀਂ ਇਨ੍ਹਾਂ ਦਾ ਹਿੱਸਾ ਨਹੀਂ ਖਾਂਦੇ ਤੇ ਉਥੇ ਆਉਂਦਾ ਸੀ। ਮਹਾਰਾਜ ਦੀ ਖੁਰਾਕ ਕਿੰਨੀ ਸੀ? ਸਾਲ ਭਰ ਵਿਚ ਸ਼ਾਇਦ ਹੀ ਇਕ ਬੋਰੀ ਅਨਾਜ ਦੀ ਖਾਂਦੇ ਹੋਣ। ਕਿੰਨੀਆਂ ਬੋਰੀਆਂ ਆ ਜਾਂਦੀਆਂ ਸੀ। ਉਨ੍ਹਾਂ ਤੋਂ ਵੱਡੇ ਮਹਾਰਾਜ ਬਾਬਾ ਅਤਰ ਸਿੰਘ ਜੀ ਜ਼ੈਲਦਾਰ ਸੀ ਉਹ ਤੇ ਨਾਲ ਪੈਨਸ਼ਨ ਸੀ। ਉਥੋਂ ਕਦੇ ਵੀ ਨਹੀਂ ਸੀ ਕਰਦੇ ਖਰਚ, ਪੈਨਸ਼ਨ ਵਿਚੋਂ ਲੈਣੀ ਜਿਹੜੀ ਵੀ ਚੀਜ਼ ਲੈਣੀ। ਜ਼ੈਲਦਾਰੀ ਮੁੰਡੇ ਨੂੰ ਸੰਭਾਲ ਦਿਤੀ। ਜੇ ਕੋਈ ਲੋੜ ਹੈ ਤਾਂ ਘਰ ਤੋਂ ਚੀਜ਼ ਮੰਗਾ ਲੈਂਦੇ ਸੀ।

ਬਾਬਾ ਕਰਮ ਸਿੰਘ ਜੀ ਸੀ ਉਨ੍ਹਾਂ ਤੋਂ ਉਪਰ। ਉਹ ਫੌਜ ਦੇ ਵਿਚ ਸੀ ਉਹ ਵੀ ਅਮੀਰ ਆਦਮੀ ਸੀ ਘਰ ਤੋਂ। ਬਾਬਾ ਬੀਰ ਸਿੰਘ ਜੀ, ਬਾਬਾ ਮਹਾਰਾਜ ਸਿੰਘ ਜੀ ਸਾਰੇ ਦੇ ਸਾਰੇ ਆਪਣੇ ਘਰਾਂ 'ਚੋਂ ਮੰਗਵਾਉਂਦੇ ਸੀ, ਇਹ ਨਹੀਂ ਸੀ ਖਾਂਦੇ ਕਿ ਬਹੁਤ ਐਸ਼-ਆਰਾਮ ਕਰਨ। ਬਿਲਕੁਲ ਨਹੀਂ ਕਿਉਂਕਿ ਗੁਰੂ ਘਰ ਵਿਚ ਪੂਜਾ ਵਰਗੀ ਮਾੜੀ ਕੋਈ ਚੀਜ਼ ਨਹੀਂ। ਪੂਜਾ ਜਿਹੜੀ ਹੈ ਗੁਰੂ ਗ੍ਰੰਥ ਸਾਹਿਬ ਨੂੰ ਜਿਹੜਾ ਪੈਸਾ ਚੜ੍ਹਦਾ ਹੈ ਇਸ ਨੂੰ ਪੂਜਾ ਕਹਿੰਦੇ ਨੇ। ਕਿਸੇ ਮੰਦਰ 'ਚ ਦੇਵੇਤੇ ਨੂੰ ਚੜ੍ਹੇ, ਕਿਸੇ ਪੋਥੀ ਨੂੰ ਚੜ੍ਹੇ, ਕਿਸੇ ਇਸ਼ਟ ਨੂੰ ਚੜ੍ਹੇ ਉਸ ਨੂੰ ਖਾਣਾ ਸਾਡਾ ਫਰਜ਼ ਨਹੀਂ ਬਣਦਾ। ਉਸ ਦਾ ਫਰਜ਼ ਇਹ ਹੈ ਕਿ ਇਸ ਨੂੰ ਵਿਉਂਤ ਕੇ ਖਰਚ ਕੇ ਲੋਕਾਂ ਦੇ ਵਾਸਤੇ ਕੁਝ ਕੀਤਾ ਜਾਵੇ ਤਾਂ ਕਿ ਸੰਸਾਰ ਦਾ ਭਲਾ ਹੋ ਜਾਵੇ ਕਿਉਂਕਿ ਮਾੜਾ ਅੰਨ ਜਿਹੜਾ ਹੈ -

***ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਰੀਤ॥***
***ਤਿਸ ਦੇ ਹਥਹੁ ਖਾਧੀਐ ਵਿਸਰੈ ਹਰਿ ਕੀ ਪ੍ਰੀਤ।***

ਪ੍ਰਮੇਸ਼ਰ ਦਾ ਨਾਮ ਭੁੱਲ ਜਾਂਦਾ ਹੈ, ਸੁਰਤ ਲਗਦੀ ਨਹੀਂ ਹੈ, ਪੁੱਠੀ ਮਤ ਆ ਜਾਂਦੀ ਹੈ। ਭੀਸ਼ਮ ਪਿਤਾਮਾ ਜਦੋਂ ਬਾਣਾਂ ਤੇ ਪਿਆ ਹੈ ਤਾਂ ਉਹ ਰੋਜ਼ ਇਕ ਉਪਦੇਸ਼ ਦਿਆ ਕਰਦੇ ਸੀ। ਸਾਰੇ ਪਾਂਡਵ ਜਾਇਆ ਕਰਦੇ ਸੀ ਬਾਕੀ ਤਾਂ ਸਭ ਚੜ੍ਹਾਈ ਕਰ ਗਏ ਸੀ ਤੇ ਸਾਰੇ ਹੀ ਦੱਸ ਬੰਦੇ ਬੱਚੇ ਸੀ ਮਹਾਂਭਾਰਤ ਦੇ ਯੁੱਧ ਵਿਚ। ਇਹ ਪੰਜੇ ਭਰਾ ਦ੍ਰੋਪਤੀ ਤੇ ਕ੍ਰਿਸ਼ਨ ਮਹਾਰਾਜ ਰੋਜ਼ ਜਾਇਆ ਕਰਦੇ ਸੀ ਉਹ ਯੋਗੀ ਸੀ ਅਜੇ ਸਰੀਰ ਛੱਡਣਾ ਨਹੀਂ ਸੀ ਚਾਹੁੰਦੇ, ਦਖਨਾਇਣ ਵਿਚ ਨਹੀਂ ਛੱਡਣਾ, ਉਤਰਾਇਣ ਵਿਚ ਛੱਡਣਾ ਹੈ। ਇਕ ਦਿਨ ਉਨ੍ਹਾਂ ਦੇ ਉਪਦੇਸ਼ ਵਿਚ ਆ ਗਿਆ ਕਿ ਜਿਹੜਾ ਰਾਜਾ ਬੇ ਇਨਸਾਫੀ ਕਰੇ ਉਸ ਦਾ ਸਾਥ ਛੱਡ ਦੇਣਾ ਚਾਹੀਦਾ ਹੈ। ਦ੍ਰੋਪਤੀ ਹੱਸ ਪਈ, ਉਸ ਨੇ ਵੀ ਦੇਖ ਲਈ।

ਕਹਿੰਦਾ, "ਬੇਟੀ! ਤੂੰ ਹੱਸੀ ਹੈਂ ਮੈਂ ਤੇਰੀ ਗੱਲ ਸਮਝ ਗਿਆ।"

ਉਹ ਕਹਿੰਦੀ, "ਹਾਂ ਦਾਦਾ ਜੀ! ਜਦੋਂ ਮੇਰੇ ਵਸਤ੍ਰ ਉਤਾਰੇ, ਤੁਸੀਂ ਉਥੇ ਬੈਠੇ ਸੀ ਜਾਂ ਨਹੀਂ?"

ਕਹਿੰਦਾ, "ਹਾਂ ਬੈਠਾ ਸੀ।"

ਕਹਿੰਦੀ, "ਉਸ ਵੇਲੇ ਤੁਹਾਡਾ ਇਹ ਬਚਨ ਕਿੱਥੇ ਗਿਆ ਸੀ?"

ਕਹਿੰਦੇ, "ਬੇਟਾ! ਓਸ ਵੇਲੇ ਮੇਰੇ ਅੰਦਰ ਰਾਜ ਅੰਨ ਗਿਆ ਹੋਇਆ ਸੀ ਤੇ ਉਸ ਅੰਨ ਨੇ ਮੇਰੀ ਬੁੱਧੀ ਭਰਿਸ਼ਟ ਕਰੀ ਹੋਈ ਸੀ। ਹੁਣ ਕਿਉਂਕਿ ਬਾਣ ਐਨੇ ਲੱਗੇ ਹੋਏ ਨੇ ਮੇਰਾ ਸਾਰਾ ਸਰੀਰ ਖੂਨ ਤੋਂ ਖਾਲੀ ਹੋ ਗਿਆ, ਮਾੜਾ ਮੋਟਾ ਰਹਿੰਦਾ ਹੈ ਉਹ ਅਸਰ ਨਿਕਲ ਗਿਆ ਤੇ ਹੁਣ ਮੈਨੂੰ ਹੋਸ਼ ਆਈ ਹੈ ਕਿ ਮੈਨੂੰ ਚਾਹੀਦਾ ਸੀ ਉਥੇ ਉਠ ਕੇ ਖੜ੍ਹੇ ਹੋ ਜਾਂਦਾ ਦਰਬਾਰ 'ਚ। ਬੁੱਧੀ ਭਰਿਸ਼ਟ ਮੇਰੀ ਕਰ ਦਿਤੀ ਸੀ ਓਸ ਅੰਨ ਨੇ।"

ਇਕ ਮਹਾਤਮਾ ਸੀ ਬਹੁਤ, ਉਸ ਦੀ ਮਹਿਮਾ ਸੀ। ਰਾਜਾ ਘਰ ਲੈ ਗਿਆ ਉਥੇ ਉਹ ਸਤਿਸੰਗ ਕਰਦਾ ਰਿਹਾ, ਕਾਫੀ ਸਮੇਂ ਤੋਂ ਬਾਅਦ ਇਕ ਦਿਨ ਇਸ਼ਨਾਨ ਕਰਨ ਗਿਆ ਤਾਂ ਰਾਣੀ ਪਹਿਲਾਂ (ਇਸ਼ਨਾਨ) ਕਰ ਗਈ ਸੀ, ਨੌਂ ਲੱਖਾ ਹਾਰ ਕਿੱਲੇ ਤੇ ਟੰਗਿਆ ਹੋਇਆ ਸੀ। ਸੰਤ ਦੀ ਪਈ ਨਿਗ੍ਹਾ। ਉਸ ਨੇ ਕਿਹਾ ਓਏ ਨੌਂ ਲੱਖ ਰੁਪਈਆ ਉਥੇ ਹੀ ਨ੍ਹਾਤਾ ਨਹੀਂ, ਫਟਾਫਟ ਗੱਠੜੀ 'ਚ ਬੰਨ੍ਹਿਆ, ਪੋਟਲੀ ਚੁੱਕ ਕੇ ਪਹਿਰੇਦਾਰਾਂ ਦੇ ਕੋਲ ਦੀ ਨਿਕਲ ਗਿਆ। ਰਾਜਾ ਇਜ਼ਤ ਕਰਦਾ ਸੀ ਉਹ ਵੀ ਇਜ਼ਤ ਕਰਦੇ ਸੀ। ਜਦੋਂ ਦਿਨ ਚੜ੍ਹਿਆ ਰਾਣੀ ਹਾਰ ਟੋਲ੍ਹਣ ਲੱਗੀ। ਲੱਭਿਆ ਨਾ ਕਿਤੋਂ ਵੀ। ਬਹੁਤ ਤਲਾਸ਼ ਕਰਨ ਤੋਂ ਬਾਅਦ ਇਹ ਨਿਰਣਾ ਲਿਆ ਪੁਲਿਸ ਵਾਲਿਆਂ ਨੇ ਕਿ ਉਨ੍ਹਾਂ ਸੰਤਾਂ ਤੋਂ ਬਗੈਰ ਅੰਦਰ ਕੋਈ ਨਹੀਂ ਆਉਂਦਾ। ਰਾਜਾ ਮੰਨੇ ਨਾ ਕਿ ਸੰਤ ਤਾਂ ਇਹੋ ਜਿਹਾ ਹੈ ਨਹੀਂ, ਉਹ ਤਾਂ ਬਹੁਤ ਉਚ ਕੋਟੀ ਦਾ ਹੈ।

ਕਹਿੰਦੇ, "ਨਹੀਂ ਮਹਾਰਾਜ! ਉਹ ਸੰਤ ਲੈ ਗਿਆ।"

ਕਹਿੰਦਾ, "ਕਰੋ ਤਲਾਸ਼।" ਜਦ ਨੂੰ (ਉਦੋਂ ਤਕ) ਉਹ ਉਸ ਦੀ (ਰਾਜ ਦੀ) ਹੱਦ ਲੰਘ ਗਿਆ। ਨੇੜੇ ਹੀ ਦੂਸਰੇ ਰਾਜੇ ਦੇ ਰਾਜ ਵਿਚ ਇਕ ਮੰਦਰ ਸੀ ਉਥੇ ਟਿਕ ਗਿਆ ਤੇ ਮਰੋੜੇ ਲਗ ਗਏ। ਢਾਈ ਮਹੀਨੇ ਲੱਗੇ ਰਹੇ ਤੇ ਸੁੱਕ ਕੇ ਪਿੰਜਰ ਵਰਗਾ ਹੋ ਗਿਆ। ਉਸ ਤੋਂ ਬਾਅਦ ਹੋਸ਼ ਆਈ ਓਏ ਮਨਾ ਆਹ! ਹਾਰ ਮੈਂ ਕੀ ਕਰਨਾ ਸੀ, ਮੇਰੇ ਕਿਸ ਕੰਮ, ਘਰ ਛੱਡਿਆ, ਬਾਰ ਛੱਡਿਆ ਫੇਰ ਹਾਰ 'ਚ ਮੋਹਿਤ ਹੋ ਗਿਆ, ਇਹ ਤਾਂ ਮਾਇਆ ਨੇ ਡੰਗ ਮਾਰਿਆ। ਫੈਸਲਾ ਕਰ ਲਿਆ ਕਿ ਮੈਂ ਰਾਜੇ ਨੂੰ ਵਾਪਸ ਕਰਕੇ ਆਵਾਂਗਾ। ਇਹ ਵੀ ਪਤਾ ਸੀ ਕਿ ਰਾਜਾ ਦੰਡ ਦੇਵੇਗਾ ਤੇ ਚੋਰ ਆਖੇਗਾ ਮੈਨੂੰ। ਕਹਿੰਦਾ ਕੁਝ ਹੋਵੇ ਕਿਉਂਕਿ ਮੈਂ ਜੁਰਮ ਕਰਿਆ ਹੈ ਤੇ ਜੁਰਮ ਦੀ ਸਜ਼ਾ ਭੁਗਤਣਾ ਮੇਰਾ ਧਰਮ ਹੈ। ਰਾਜੇ ਦੇ ਪਾਸ ਆ ਗਿਆ। ਰਾਜੇ ਨੇ ਦੂਰੋਂ ਦੇਖਿਆ, ਕਚਹਿਰੀ 'ਚ

ਬੈਠਿਆ ਸੀ ਰਾਜਾ। ਦੇਖੀ ਜਾਂਦਾ ਹੈ, ਆ ਕੇ ਰਾਜੇ ਨੂੰ ਉਸ ਨੇ ਨਮਸਕਾਰ ਕਰੀ ਤੇ ਰਾਜੇ ਕੋਲ ਜਾ ਕੇ ਉਸ ਨੇ ਪੋਟਲੀ ਰੱਖ ਦਿਤੀ।

ਰਾਜਾ ਕਹਿੰਦਾ, "ਸੰਤ ਜੀ! ਨਮਸ਼ਕਾਰ ਕਰਨਾ ਤਾਂ ਮੇਰਾ ਹੱਕ ਸੀ ਪਰ ਮੈਂ ਹੁਣ ਕਰਨੀ ਨਹੀਂ ਤੈਨੂੰ। ਇਹ ਕੀ ਹੈ?"

ਕਹਿੰਦਾ, "ਨੌਂ ਲੱਖਾ ਹਾਰ। ਮਹਾਰਾਜ! ਜਿਹੜੀ ਸਜ਼ਾ ਦੇਣੀ ਹੈ ਦਿਓ।"

ਕਹਿੰਦਾ, "ਮੈਂ ਸਜ਼ਾ ਤਾਂ ਸੋਚ ਕੇ ਦਿਆਂਗਾ ਪਰ ਮੈਨੂੰ ਐਉਂ ਦੱਸ ਤੂੰ ਐਡਾ ਮਹਾਤਮਾ ਹੋ ਕੇ ਹਾਰ ਦੇ ਉਤੇ ਹੀ ਗਿਰ ਗਿਆ?"

ਉਹ ਕਹਿੰਦਾ, "ਆਹੀ ਗੱਲ ਮੈਂ ਪੁਛਣ ਆਇਆ ਹਾਂ ਕਿ ਮੈਂ ਕਿਉਂ ਗਿਰਿਆ ਬੀਤਰਾਗ ਅਵਸਥਾ ਦਾ, ਮੈਨੂੰ ਬ੍ਰਹਮਗਿਆਨ ਹੋਇਆ ਹੋਇਆ।" ਪੱਕਾ ਨਹੀਂ ਸੀ ਅਜੇ ਕੱਚਾ ਸੀ। ਗੱਲਾਂ ਨਾਲ ਤਾਂ ਹੋ ਗਿਆ, ਸਮਝ 'ਚ ਆ ਗਿਆ ਸੀ ਪਰ ਅਜੇ ਜੀਵਨ ਨਹੀਂ ਸੀ ਬਣਿਆ। ਖੋਜ ਕੀਤੀ ਗਈ ਕਿ ਜਿਹੜਾ ਅੰਨ ਆਉਂਦਾ ਸੀ ਰਾਜ ਮਹਿਲਾਂ 'ਚ ਉਹ ਅੰਨ ਸ਼ੁੱਧ ਨਹੀਂ ਸੀ, ਗਲਤ ਥਾਵਾਂ ਤੋਂ ਆਉਂਦਾ ਸੀ, ਖੋਹ ਖਿੰਝ ਕੇ ਲਿਆਂਦਾ ਜਾਂਦਾ ਸੀ ਤੇ ਇਕ ਐਸੇ ਸੂਦਖੋਰ ਦਾ ਅੰਨ ਆਇਆ ਹੋਇਆ ਸੀ ਜਿਹੜਾ ਸੰਤਾਂ ਨੂੰ ਦਿਤਾ ਜਾਂਦਾ ਸੀ।

ਉਹ ਕਹਿੰਦਾ, "ਰਾਜਨ! ਬੱਸ ਐਨਾ ਹੀ ਮੈਂ ਪੁੱਛਣ ਵਾਲਾ ਸੀ। ਮੇਰੀ ਬੁੱਧੀ ਭਰਿਸ਼ਟ ਕਰ ਦਿਤੀ ਓਸ ਅੰਨ ਨੇ।"

ਉਹ ਕਹਿੰਦਾ, "ਹੁਣ?"

ਸਾਧੂ ਕਹਿੰਦਾ, "ਹੁਣ ਮੈਨੂੰ ਐਨੇ ਮਰੋੜ ਲੱਗ ਗਏ ਇਕ ਕਤਰਾ ਵੀ ਨਹੀਂ ਰਿਹਾ ਓਸ ਅੰਨ ਦਾ ਮੇਰੇ ਅੰਦਰ।"

ਸਾਧ ਸੰਗਤ ਜੀ! 12 ਸਾਲ ਅਸਰ ਰਹਿੰਦਾ ਹੈ ਆਦਮੀ ਦੇ ਉਤੇ। ਜਿਸ ਨੇ ਅੱਜ ਮਾਸ ਖਾਧਾ, ਸ਼ਰਾਬ ਪੀਤੀ ਹੈ। 12 ਸਾਲ ਬਾਅਦ ਉਸ ਦੇ ਜਿਹੜੇ ਅਣੂ ਨੇ, ਸਰੀਰ ਦੇ ਅੰਦਰ ਸੈਲ ਬਾਰ੍ਹੀਂ ਸਾਲੀਂ ਮਰਦੇ ਨੇ। ਮਹਾਤਮਾ ਦੇ ਕੋਲ ਜੋ ਆਉਂਦੇ ਸੀ ਉਹ 12 ਸਾਲ ਬਾਅਦ ਜੋਗ ਦਿੰਦੇ ਸੀ, 12 ਸਾਲਾਂ ਬਾਅਦ ਉਸ ਨੂੰ ਕੋਈ ਨਾਮ ਦਿੰਦੇ ਸੀ। ਪਹਿਲਾਂ ਸੇਵਾ ਕਰਾ ਕੇ ਉਸ ਦਾ ਜਿਹੜਾ ਅਸਰ ਸੀ ਉਹ ਖਤਮ ਕਰਦੇ ਸੀ।

ਸੋ ਇਸ ਤਰ੍ਹਾਂ ਦੇ ਨਾਲ ਉਸ ਅੰਨ ਦਾ ਅਸਰ ਖਤਮ ਹੁੰਦਾ ਸੀ। ਸੋ ਮਹਾਰਾਜ ਨੇ ਹਟਾ ਦਿਤਾ, ਕੋਈ ਨਹੀਂ ਉਸ ਨੇ ਗੌਲਿਆ ਕਿਉਂਕਿ –

***ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥***

***ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥***

***ਅੰਗ – 51***

ਬਹੁਤ ਔਖੀ ਹੈ ਚਾਕਰੀ ਕਰਨੀ ਐਉਂ ਪੜ੍ਹ ਲਓ –

***ਧਾਰਨਾ – ਗੱਲਾਂ ਵਾਲੇ ਹੈਨ ਘਨੇਰੇ,***
***ਚਾਕਰ ਕੋਈ ਕੋਈ ਹੈ – 2, 2.***

***ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥***
***ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥***
***ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥***
***ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥***

***ਅੰਗ – 474***

ਸੋ ਭਾਈ ਮੰਝ ਮੁਰਦੇ ਵਾਂਗ ਹੋ ਕੇ ਸੇਵਾ ਕਰ ਰਿਹਾ ਹੈ, ਨਾ ਉਸ ਨੂੰ ਪ੍ਰਸੰਸਾ ਦਾ, ਨਾ ਦੂਸਰਾ ਕੋਈ ਅਸਰ ਹੀ ਹੁੰਦਾ ਹੈ। ਗੁਰੂ ਦੀ ਸੇਵਾ 'ਚ ਮਸਤ ਹੋਇਆ ਹੋਇਆ ਗੁਰੂ ਦੇ ਪਿਆਰ 'ਚ ਜੀਉਂ ਰਿਹਾ ਹੈ। ਸੇਵਾ ਕਰ ਰਿਹਾ ਹੈ ਵੱਧ ਚੜ੍ਹ ਕੇ, ਕੋਈ ਪਰਵਾਹ ਨਹੀਂ ਜੇ ਲੰਗਰ 'ਚੋਂ ਪ੍ਰਸਾਦਾ ਬੰਦ ਹੋ ਗਿਆ। ਕਿਸੇ ਨੇ ਆਵਾਜ਼ ਮਾਰ ਕੇ ਕਹਿ ਦਿਤਾ, "ਭਾਈ ਮੰਝ! ਪ੍ਰਸ਼ਾਦਾ ਲੈ ਲੈ।" ਓਥੇ ਹੀ ਖੜ੍ਹ ਕੇ ਛਕ ਲੈਣਾ। ਕੋਈ ਸ਼ਿਕਵਾ ਨਹੀਂ ਕਿਸੇ ਨਾਲ ਗੱਲ ਨਹੀਂ ਕਰਨੀ ਕਿ ਮੈਨੂੰ ਤਾਂ ਕੱਲ੍ਹ ਪ੍ਰਸ਼ਾਦਾ ਹੀ ਨਹੀਂ ਮਿਲਿਆ ਕਿਸੇ ਨੇ ਦਿਤਾ ਹੀ ਨਹੀਂ, ਨਾ ਮੰਗਣ ਜਾਣਾ ਹੈ। ਇਸ ਤਰ੍ਹਾਂ ਬਹੁਤ ਘਾਲ ਔਖੀ ਹੋ ਗੀ। ਸਮਾਂ ਲੰਘ ਗਿਆ। ਸਾਲ ਭਰ ਲੰਘ ਗਿਆ ਡੇਢ ਸਾਲ ਲੰਘ ਗਿਆ।

ਅੱਜ ਗੁਰੂ ਮਹਾਰਾਜ ਬਾਹਰ ਕਿਸੇ ਨਗਰ 'ਚ ਗਏ ਹੋਏ ਨੇ, ਸੰਗਤਾਂ ਨਾਲ ਨੇ। ਇਹ ਵੀ ਸਵੇਰ ਤੋਂ ਗਿਆ ਹੋਇਆ ਬਾਲਣ ਵੱਢਣ, ਜੰਗਲ 'ਚ ਜਾ ਕੇ ਸੁੱਕਾ-ਸੁੱਕਾ ਬਾਲਣ ਇਕੱਠਾ ਕਰਿਆ ਭਰਾ ਬੰਨ੍ਹ ਲਿਆ। 4 ਵਜੇ ਜਦੋਂ ਵਾਪਸ ਮੁੜਿਆ, ਉਸ ਵੇਲੇ ਬਹੁਤ ਕਾਲੀ ਬੋਲੀ ਹਨ੍ਹੇਰੀ ਐਨੀ ਤੇਜ਼ ਆ ਗਈ, ਕਸਵੱਟੀ ਹੋਰ ਤੇਜ਼ ਕਰ ਦਿਤੀ ਮਹਾਰਾਜ ਨੇ ਕਿਉਂਕਿ –

***ਭੈ ਵਿਚਿ ਪਵਣੁ ਵਹੈ ਸਦਵਾਉ॥***
***ਭੈ ਵਿਚਿ ਚਲਹਿ ਲਖ ਦਰੀਆਉ॥ ਅੰਗ – 464***

ਆਪਣੇ ਆਪ ਨਹੀਂ ਆਈ ਮਹਾਰਾਜ ਜੀ ਨੇ ਲਿਆਂਦੀ। ਸਿੱਖ ਦਾ ਹੋਰ ਪ੍ਰੀਖਿਆ ਕਰਨਾ ਸੀ ਕਿ ਕਿੰਨਾ ਕੁ ਸਹਿ ਸਕਦਾ ਹੈ। ਉਸ ਵੇਲੇ ਉਸ ਨੂੰ ਚੁੱਕ ਕੇ ਹਵਾ ਨੇ ਰਸਤਾ ਹੀ ਭੁਲਾ ਦਿਤਾ ਹੋਰ ਪਾਸੇ ਨੂੰ ਹੀ ਜਾਈ ਜਾਂਦਾ ਹੈ।

ਅੱਗੇ ਜਦੋਂ ਗਿਆ ਉਸ ਵੇਲੇ ਬੋੜਾ ਖੂਹ (ਬਿਨਾਂ ਮੌਣ ਤੋਂ' ਜਿਸ ਨੂੰ ਕਹਿੰਦੇ ਨੇ, ਅੰਨ੍ਹਾ ਖੂਹ ਜਿਸ ਦੇ ਮੌਣ ਨਹੀਂ ਹੁੰਦੀ। ਦਿਸਦਾ ਕੁਝ ਹੈ ਨਹੀਂ ਟੋਹ-ਟੋਹ ਕੇ ਚਲਦਾ ਹੈ ਉਥੇ ਜਦੋਂ ਆ ਕੇ ਇਕ ਪੈਰ ਰੱਖਿਆ, ਦੂਜਾ ਚੁਕਿਆ ਤਾਂ ਧੜੰਮ ਖੂਹ ਦੇ ਵਿਚ। ਹਨ੍ਹੇਰਾ ਪਿਆ ਹੋਇਆ, ਰਾਤ ਪਈ ਹੋਈ ਹੈ ਬਿਲਕੁਲ, ਹੈ ਦਿਨ। ਹੁਣ –

***ਘਟ ਘਟ ਕੇ ਅੰਤਰ ਕੀ ਜਾਨਤ***
***ਭਲੇ ਬੁਰੇ ਕੀ ਪੀਰ ਪਛਾਨਤ॥***

ਗੁਰੂ ਤੋਂ ਸਿੱਖ ਕਦੇ ਓਹਲੇ ਨਹੀਂ ਹੁੰਦਾ, ਹਰ ਵਕਤ ਨਿਗ੍ਹਾ 'ਚ ਰਖਦਾ ਹੈ। ਉਸੇ ਵੇਲੇ ਗੁਰੂ ਮਹਾਰਾਜ ਇਕ ਦਮ ਸੰਗਤਾਂ 'ਚ ਬੈਠੇ ਸੀ, ਸਿੰਘਾਸਣ ਤੋਂ ਉਠੇ ਇਕ ਦਮ ਕਾਹਲੀ ਦੇ ਨਾਲ ਬਾਹਰ ਨਿਕਲ ਕੇ।

ਕਹਿੰਦੇ, "ਜਲਦੀ ਨਾਲ ਰੱਸੇ ਲੈ ਕੇ ਸਾਡੇ ਪਿੱਛੇ ਆ ਜਾਓ।"

ਪਤਾ ਲਗ ਗਿਆ ਕਿ ਗੁਰੂ ਮਹਾਰਾਜ ਕਿਤੇ ਜਾ ਰਹੇ ਨੇ ਕਿਉਂਕਿ ਗੁਰੂ ਦਾ ਬਿਰਧ ਹੈ ਸਾਧ-ਸੰਗਤ ਜੀ! ਫਰਜ਼ ਹੋਇਆ ਕਰਦਾ ਹੈ ਐਉਂ ਪੜ੍ਹ ਲਓ –

***ਧਾਰਨਾ – ਅਉਖੀ ਘੜੀ ਨ ਦੇਖਣ ਦੇਵੇ,***
***ਆਪਣਾ ਬਿਰਧ ਸੰਭਾਲਦੈ – 2, 2.***
***ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥***
***ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੈ॥***
***ਅੰਗ – 682***

ਹਰ ਸੁਆਸ ਦੇ ਉਤੇ ਨਿਗ੍ਹਾ ਹੈ ਗੁਰੂ ਦੀ। ਇੱਧਰ ਇਹ ਖੂਹ 'ਚ ਗਿਰਦਾ ਹੈ ਉਧਰ ਮਹਾਰਾਜ ਜੀ ਉਸੇ ਵੇਲੇ ਉਠ ਕੇ ਖੜ੍ਹੇ ਹੋ ਗਏ। ਕਹਿੰਦੇ ਲੱਜਾਂ ਲਿਆਓ ਸਾਡੇ ਕੋਲ। ਜਿਹੜਾ ਘੋੜੇ ਦੀ ਸੇਵਾ ਕਰਦਾ ਸੀ ਕਹਿੰਦਾ, "ਮਹਾਰਾਜ ਸੱਚੇ ਪਾਤਸ਼ਾਹ! ਘੋੜਾ ਆ ਰਿਹਾ ਹੈ, ਇਸ ਦੇ ਉਤੇ ਆਪ ਬਿਰਾਜੋ।" ਦੂਜਾ ਜੋੜੇ ਵਾਲਾ ਜੋੜਾ ਚੁਕੀ ਜਾਂਦਾ ਹੈ, ਮਹਾਰਾਜ! ਜੋੜਾ ਆ ਰਿਹਾ ਹੈ।" ਨਹੀਂ ਮਹਾਰਾਜ ਸੁਣਦੇ ਕਿਸੇ ਦੀ। ਖਿਚੇ ਹੋਏ ਚਲੇ ਜਾ ਰਹੇ ਨੇ ਆਪਣੇ ਪਿਆਰੇ ਸਿੱਖ ਨੂੰ ਕੋਈ ਨੁਕਸਾਨ ਨਹੀਂ ਪਹੁੰਚਣ ਦਿੰਦੇ। ਐਉਂ ਪੜ੍ਹ ਲਓ –

ਧਾਰਨਾ – ਹਰਿ ਜੀ ਛੱਡ ਕੇ ਸਿੰਘਾਸਨ ਆ ਗਏ, ਬੰਨ੍ਹੇ ਹੋਏ ਸੱਚੇ ਪਿਆਰ ਦੇ – 2, 2.

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥***
***ਅੰਗ – 403***

ਕਹਿੰਦੇ ਪੂਰੇ ਜ਼ੋਰ ਨਾਲ ਜਾਂਦਾ ਹੈ ਇਕ ਸਕਿੰਟ ਦੀ ਦੇਰੀ ਨਹੀਂ ਕਰ ਸਕਦਾ। ਘੋੜੇ ਵਾਲਾ ਮਿੰਨਤਾਂ ਕਰੀ ਜਾਂਦਾ ਹੈ, ਬੇਨਤੀਆਂ ਕਰਦਾ ਹੈ, "ਪਾਤਸ਼ਾਹ! ਘੋੜੇ ਤੇ ਚੜ੍ਹ ਜਾਓ।" ਜੋੜੇ ਵਾਲਾ ਕਹਿੰਦਾ ਹੈ, "ਪਾਤਸ਼ਾਹ! ਦੇਖੋਂ ਕਿੰਨੇ ਰੋੜੇ ਨੇ, ਕਿੰਨੇ ਕੰਡੇ ਨੇ। ਆਪ ਕਦੇ ਵੀ ਨੰਗੇ ਪੈਰੀ ਨਹੀਂ ਚੱਲੇ ਜੋੜਾ ਤਾਂ ਪਾ ਲਓ।"

ਨਾਂਹ ਕਿਸੇ ਦੀ ਨਹੀਂ ਮਹਾਰਾਜ ਸੁਣਦੇ। ਪਿੱਛੇ ਰੱਸੀਆਂ ਰੱਸੇ ਲੈ ਕੇ ਨੱਠੇ ਆ ਰਹੇ ਨੇ। ਖੂਹ ਦੇ ਕੋਲ ਜਾ ਕੇ ਰੁਕ ਗਏ ਆਪ। ਅਜੇ ਵੀ ਮਹਾਰਾਜ ਨੇ ਆਵਾਜ਼ ਨਹੀਂ ਦਿਤੀ, ਅਜੇ ਹੋਰ ਕੁਝ ਸੁਣਨਾ ਚਾਹੁੰਦੇ ਨੇ। ਉਸ ਵੇਲੇ ਨਾਲ ਦੇ ਰੱਸੇ ਲੈ ਕੇ ਆ ਗਏ।

ਹੌਲੀ ਜਿਹੀ ਮਹਾਰਾਜ ਨੇ ਕਿਹਾ, "ਪੁੱਛੋ।"

ਆਵਾਜ਼ ਦਿਤੀ, "ਭਾਈ ਗੁਰਮੁਖਾ! ਸਤਿਨਾਮ ਵਾਹਿਗੁਰੂ! ਸਤਿਨਾਮ ਵਾਹਿਗੁਰੂ!! ਕਰਨ ਵਾਲਾ ਤੂੰ ਕੌਣ ਹੈਂ?" ਆਪਣੀ ਜਾਣ ਪਛਾਣ ਦੇਹ।"

ਕਹਿਣ ਲੱਗਿਆ, "ਗੁਰਮੁਖ ਪਿਆਰਿਓ! ਮੈਂ ਗੁਰੂ ਅਰਜਨ ਪਾਤਸ਼ਾਹ ਦਾ ਇਕ ਗਰੀਬੜਾ ਜਿਹਾ, ਅਧਨਾ ਜਿਹਾ ਸਿੱਖ ਹਾਂ।"

ਕਹਿੰਦੇ, "ਇਥੇ ਕਿਵੇਂ ਹੈ?"

ਕਹਿੰਦਾ, "ਬਾਲਣ ਲੈ ਕੇ ਆਇਆ ਸੀ, ਹਨ੍ਹੇਰੀ ਆ ਗਈ। ਮੈਨੂੰ ਪਤਾ ਨਾ ਰਿਹਾ ਰਸਤੇ ਦਾ ਤੇ ਮੈਂ ਇਸ ਦੇ ਵਿਚ ਗਿਰ ਗਿਆ।"

ਕਹਿੰਦੇ, ਰੱਸੇ ਅਸੀਂ ਵਗ੍ਹਾਉਂਦੇ ਹਾਂ। ਆਹ ਫੜ ਰੱਸਾ ਬਾਹਰ ਆ ਜਾਹ।"

ਕਹਿੰਦਾ, "ਗੁਰਮੁਖੋਂ ਜੇ ਤੁਸੀਂ ਐਨਾ ਉਪਕਾਰ ਕਰਨ ਲੱਗੇ ਹੋ ਤਾਂ ਮੈਨੂੰ ਨਾ ਪਹਿਲਾਂ ਕੱਢੋ। ਮੇਰੇ ਸਿਰ ਦੇ ਉਤੇ ਗੁਰੂ ਕੇ ਲੰਗਰ ਦੇ ਵਾਸਤੇ ਸੁੱਕਾ ਬਾਲਣ ਚੁੱਕਿਆ ਹੋਇਆ ਹੈ।

ਅਸੀਂ ਕੀ ਕਰਦੇ ਜੇ ਭਲਾਂ ਹੋ ਵੀ ਜਾਂਦੀ ਇਹ ਗੱਲ ਬਾਲਣ ਤਾਂ ਰੱਖਣਾ ਸੀ ਪਾਣੀ ਵਿਚ ਤੇ ਆਪ ਉਤੇ ਖੜ੍ਹੇ ਹੋਣਾ ਸੀ। ਪਾਣੀ ਵੀ ਗਲ ਤੱਕ ਹੈ ਖੂਹ ਦੇ ਵਿਚ। ਆਹ ਗੱਲ ਨਹੀਂ ਸੀ ਅਸੀਂ ਕਰਨੀ ਉਤੇ ਖੜ੍ਹ ਜਾਣਾ ਸੀ ਭਰੇ ਦੇ। ਨਾਹ, ਭਾਈ ਮੰਝ ਦੇ ਮੁੱਖ 'ਚੋਂ ਵਿਚੇ ਤਾਂ ਸਤਿਨਾਮੁ ਦਾ ਆਵਾਜਾ ਆਉਂਦਾ ਹੈ, ਨਾਲੇ ਭਰਾ ਚੁੱਕਿਆ ਹੋਇਆ ਹੈ ਸਿਰ ਤੇ।

ਉਸ ਵੇਲੇ ਕਹਿੰਦੇ, "ਤੂੰ ਨਿਕਲ ਆ।"

ਕਹਿੰਦੇ, "ਨਹੀਂ ਮੈਂ ਗੁਰੂ ਕੇ ਲੰਗਰ ਦਾ ਬਾਲਣ ਲੈ ਕੇ ਆਇਆ ਹਾਂ, ਸੁੱਕਾ ਹੈ, ਅਜੇ ਤੱਕ ਸੁੱਕਾ ਹੈ।"

ਉਸ ਵੇਲੇ ਇਕ ਰੱਸਾ ਉਸ ਨੂੰ ਫੜਾਇਆ, ਦੂਜਾ ਰੱਸਾ ਫੜਾ ਕੇ ਕਿਹਾ ਕਿ ਇਸ ਨੂੰ ਬਾਲਣ ਬੰਨ੍ਹ ਦੇਹ, ਬਾਹਰ ਕੱਢ ਲਿਆ। ਜਿਸ ਵਕਤ ਸਾਮ੍ਹਣੇ ਦੇਖਿਆ ਗੁਰੂ ਮਹਾਰਾਜ ਖੜ੍ਹੇ ਨੇ। ਗੁਰੂ ਮਹਾਰਾਜ ਨੂੰ ਦੇਖਦੀਸਾਰ ਐਨਾ ਵੈਰਾਗ ਆਇਆ ਸਾਂਭਿਆ ਨਹੀਂ ਜਾਂਦਾ। ਮਹਾਰਾਜ ਨੇ ਬੁੱਕਲ 'ਚ ਲੈ ਲਿਆ। ਨਾਲ ਦੀ ਨਾਲ ਆਪ ਨੇ ਐਸਾ ਬਚਨ ਕਿਹਾ ਪੜ੍ਹੋ ਪਿਆਰ ਨਾਲ –

***ਧਾਰਨਾ – ਮੰਝ ਪਿਆਰਾ ਗੁਰੂ ਨੂੰ, ਗੁਰੂ ਮੰਝ ਪਿਆਰਾ।***
***ਮੰਝ ਗੁਰ ਕਾ ਬੋਹਿਥਾ, ਜਗ ਲੰਘਣਹਾਰਾ।***

ਬੁੱਕਲ 'ਚ ਲੈ ਲਿਆ, ਮਹਾਰਾਜ ਜੀ ਦੇ ਵੀ ਨੇਤਰਾਂ

'ਚੋਂ ਜਲ ਜਾ ਰਿਹਾ ਹੈ, ਇਸ ਦੇ ਵੀ ਚਲ ਰਿਹਾ ਹੈ। ਪਿਆਰ ਦੀ ਬਾਤ ਹੋਰ ਹੋਇਆ ਕਰਦੀ ਹੈ, ਦੂਜੀਆਂ ਬਾਤਾਂ ਹੋਰ ਹੋਇਆ ਕਰਦੀਆਂ ਹਨ। ਇਸ ਨੂੰ ਵਾਤਸਲ ਪਿਆਰ ਕਹਿੰਦੇ ਨੇ। ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਆ! ਮੰਗ ਗੁਰੂ ਤੋਂ ਜੋ ਮੰਗੇਗਾ ਅੱਜ ਤੈਨੂੰ ਗੁਰੂ ਤੋਂ ਦਿਵਾ ਦਿਆਂਗੇ। ਉਸ ਵੇਲੇ ਉਸ ਨੇ ਬੇਨਤੀ ਕਰੀ।

ਕਹਿੰਦਾ, "ਪਾਤਸ਼ਾਹ! ਕਲਜੁਗ ਦਾ ਸਮਾਂ ਹੈ, ਸਿੱਖ ਦੇ ਵਿਚ ਐਨੀ ਤਾਕਤ ਨਹੀਂ ਹੈ ਕਿ ਉਹ ਆਪ ਦੀ ਕਸਵੱਟੀ ਸਹਿ ਜਾਵੇ। ਬੜਾ ਮੁਸ਼ਕਲ ਹੈ ਅੱਗੇ ਸਿੱਖ ਕੱਚੇ ਨਿਸ਼ਚਿਆਂ ਦੇ ਆਉਣਗੇ, ਗਰਜਾਂ ਦੇ ਆਉਣਗੇ। ਜੇ ਤਾਂ ਗੁਰੂ ਲੋੜ ਪੂਰੀ ਕਰੀ ਜਾਏਗਾ, ਕਰੀ ਜਾਏਗਾ ਫੇਰ ਤਾਂ ਸਿੱਖ, ਨਹੀਂ ਤਾਂ ਛੱਡ ਕੇ ਓਹ ਜਾਣਗੇ, ਭਰੋਸਾ ਵੀ ਕੱਚਾ, ਰਿਸ਼ਤਾ ਵੀ ਕੱਚਾ।

ਪਾਤਸ਼ਾਹ! ਰਿਆਇਤੀ ਨੰਬਰ ਦੇ ਕੇ ਪਾਸ ਕਰ ਦਿਓ।"

ਮਹਾਰਾਜ ਕਹਿੰਦੇ, "ਭਾਈ ਮੰਝ! ਅਸੀਂ ਜੋ ਤਾਓ ਦਿੱਤਾ ਹੈ, ਤੈਨੂੰ ਆਪਣਾ ਰੂਪ ਬਣਾਇਆ ਹੈ, ਤੈਨੂੰ ਪ੍ਰਮੇਸ਼ਰ ਦਾ ਰੂਪ ਬਣਾ ਦਿਤਾ। ਤੇਰੇ ਤੇ ਮੇਰੇ ਵਿਚ ਹੁਣ ਕੋਈ ਫਰਕ ਨਹੀਂ ਰਿਹਾ ਪਰ ਪਿਆਰਿਆ ਜੇ ਸੋਨੇ ਵਿਚ ਮੈਲ ਹੋਵੇ ਤਾਂ ਚੰਗੀ ਨਹੀਂ ਲਗਦੀ। ਉਹ ਬਾਰ-ਬਾਰ ਤਾਓ ਦੇ ਕੇ ਸ਼ੁੱਧ ਸੋਨਾ ਬਾਰਾਂ ਬੰਨੀ ਦਾ ਬਣਦਾ ਹੈ। ਗੁਰਸਿੱਖ ਤਾਂ ਪੂਰਾ ਉਤਰਦਾ ਹੈ ਜੇ ਕਸਵੱਟੀ ਦੇ ਵਿਚ ਪਾਸ ਹੋ ਜਾਵੇ। ਇਹ ਤਾਂ ਅਸੀਂ ਗੁਰਸਿੱਖ ਦੇ ਭਲੇ ਵਾਸਤੇ ਹੀ ਕਰਦੇ ਹਾਂ।

ਕਹਿੰਦਾ, "ਸੱਚੇ ਪਾਤਸ਼ਾਹ! ਫੇਰ ਵੀ ਆਪ ਰਹਿਮਤ ਕਰੋ। ਸਮਰੱਥ ਹੋ ਆਪ, ਸਭ ਕੁਝ ਕਰ ਸਕਦੇ ਹੋ।"

ਕਹਿੰਦੇ, "ਜਾਹ ਭਾਈ ਮੰਝ! ਤੈਨੂੰ ਅਸੀਂ ਜਹਾਜ਼ ਬਣਾਇਆ, ਲੰਘਾ ਦੇ ਸੰਗਤਾਂ ਨੂੰ ਜਿੰਨੀਆਂ ਨੂੰ ਲੰਘਾ ਸਕਦਾ ਹੈਂ ਪਾਰ ਕਰਦੇ ਭਵਜਲ ਤੋਂ ਤੇਰੀ ਸਿੱਖੀ ਪ੍ਰਵਾਨ ਹੋਈ। ਤੂੰ ਪ੍ਰਵਾਨ ਰੂਹਾਂ 'ਚ ਆ ਗਿਆ। ਜਾਹ ਹੁਣ ਇਹ ਅਸੀਂ ਹੀ ਤੇਰੇ ਤੇ ਪਰਚਾ ਪਾਇਆ ਹੋਇਆ ਸੀ। ਤੇਰੀ ਜਾਇਦਾਦ ਵੀ ਸਾਰੀ ਸਭ ਤੈਨੂੰ ਹੁਣ ਮਿਲ ਜਾਣੀ ਹੈ, ਉਹ ਸਾਡਾ ਹੀ ਖੇਲ੍ਹ ਰਚਿਆ ਹੋਇਆ ਸੀ। ਰਿੱਧੀਆਂ-ਸਿੱਧੀਆਂ ਦੇ ਭੰਡਾਰੇ ਸਾਰੇ ਤੇਰੇ ਹਵਾਲੇ ਕਰਦੇ ਹਾਂ, ਬ੍ਰਹਮਗਿਆਨ ਦੇ ਭੰਡਾਰੇ ਤੇਰੇ ਹਵਾਲੇ ਕਰਦੇ ਹਾਂ। ਆਪ ਤਾਂ ਤਰਨਾ ਹੀ ਸੀ ਤੂੰ ਹੁਣ ਹਜ਼ਾਰਾਂ ਨੂੰ, ਲੱਖਾਂ ਨੂੰ ਤਾਰੀਂ।"

ਸੋ ਉਹ ਜਿਸ ਵਕਤ ਵਾਪਸ ਆਉਂਦੇ ਨੇ ਜਿੱਥੇ ਲੜਕੀ ਤੇ ਘਰਵਾਲੀ ਬੰਧੂਆਂ ਮਜ਼ਦੂਰੀ ਤੇ ਸੀ ਉਹ ਵੀ ਪਛਤਾ ਰਹੇ ਨੇ ਕਿ ਅਸੀਂ ਕਿੰਨਾ ਮਾੜਾ ਕੰਮ ਕਰਿਆ ਤੇ ਇਕ ਮਹਾਤਮਾ ਦੀ ਲੜਕੀ ਤੋਂ ਸੇਵਾ ਕਰਾਈ, ਓਸ ਦੀ ਧਰਮ ਪਤਨੀ ਤੋਂ ਸੇਵਾ ਕਰਾਈ। ਓਧਰ ਪਿੰਡ ਵਾਲਿਆਂ ਨੂੰ ਹੋਸ਼ ਆਈ, ਬਰਕਤ ਹੀ ਨਿਕਲ ਗਈ, ਉਜਾੜ ਹੋ ਗਿਆ ਪਿੰਡ, ਕਲਜੁਗ ਦਾ ਵਾਸਾ ਹੋ ਗਿਆ। ਬੈਠ ਕੇ ਕਹਿਣ ਲੱਗੇ ਬੜਾ ਮਾੜਾ ਕੰਮ ਕਰਿਆ, ਇਕ ਸਾਧੂ ਨੂੰ ਧੱਕੇ ਦੇ ਕੇ ਪਿੰਡ 'ਚੋਂ ਅਸੀਂ ਕੱਢਿਆ। ਜਾਓ ਮਨਾ ਕੇ ਲਿਆਓ, ਜਿਥੇ ਵੀ ਹੈ। ਭਾਈ ਮੰਝ ਆ ਜਾਂਦੇ ਨੇ, ਉਨ੍ਹਾਂ ਨੇ ਵੀ ਮਾਫੀ ਮੰਗੀ। ਭਾਈ ਮੰਝ ਕਹਿੰਦੇ ਕੋਈ ਗੱਲ ਨਹੀਂ ਮਾਫੀ ਦੀ, ਕਿਹੜੀ ਹੈ? ਤੁਹਾਡੀ ਬਦੋਲਤ ਹੀ ਮੈਨੂੰ ਗੁਰੂ ਸਾਹਿਬ ਨੇ ਪ੍ਰਵਾਨ ਕਰਿਆ। ਪਿੰਡ ਵਾਲਿਆਂ ਨੇ ਕਿਹਾ ਕਿ ਅਸੀਂ ਬਹੁਤ ਬੁਰੀ ਕਰੀ ਤੇਰੇ ਨਾਲ। ਹੁਣ ਐਉਂ ਕਰ ਤੂੰ ਇਕੱਲਾ ਨਾ ਤਰ; ਸਾਨੂੰ ਵੀ ਓਸ ਗੁਰੂ ਕੋਲ ਲੈ ਚੱਲ ਜਿਥੋਂ ਤੈਨੂੰ ਲਾਗ ਲੱਗੀ ਹੈ। ਓਸ ਵੇਲੇ ਮੰਝਕੀ ਦੇ ਅੰਦਰ ਸਿੱਖੀ ਦਾ ਪ੍ਰਵਾਹ ਚਲ ਪਿਆ। ਅੱਜ ਵੀ ਜਿਹੜੇ ਟੁੱਟੇ ਹੋਏ ਨੇ ਆਪਣੇ ਬਜ਼ੁਰਗ ਨੂੰ ਯਾਦ ਕਰੋ। ਤੁਹਾਡਾ ਬਜ਼ੁਰਗ ਹੈ, ਹੈ ਸਾਰਿਆਂ ਦਾ ਸਾਡਾ ਵੀ ਸਾਂਝਾ ਹੈ, ਅਸੀਂ ਵੀ ਯਾਦ ਕਰਦੇ ਹਾਂ। ਵਾਸਤਾ ਪਾਓ ਕਿ ਅਸੀਂ ਸਿੱਖੀ ਨਾਲੋਂ ਟੁੱਟ ਗਏ, ਅਸੀਂ ਪਿੱਠ ਦੇ ਗਏ ਗੁਰੂਆਂ ਨੂੰ। ਪਾਤਸ਼ਾਹ! ਸਾਨੂੰ ਮੁੜ ਕੇ ਸਿੱਖੀ 'ਚ ਦਾਖਲ ਕਰ ਲੈ, ਸਾਡੇ ਬਜ਼ੁਰਗ ਦੀ ਬਦੌਲਤ ਕਰ ਲੈ।

ਸੋ ਇਸ ਤਰ੍ਹਾਂ ਸਾਧਸੰਗਤ ਜੀ! ਆਪਾਂ ਛੇ ਦਿਨ ਤੋਂ ਲਗਾਤਾਰ ਏਸ ਜੀਵਨ ਨੂੰ ਵਿਚਾਰਿਆ ਹੈ। ਕਿੱਥੇ ਓਹ ਵੇਲਾ ਸੀ ਜਦੋਂ ਇਹ ਕਬਰਾਂ ਨੂੰ ਮੰਨਦੇ ਸੀ, ਕਿੱਥੇ ਓਹ ਵੇਲਾ ਆ ਗਿਆ ਅੱਜ ਵੀ ਓਨਾਂ ਹੀ ਅਸਰ ਹੁੰਦਾ ਹੈ ਉਨ੍ਹਾਂ ਨੂੰ ਯਾਦ ਕਰਕੇ, ਜਿੰਨਾ ਓਸ ਵੇਲੇ ਹੁੰਦਾ ਸੀ। ਲੱਖਾਂ ਦੀ ਤਾਦਾਦ 'ਚ ਉਨ੍ਹਾਂ ਨੂੰ ਯਾਦ ਕਰ-ਕਰ ਸਿੱਖ ਲੰਘ ਗਏ, ਭਜਵਲ ਪਾਰ ਹੋ ਗਏ।

ਸੋ ਜੋ ਅੱਜ ਆਪ ਨੇ ਸਰਵਣ ਕਰਿਆ ਹੈ, ਮੈਂ ਵੀ ਕਰਿਆ ਹੈ। ਮਹਾਰਾਜ ਸਾਡੇ ਤੇ ਕ੍ਰਿਪਾ ਕਰਨ ਸਾਨੂੰ ਆਪਣਾ ਪਿਆਰ ਬਖਸ਼ਣ, ਅਸੀਂ ਬਹੁਤ ਭੁੱਲ ਚੁੱਕੇ ਹਾਂ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚੋਂ ਬੋਲੋ ਤੇ ਫੇਰ ਗੁਰੂ ਸਤੋਤਰ ਵੀ ਗੱਜ ਵੱਜ ਕੇ ਬੋਲੋ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ – 49)*

ਇਸਦੇ ਦੋ ਪੱਖ ਹਨ। ਇਕ ਤਾਂ ਬਾਣੀ ਦਾ ਪਾਠ ਆਪਣੇ ਕਲਿਆਣ ਲਈ ਕਰਨਾ। ਬਾਣੀ ਵਾਸ਼ਨਾ ਨੂੰ ਰੋਕਣ ਵੱਲ ਤੇ ਵੱਸ ਵਿਚ ਕਰਨ ਵਲ ਲਾਵੇਗੀ। ਬਾਣੀ ਸਿਫਤ ਤੇ ਸਲਾਹ ਨਾਲ ਤੁਸਾਡੇ ਅੰਦਰ ਵਾਹਿਗੁਰੂ ਦਾ ਪ੍ਰੇਮ ਪੈਦਾ ਕਰੇਗੀ। ਪ੍ਰਮੇਸ਼ੂਰ ਨਾਲ ਪ੍ਰੇਮ ਦੀ ਰੰਗਣ ਉਪਜਾਵੇਗੀ। ਦੂਸਰੇ, ਵਾਹਿਗੁਰੂ ਨਾਮ ਦਾ ਜਪਣਾ, ਪਰ ਇਹ ਮਨੋਰਥ ਧਾਰ ਕੇ ਜਪਣਾ ਕਿ ਇਹ ਨਾਮ ਸਾਂਈਂ ਮਾਲਕ ਦਾ ਲਖਾਯਕ ਹੈ, ਇਸ ਨਾਲ ਸਾਡੇ ਅੰਦਰ ਮਾਲਕ ਦੀ ਯਾਦ ਨੇ ਵੱਸਣਾ ਹੈ। ਜਦੋਂ ਯਾਦ ਪੱਕ ਜਾਂਗੀ ਤਦੋਂ ਸਾਂਈਂ ਤੇ ਸਾਡੇ ਵਿਚੋਂ ਭੁੱਲ ਦੀ ਵਿੱਥ ਕੱਟ ਜਾਏਗੀ। ਫਿਰ ਵਾਹਿਗੁਰੂ ਦੀ ਪਵਿੱਤ੍ਰਤਾ ਤੇ ਉਸਦੇ ਉੱਚ ਗੁਣ ਪ੍ਰੇਮ ਆਦਿ ਸਾਡੇ ਭੁੱਲ ਦੀ ਵਿੱਥ ਕੱਟ ਜਾਏਗੀ। ਫਿਰ ਵਾਹਿਗੁਰੂ ਦੀ ਪਵਿੱਤ੍ਰਤਾ ਤੇ ਉਸਦੇ ਉੱਚ ਗੁਣ ਪ੍ਰੇਮ ਆਦਿ ਸਾਡੇ ਵਿਚ ਪ੍ਰਵੇਸ਼ ਕਰਨਗੇ। ਇਥੋਂ ਤਾਂਈ ਕਿ ਸਾਂਈਂ ਸਾਡੇ ਵਿਚ ਪ੍ਰਤਿਬਿੰਬਤ ਹੋਵੇਗਾ। ਦੇਖੋ ਜੋ ਕੁਛ ਕੋਈ ਚਿਤਵੇ ਓਹੋ ਕੁਛ ਹੋ ਜਾਂਦਾ ਹੈ। ਚੋਰ ਪਹਿਲਾਂ ਚੋਰੀ ਚਿਤਵਦਾ ਹੈ ਤਾਂ ਚੋਰੀ ਦਾ ਅਮਲ ਕਰਦਾ ਹੈ, ਅਮਲ ਕਰ ਕਰਕੇ ਚੋਰ ਰੂਪ ਹੋ ਜਾਂਦਾ ਹੈ। ਤਿਵੇਂ ਗੁਣਾਂ ਦੇ ਸਾਗਰ, ਪ੍ਰੇਮ ਦੇ ਸਮੁੰਦਰ, ਵਾਹਿਗੁਰੂ ਜੀ ਦਾ ਚਿੰਤਨ ਹੈ। ਸੋ ਭਾਈ ਪਹਿਲਾਂ ਬਾਣੀ ਨਾਲ ਪ੍ਰੇਮ ਪਾਇਆ ਤਾਂ ਬਾਣੀ ਨੇ ਮਨ ਵਿਚ ਪਿਆਰ ਪੈਦਾ ਕੀਤਾ। ਇਸ ਚਾਹ ਤੋਂ ਬਾਣੀ ਨੇ ਨਾਮ ਦਾ ਰਸਤਾ ਦਿੱਤਾ। ਨਾਮ ਯਾਦ ਬਣ ਗਿਆ। ਵਾਹਿਗੁਰੂ ਦੀ ਯਾਦ ਪ੍ਰੇਮ ਹੈ, ਪ੍ਰੇਮ ਹੀ ਮੇਲਣਹਾਰ ਹੈ। ਇੱਟਾਂ ਨੂੰ ਚੂਨਾ ਜੋੜਦਾ ਹੈ, ਲੱਕੜੀ ਨੂੰ ਸੁਰੇਸ਼ ਜੋੜਦੀ ਹੈ, ਰੂਹ ਨੂੰ ਰੂਹ ਨਾਲ ਜੋੜਨ ਵਾਲਾ ਮਸਾਲਾ ਪ੍ਰੇਮ ਹੈ। ਹਾਂ ਪ੍ਰੇਮ ਹੈ ਉਹ ਜੋੜਨਹਾਰ ਸੱਤਜਾ ਜੋ ਜੀਵ ਰੂਪੀ ਰੂਹ ਨੂੰ ਪ੍ਰਮਾਤਮਾ ਰੂਪੀ ਮਹਾਨ ਰੂਹ ਨਾਲ ਜੋੜਦੀ ਹੈ।

ਸਾਡੇ ਸਤਿਗੁਰਾਂ ਨੇ ਸਭ ਤੋਂ ਉਤੱਮ ਮਾਰਗ ਰੱਖਿਆ ਹੈ ਵਿਸਮਾਦ ਦਾ। ਜਪੁਜੀ ਵਿਚ ਸਤਿਗੁਰ ਨੇ ਸਾਰੇ ਤਰੀਕੇ ਸਚਿਆਰ ਹੋਣ ਦੇ ਖੰਡ ਕੇ ਆਪਣਾ ਤਰੀਕਾ ਦਸਿਆ ਸੀ 'ਹੁਕਮਿ ਰਜਾਈ ਚਲਣਾ। ਤੇ ਹੁਕਮ ਰਜਾਈ ਚੱਲਣ ਦਾ ਗੁਰਬਾਣੀ ਵਿਚ ਇਹ ਤਰੀਕਾ ਦੱਸਿਆ ਹੈ – 'ਸਿਫਤਿ ਸਾਲਾਹਣ ਤੇਰਾ ਹੁਕਮੁ ਰਜਾਈ। ਤੇ ਸਿਫਤ ਸਲਾਹ ਲੈ ਜਾਂਦੀ ਹੈ ਵਿਸਮਾਦ ਵਿਚ ਤੇ ਵਿਸਮਾਦ ਰਜਾਈ ਵਿਚ, ਇਹ ਹੈ ਪ੍ਰੇਮ ਦੀ ਅਵਧੀ। ਵਿਸਮਾਦ ਦਾ ਸਾਧਨ ਹੈ ਸਿਫਤ ਸਲਾਹ – 'ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ ਸਾਡੇ ਸ਼੍ਰੀ ਗੁਰੂ ਜੀ ਫੁਰਮਾਉਂਦੇ ਹਨ – 'ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਸਾਹੁ॥'' ਫਿਰ ਹੁਕਮ ਹੈ – 'ਨਾਨਕ ਸਿਫਤਿ ਸਲਾਹ ਕਰਿ ਪ੍ਰਭ ਕਾ ਜੈਕਾਰੁ।' ਵਾਹਿਗੁਰੂ ਜੀ ਦੀ ਸਿਫਤ ਸਾਲਾਹ ਨਾਲ ਮੈਲ ਦੂਰ ਹੋ ਜਾਂਦੀ ਹੈ – ''ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ।''

ਸਿਫਤ ਸਾਲਾਹ ਨਾਲ ਹੀ ਮਨ ਤੇ ਸਰੀਰ ਸੁਖੀ ਤੇ ਰਸਮਯ ਹੁੰਦੇ ਹਨ। ''ਨਾਨਕ ਸਿਫਤੀ ਰਤਿਆ ਮਨੁ ਤਨੁ ਹੋਰਿਆ ਹੋਇਆ॥'' ਪਰ ਇਹ ਮਾਰਗ ਹਰ ਕਿਸੇ ਨੂੰ ਨਹੀਂ 'ਸਿਫਤਿ ਸਲਾਹੁਣੁ ਭਗਿਤ ਵਿਰਲੇ ਦਿਤੀਅਨੁ।'

ਸਿਫਤ ਸਲਾਹ ਦਾ ਮਾਰਗ ਕਿਵੇਂ ਹੈ। ਅਰਦਾਸ ਕਰਨੀ, ਵਾਹਿਗੁਰੂ ਦਾ ਜਸ ਕਰਨਾ, ਆਪਣੀ ਆਤਮ ਮੰਗ ਮੰਗਣੀ ਇਹ ਪਹਿਲਾ ਕਦਮ ਹੈ। ਗੁਰਬਾਣੀ ਸਿਫਤ ਸਲਾਹ ਨਾਲ ਭਰੀ ਪਈ ਹੈ। ਸਿਫਤ ਸਲਾਹ ਦੇ ਭੰਡਾਰ ਭਰੇ ਪਏ ਹਨ – 'ਸਿਫਤੀ ਭਰੇ ਤੇਰੇ ਭੰਡਾਰਾ॥' ਗੁਰਬਾਣੀ ਪਿਆਰ ਨਾਲ ਪੜ੍ਹਨੀ ਸਿਫਤ ਸਲਾਹ ਹੈ। ''ਕੀਰਤਨੁ ਨਿਰਮੋਲਕ ਹੀਰਾ।' 'ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥' ਪੁਨਹਿ – ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ॥'

ਨਾਮ ਜੋ ਸਤਿਗੁਰਾਂ ਨੇ ਸਾਨੂੰ ਬਖਸ਼ਿਆ ਹੈ, ਮੰਤ੍ਰਾਂ ਦਾ ਸਿਰ ਮੰਤ੍ਰ ''ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ'' ਸਿਫਤ ਸਲਾਹ ਹੈ। ਵਾਹ ਵਾਹ ਅਕਾਲ ਪੁਰਖ ਦੀ ਸਿਫਤ ਕਰਣੀ ਹੈ, ਸਲਾਹ ਕਰਨੀ ਹੈ; ਧੰਨ ਹੈ, ਧੰਨ ਹੈ। ਕੌਣ ਧੰਨ ਹੈ? ਜੋ ਸਾਡੇ ਅੰਧਕਾਰ ਨੂੰ ਦੂਰ ਕਰਨੇ ਵਾਲੇ – ਗੁਰੂ, ਵਾਹਿਗੁਰੂ। ਲਿਖਿਆ ਹੈ – 'ਵਾਹੁ ਵਾਹੁ ਸਿਫਤਿ ਸਲਾਹ ਹੈ' ਸੋ ਵਾਹਿਗੁਰੂ ਮੰਤ੍ਰ ਜਪਣਾ ਸਿਫਤ ਸਲਾਹ ਕਰਨਾ ਹੈ। ਵਾਹ ਉਸ ਵੇਲੇ ਕਰੀਦਾ ਹੈ ਜਦੋਂ ਵਿਸਮਾਦ ਤੋਂ ਹੇਠਾਂ ਮਨ ਵਿਚ ਮੁੜੀ ਦਾ ਹੈ, ਯਾ ਮਨ ਤੋਂ ਵਿਸਮਾਦ ਵਲ ਨੂੰ ਚੜ੍ਹੀਦਾ ਹੈ। ਸੋ ਇਹ ਮੰਤ੍ਰ ਵਾਹਿਗੁਰੂ ਵਿਸਮਾਦ ਵਿਚ ਚੜਨੇ ਦਾ ਸਾਧਨ ਬਨਾਇਆ ਗਿਆ ਹੈ। ਵਾਹਿਗੁਰੂ ਜਪੀਦਾ ਹੈ, ਤਾਕਿ ਸਿਫਤ ਸਲਾਹ ਦਾ ਮਨ ਨੂੰ ਚਾਉ ਚੜਦਾ ਰਹੇ ਜੋ ਵਧ ਵਧ ਕੇ ਵਿਸਮਾਦ ਬਣ ਜਾਵੇ ਤੇ ਬੇਮਲੂਮ ਸੁਰਤ ਵਿਚੋਂ ਹਉਮੈ ਕਟੀਂਦੀ ਰਹੇ।

***ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥***

***ਅੰਕ – 136***

ਐਉਂ ਹਸਦਿਆਂ ਖਿਡੰਦਿਆਂ ਜਾ ਮਿਲੀਦਾ ਹੈ ਬਾਲ ਸੁਭਾਇ ਅਕਾਲ ਪੁਰਖ ਜੀ ਨੂੰ ਤੇ ਸੁਖੀ ਹੋ ਜਾਈਦਾ ਹੈ ਜੀਉਂਦੇ ਜੀ ਆਪ ਤੇ ਸਰਬਤ ਦਾ ਹੋਣ ਲਗ ਜਾਂਦਾ ਹੈ ਭਲਾ ਸਾਥੋਂ, ਦੱਸੋ ਬਾਕੀ ਕੇਹੜੀ ਗੱਲ ਰਹਿ ਗਈ?

ਸ਼ਰਮ ਸਿੰਘ – ਆਪ ਦੇ ਦਰਸ਼ਨ ਮਾਤ੍ਰ ਨਾਲ ਠੰਢ ਪਈ ਸੀ। ਇਹ ਮੈਂ ਸ਼ੋਭਾ ਕਰਨ ਲਈ ਨਹੀਂ ਪਰ ਸੱਚ

ਆਖਿਆ ਹੈ। ਆਪ ਦੇ ਕਥਨ ਨਾਲ ਸੁਆਦ ਆਇਆ ਹੈ ਤੇ ਹੁਣ ਸਮਝ ਬੀ ਪਈ ਹੈ ਗੱਲ। ਚਾਹੇ ਗਿਆਨੀ ਹੋਣ ਕਰਕੇ ਸਮਝਦਾ ਸਾਂ ਪਹਿਲੇ ਬੀ ਪਰ ਉਹ ਸਮਝ ਸੰਸਿਆਂ ਸੰਯੁਕਤ ਸੀ ਤੇ ਦਿਲ ਬੱਝ ਨਹੀਂ ਸੀ ਖਾਂਦਾ, ਨਾਲੇ ਉਹ ਸਫਾ ਨਹੀਂ ਸੀ ਹੁੰਦੀ ਸਮਝ। ਆਪ ਨੇ ਸਾਫ ਸਾਫ ਕਰਕੇ ਸਮਝਾ ਦਿੱਤਾ ਹੈ, ਪਰ ਅਜੇ ਸਾਨੂੰ ਸੋਝੀ ਨਹੀਂ ਪਈ ਕਿ ਸਾਡੀ ਭੁੱਲ ਕਿਥੇ ਸੀ।

ਨਰਮ ਸਿੰਘ – ਠੀਕ ਏਹੋ ਮੇਰਾ ਹਾਲ ਹੈ। ਸਾਡੀ ਭੁੱਲ ਦਾ ਸਾਨੂੰ ਥਹੁ ਨਹੀਂ ਪੈਂਦਾ।

ਸੰਤ – ਹੁਕਮ ਹੈ 'ਸੁਨਤ ਕਮਾਵਤ ਹੋਤ ਉਧਾਰ' ਭਾਈ! ਨਿਸਤਾਰੇ ਦਾ ਰਾਹ ਇਹ ਹੈ। ਸੁਣਿਆ ਤੇ ਕਮਾਇਆ ਨਾ, ਪੜ੍ਹਿਆ ਤੇ ਕਮਾਇਆ ਨਾ, ਬਾਬਾ ਜੀ ਦਾ ਹੁਕਮ ਹੈ, 'ਸੁਣਿਆ, ਮੰਨਿਆ, ਮਨ ਕੀਤਾ ਭਾਉ॥ ਅੰਤਰਿ ਗਤਿ ਤੀਰਥਿ ਮਲਿ ਨਾਉ॥" ਸੁਣੋਂ, ਮੰਨੋਂ ਭਾਵ ਬਿਸਵਾਸ ਦ੍ਰਿੜ੍ਹ ਕਰਕੇ ਅੰਦਰ ਨਿਸਚੇ ਕਰੋ। ਵਾਰਵਾਰ ਕਮਾਈ ਕਰੋ, ਜੋ ਹਉਂ ਦੀ ਮੈਲ ਉਤਰ ਜਾਵੇ। ਸੋ ਸੁਣਿਆ ਸਮਝਿਆਂ ਮੰਨਿਆਂ ਤੇ ਕਮਾਇਆਂ ਅੰਦਰ ਟਿਕਾਉ ਹੋ ਜਾਂਦਾ ਹੈ ਤੇ ਅਨੁਭਵ ਖੁੱਲ੍ਹਦਾ ਹੈ।

ਸ਼ਰਮ ਸਿੰਘ – ਕਹਿ ਤਾਂ ਨਹੀਂ ਸਕਦੇ ਕਿ ਕੁਛ ਕੀਤਾ ਹੈ, ਪਰ ਕੁਛ ਰਤੀ ਰਵਾਲ ਜੇ ਕੀਤਾ ਹੈ ਤਾਂ ਬਣਿਆਂ ਕੁਛ ਨਾਂ। ਕੋਈ ਲੱਭ ਦਿਓ ਨਾਂ ਮਰਮ ਦੀ ਗੱਲ ਕਿ ਅਸੀਂ ਕਿੱਥੋਂ ਉੱਕੇ ਹਾਂ?

ਸੰਤ – ਫੇਰ ਕੱਚਾ ਬੋਲਾ! ਹੈਂ! ਭਾਈ ਕੱਚਾ ਬੋਲਾ ਗੁਰੂ ਕੇ ਖਾਲਸਾ ਹੋ ਕੇ ਨਾ ਬੋਲੋ। ਬਣਿਆ ਸਭ ਕੁਛ ਹੈ। ਗੁਰੂ ਵਾਕ ਹੈ – 'ਕਰਿ ਕਿਰਪਾ ਪ੍ਰਭੁ ਆਪਣੀ ਤੇਰੇ ਦਰਸਨ ਹੋਇ ਪਿਆਸ॥" ਗੁਰੂ ਮਹਾਰਾਜ ਜੀ ਆਪ ਦਰਸ ਦੀ ਪਿਆਸਾ ਲਈ ਅਰਦਾਸ ਕਰਨੀ ਸਿਖਾਲ ਰਹੇ ਹਨ। ਸਾਡੀ ਸਮਝੇ, ਬਈ ਖਾਲਸਾ ਜੀ! ਤੁਹਾਡੇ ਕਥਾ ਕੀਰਤਨ ਖਾਲੀ ਨਹੀਂ ਗਏ, ਅਤੇ ਜੋ ਕੁਛ ਤੁਸਾਂ ਕੀਤਾ ਹੈ ਉਹ ਸਫਲਿਆ ਹੈ। ਇਹ ਜੋ ਮੇਰੇ ਪਾਸ ਟੁਰ ਕੇ ਆਏ ਹੋ ਤੇ ਰਾਹ ਭਾਲਦੇ ਹੋ, ਇਸ ਪਿਆਸ ਦੀ ਨਿਸ਼ਾਨੀ ਹੈ। ਇਹ ਨਿੰਮ੍ਰਤਾ ਇਹ ਢੂੰਡ ਸਭ ਪਿਆਸ ਦੇ ਲੱਖਣ ਹੈਨ। ਨਹੀਂ ਤਾਂ ਭਾਈ! ਗੁਰੂ ਬਖਸ਼ੇ, ਅਸਾਂ ਤਾਂ ਕਈ ਵੇਖੇ ਹਨ ਨਿਰੇ ਹੰਕਾਰ ਦੇ ਪੁਤਲੇ। ਰਾਗ ਵਿਦਯਾ ਦਾ ਅਭਿਮਾਨ, ਸੁਰੀਲੇ ਗਲੇ ਦਾ ਅਭਿਮਾਨ, ਚਾਰ ਅੱਖਰ ਸੰਸਕ੍ਰਿਤ ਯਾ ਫਾਰਸੀ ਪੜ੍ਹੇ ਦਾ ਅਭਿਮਾਨ, ਸੁਹਣੀ ਜੁਗਤ ਤੇ ਹਸਾ ਰੁਆ ਦੇਣ ਵਾਲੀ ਲਿਆਕਤ ਦਾ ਅਭਿਮਾਨ, ਇਹੀ ਪ੍ਰਧਾਨ ਹੁੰਦਾ ਹੈ। ਤੁਸੀਂ ਤਾਂ ਭਲੇ ਹੋ ਆਪਣੀ ਭੁੱਲ ਤੱਕਦੇ ਹੋ। ਮੇਰੇ ਕੋਲ ਆ ਕੇ ਭੁੱਲਾਂ ਦੱਸੀਆਂ ਨੇ, ਤਰਲੇ ਵਿਚ ਹੋ ਕਿ ਕਿਵੇਂ ਮਾਲੋ ਮਾਂਗੋ ਵਰਗ ਸਤਪੁਰਖਾਂ ਵਾਂਙੂ ਸਾਡਾ ਬੀ ਉਧਾਰ ਹੋਵੇ। ਇਹ ਪਿਆਸ ਪਰਮਾਰਥ ਦਾ ਪਹਿਲਾ ਕਦਮ ਹੈ ਜੋ ਤੁਹਾਨੂੰ ਬਾਣੀ ਦੀ ਮੇਹਰ ਨਾਲ ਪ੍ਰਾਪਤ ਹੋਇਆ ਹੈ। ਹੁਣ ਹੋਰ ਹੀਲਾ ਕਰੋ ਅਗੇਰੇ ਵਧਣ ਦਾ। ਇਹ ਭਾਈ, ਪਹਾੜ ਦੀ ਚੜ੍ਹਾਈ ਵਾਂਙੂ ਅੱਗੇ ਤੋਂ ਅੱਗੇ ਤਰੱਕੀ ਹੁੰਦੀ ਹੈ।

ਸ਼ਰਮ ਸਿੰਘ – ਕੋਈ ਥਹੁ ਕੋਈ ਨੁਕਤਾ ਉਕਾਈ ਦਾ ਲੱਭ ਦਿਓ।

ਸੰਤ ਮੁਸਕਰਾਏ ਤੇ ਕਹਿਣ ਲੱਗੇ, ਇਹ ਗੁਰੂ ਮਿਹਰ ਕਰੇ। ਭਾਈ ਮਾਲੋ ਮਾਂਗੋ ਦਾ ਜੋ ਰਤਾ ਭੋਰਾ ਜੀਵਨ ਦਾ ਪਤਾ ਸਨੂੰ ਇਤਿਹਾਸਾਂ ਵਿਚ ਲਿਖਿਆ ਮਿਲਦਾ ਹੈ ਓਥੋਂ ਹੀ ਲੱਭ ਲਓ। ਸਤਿਗੁਰ ਨੇ ਉਨ੍ਹਾਂ ਨੂੰ ਕਠਨ ਮਾਰਗ ਹਠ ਜੋਗ ਦੇ ਤੇ ਹੋਰ ਤਰ੍ਹਾਂ ਦੇ ਜੋਗਾਂ ਦੇ ਸਾਰੇ ਸੁਣਾਏ, ਵਿੱਚੇ ਆ ਗਏ ਸਾਰੇ ਜੱਗ ਤੇ ਸਾਰੇ ਪੁਰਾਤਨ ਤਰੀਕੇ ਤੇ ਅੱਜ ਕਲ ਦੇ ਤਰੀਕੇ ਜੋ ਜੋਗ ਤੇ ਭਗਤੀ ਨੂੰ ਵਿਗਾੜ ਕੇ ਟੁਰੇ ਹਨ। ਤੇ ਸੁਗਮ ਰਾਹ ਦੱਸਿਆ ਸਿਫਤ ਸਲਾਹ ਦਾ। ਇਹ ਦੱਸ ਕੇ ਉਨ੍ਹਾਂ ਨੂੰ ਅਮਲੀ ਤੌਰ ਤੇ ਹਉਮੈਂ ਜਿੱਤਣ ਦਾ ਰਾਹ ਦੱਸਿਆ। ਹਉਮੈਂ ਅਮਲੀ ਰੂਪ ਵਿਚ ਆਪਣੇ ਆਪ ਨੂੰ ਦੁਜਾਇਗੀ ਵਿਚ ਪ੍ਰਗਟ ਕਰਦੀ ਹੈ। ਜਗਤ ਵਿਚ ਵਰਤੋਂ ਹੋਣੀ ਦੁਜਾਇਗੀ ਦੀ–ਆਪਾ ਲੋਚਣਾ–ਤੇ ਦੂਸਰਿਆਂ ਨਾਲ ਵਿਤਕਰਾ ਕਰਨਾ। ਦੇਖੋ ਮਾਲੋ ਮਾਂਗੋ ਬਾਬਤ ਲਿਖਿਆ ਹੈ ਕਿ ਸਤਿਗੁਰ ਦੇ ਫੁਰਮਾਣ ਮੂਜਬ ਓਹ ਮਾਲੋ ਤੇ ਮਾਂਗੋ ਧਰਮ ਦੀ ਕਿਰਤ ਕਰਕੇ ਵੰਡ ਖਾਵਨ। ਸੋ ਭਾਈ ਇਕ ਮੱਤ ਇਹ ਲਈਏ–ਵੰਡ ਖਾਣ ਦੀ – ਇਸ ਨਾਲ ਵਰਤੋਂ ਵਿਚ ਵਰਤ ਰਹੀ ਹਉਮੈਂ ਦੀ ਨਵਿਰਤੀ ਹੁੰਦੀ ਹੈ, ਭਾਵ ਦੂਜੈਗੀ ਘਟਦੀ ਹੈ। ਫੇਰ ਜੋ ਨਾਮ ਜਪੀਦਾ ਹੈ, ਉਸ ਨਾਲ ਅੰਦਰ ਦੀ ਹਉਮੈ ਕੱਟੀਦੀ ਹੈ ਜੋ ਮੂਲ ਹੈ। ਦੂਜੀ ਗੱਲ ਸਤਿਗੁਰ ਨੇ ਉਨ੍ਹਾਂ ਨੂੰ ਸਿਖਾਈ ਸੀ ਉਹ ਇਹ ਸਾਫ ਸਹੀ ਪਈ ਹੁੰਦੀ ਹੈ ਕਿ ਤਪ ਹਠ ਜੋਗ ਕਰਕੇ ਤੁਸੀਂ ਆਪੇ ਨੂੰ ਸਾਧੋਗੇ, ਫੇਰ ਕੀ ਕਰੋਗੇ? ਫੇਰ ਟੋਲੋਗੇ ਪਰਮੇਸ਼ਰ ਜੀ ਦਾ ਮਿਲਾਪ। ਸਤਿਗੁਰਾਂ ਨੇ ਸਾਂਈ ਦੀ ਸਿਫਤ ਸਲਾਹ ਸਿਖਾਈ ਉਨ੍ਹਾਂ ਨੂੰ ਕਿ ਮਾਰਗ ਸੁਗਮ ਹੈ ਤੇ ਫਲ ਬਹੁਤਾ ਹੈ। ਇਹ ਸਿੱਧ ਸਾਂਈ ਮਿਲਾਪ ਵਲ ਲੈ ਜਾਂਦਾ ਹੈ। ਸੋ ਭਾਈ ਹਉਮੈਂ ਨੂੰ ਕੁਛ ਤਾਂ ਖਾ ਜਾਏਗਾ ਤੁਹਾਡਾ ਦਾਨ ਤੇ ਨਾਮ ਤੇ ਜਦ ਨਾਮ ਤੇ ਬਾਣੀ ਨੂੰ ਬਣਾਓਗੇ ਸਿਫਤ ਸਲਾਹ ਤਾਂ ਨਾਲ ਵਾਹਿਗੁਰੂ ਮਿਲ ਪਊ, ਨਾਲੇ ਹਉਂ ਤੋਂ ਖਹਿੜਾ ਛੁੱਟ ਜਾਊ। ਜੇ ਵਾਹਿਗੁਰੂ ਦੀ ਸਿਫਤ ਸਲਾਹ ਵਿਚ ਲੱਗ ਕੇ ਰਗ ਵਿਚ ਆ ਗਿਆ, ਹਉਂ ਕਿੱਥੇ ਰਹੀ, ਤੇ ਜੋ ਪ੍ਰੇਮ ਵਿਚ ਆਕ ਕੇ ਸਦਾ ਉਸੇ ਦੇ ਰੰਗ ਵਿਚ ਆ ਕੇ ਸਦਾ ਉਸਦੇ ਦੇ ਰੰਗ ਵਿਚ ਰਹਿੰਦਾ ਹੈ ਉਹ ਮਿਲ ਪਿਆ। ਹਉਮੈਂ ਬਿਲਾ ਗਈ ਤੇ ਵਾਹਿਗੁਰੂ ਨਾਲ ਮੇਲ ਹੋ ਗਿਆ ਤਾਂ ਕਾਰਜ ਸੰਵਰ ਗਿਆ। ਹੁਣ ਏਥੋਂ ਤੁਸੀਂ ਲੱਭ ਸਕਦ ਹੋ ਆਪਣੀ ਉਕਾਈ।

ਸ਼ਰਮ ਸਿੰਘ – ਤੁਸੀਂ ਹੀ ਲੱਭ ਦਿਓ ਨਾ ਮਿਹਰ ਕਰਕੇ।

ਸੰਤ – ਗੁਰੂ ਜਾਣੇ। ਆਪੇ ਲੱਭ ਲਓ ਤਾਂ ਚੰਗਾ ਹੈ, ਮੈਨੂੰ ਪੁੱਛੋ ਤਾਂ ਇਉਂ ਭਾਸਦਾ ਹੈ ਕਿ ਉਕਾਈ 'ਸੇਧ ਨਾਂ

ਬੰਨ੍ਹਣ' ਵਿਚ ਹੈ। ਸਾਡਾ ਜੀਵਨ ਦਾ ਯਾ ਪਰਮਾਰਥ ਟੋਲਣ ਦਾ ਪ੍ਰਯੋਜਨ ਹੈ ਵਾਹਿਗੁਰੂ ਜੀ ਦੀ ਪ੍ਰਾਪਤੀ। ਹੁਣ ਭਾਵੇਂ ਕੋਈ ਕਿਤੋਂ ਘਾਲ ਆਰੰਭੇ, ਉਸਨੇ ਸੇਧ ਬੰਨ੍ਹਣੀ ਹੈ - ਵਾਹਿਗੁਰੂ ਪ੍ਰਾਪਤੀ। ਜੇ ਤੁਸਾਡੇ ਪੜ੍ਹਨ ਵਾਲੇ, ਸਿੱਖਣ ਸਮਝਣ ਵੇਲੇ, ਕਥਾ ਕੀਰਤਨ ਕਰਨ ਵੇਲੇ ਯਾ ਬਾਣੀ ਦਾ ਅਭਿਆਸ ਕਰਨ ਵੇਲੇ ਸੇਧ ਵਾਹਿਗੁਰੂ ਜੀ ਦੀ ਹੈ, ਕਦੇ ਹੋ ਨਹੀਂ ਸਕਦਾ ਕਿ ਇਸ ਤੁਹਾਡੀ ਘਾਲ ਨੂੰ ਫਲ ਨਾ ਲੱਗੇ। ਅਸੀਂ ਜੇ ਵਾਹਿਗੁਰੂ ਜੀ ਨੂੰ ਲੋਚਦੇ ਹਾਂ ਤਾਂ ਉਹ ਬੀ ਆਪਣੀ ਸਾਜੀ ਨੂੰ ਲੋਚਦਾ ਹੈ, ਕਿਉਂਕਿ ਉਹ ਪ੍ਰੇਮ ਹੈ ਤੇ ਪ੍ਰੇਮ ਦਾ ਪ੍ਰਕਾਸ਼ ਹੈ। ਪ੍ਰੇਮ ਦਾ ਪ੍ਰਕਾਸ਼ ਕੀ ਹੈ? ਪ੍ਰੇਮ ਕਰਨਾ ਤੇ ਪ੍ਰੇਮ ਕੀਤੇ ਜਾਣਾ। ਪਰ ਜੇ ਸੇਧ ਬੱਧ ਗਈ ਕਿ ਚੰਗੀ ਕਥਾ ਕਰਾਂਗੇ, ਚੰਗਾ ਸੁਰਾਲੀ ਰਾਗ ਸਿੱਖ ਕੇ ਨਿਪੁੰਨਤਾ ਵਾਲਾ ਕਰਾਂਗੇ ਕੀਰਤਨ ਤਾਂ ਪਦਾਰਥ ਬਹੁਤ ਹੋਵੇਗਾ ਤੇ ਜਸ ਫੈਲੇਗਾ ਤਾਂ ਭਾਈ ਇਹੋ ਕੁਛ ਪ੍ਰਾਪਤ ਹੋਵੇਗਾ। ਬਾਣੀ ਕਾਮਧੇਨੁ ਹੈ, ਜੋ ਸੇਧ ਬੰਨ੍ਹੋ ਉਹੀ ਸਿੱਧ ਹੁੰਦਾ ਹੈ।

***ਸਾਂਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥***
***ਅੰਕ - 764***

***ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ॥***
***ਅੰਕ - 75***

ਹੁਣ ਤੁਸੀਂ ਵੀਚਾਰ ਕੇ ਅਪਣੇ ਅੰਦਰ ਆਪ ਤੱਕ ਲਓ ਕਿ ਦਰੁਸਤ ਸੀ ਕਿ ਗਲਤ। ਚੰਗੀ ਤਰ੍ਹਾਂ ਮਨ ਵਿਚ ਕੰਘੀ ਮਾਰ ਲਓ ਕਿ ਜਦੋਂ ਕੀਰਤਨ ਕਰਕੇ ਉਠੇ ਦਿਲ ਕਰਦਾ ਹੈ ਕਿ ਨਹੀਂ ਕਿ ਲੋਕੀਂ ਜੋ ਉਠੇ ਹਨ ਕਿਵੇਂ ਕੰਨੀ ਪਵੇ ਕਿ ਕੀਹ ਗੱਲਾਂ ਕਰਦੇ ਹਨ। ਜੇ ਕੰਨੀ ਸੋ ਪੈ ਜਾਏ ਕਿ ਅੱਜ ਭਾਈ ਫਲਾਣਾ ਸਿੰਘ ਨੇ ਵਾਹ ਕੀਰਤਨ ਕੀਤਾ, ਤੇ ਭਾਈ ਫਲਾਣਾ ਸਿੰਘ ਨੇ ਵਾਹ ਕਥਾ ਕੀਤੀ ਤਦੋਂ ਮਨ ਕੇਡਾ ਤ੍ਰਪਦਾ ਹੈ ਚਾਉ ਨਾਲ, ਇਹ ਹੈ ਕੁਛ ਨਿਸ਼ਾਨੀ ਕਿ ਮਨ ਦੀ ਸੇਧ 'ਲੋਕਾਂ ਤੋਂ ਉਪਮਾ ਦੀ ਮੰਗ' ਸੀ। ਇਸ ਦੇ ਨਾਲ ਹੀ ਹੋਰ ਲੈ ਲਓ ਪਦਾਰਥ ਆਦਿਕਾਂ ਦੀ ਮੰਗ। ਸੋ ਜੇ ਸਾਡੀ ਸੇਧ ਵਾਹਿਗੁਰੂ ਹੈ ਤਾਂ ਅਸੀਂ ਕਰਾਂਗੇ ਕਥਾ, ਪਰ ਜੋ ਕਹਾਂਗੇ ਉਹ ਸਮੋਧ ਕਰਾਂਗੇ ਮਨ ਨੂੰ। ਮਨ ਨਿਰਮਲ ਹੋਵੇਗਾ ਤੇ ਸਿਫਤ ਸਲਾਹ ਵਲ ਨੂੰ ਉਮਲੇਗਾ। ਇਸ ਤਰ੍ਹਾਂ ਕੀਰਤਨ ਸੁਣਾਈਏ ਆਪਣੇ ਮਨ ਨੂੰ, ਕੀਰਤਨ ਸੁਣਾਈਏ ਗੁਰੂ ਸਾਹਿਬਾਂ ਨੂੰ, ਚਾਉ ਦੇ ਅਦਬ ਵਿਚ ਹੋ ਕੇ। ਮਰਦਾਨੇ ਵਰਗੇ ਗੁਰੂ ਕੇ ਪਿਆਰੇ ਦਾ ਕੰਮ ਮਿਲ ਪਿਆ ਹੈ ਸਾਨੂੰ ਸਤਿਗੁਰੂ ਨੂੰ ਕੀਰਤਨ ਸੁਨਾਉਣ ਦਾ, ਫੇਰ ਦੇਖੋ ਕਿ ਕੀਰਤਨ ਵੇਲੇ ਮਨ ਜਾ ਠਹਿਕੇਗਾ ਸਤਿਗੁਰੂ ਦੇ ਚਰਨਾਂ ਨਾਲ ਤੇ ਓਥੋਂ ਲਿਆਵੇਗਾ ਰੰਗ ਪਵਿਤ੍ਰਤਾ ਦਾ, ਰਸ ਰੰਗ ਦਾ। ਕੀਰਤਨ ਤਾਂ ਸੁਣੇਗੀ ਸਾਧ ਸੰਗਤ ਲਾਭ ਉਨ੍ਹਾਂ ਨੂੰ ਬੀ ਪੁੱਜੇਗਾ ਪਰ ਤੁਸਾਡਾ ਮਨ ਜੁੜੇਗਾ ਸਤਿਗੁਰੂ ਨਾਲ ਤੇ ਲਵੇਗਾ ਆਪਣੇ ਵਿਚ ਅਕਸ ਸਤਿਗੁਰੂ ਦੇ ਮਿਲਾਪ ਦਾ ਤੇ ਗੁਣਾਂ ਦਾ। ਜਿਵੇਂ ਚਿੱਠੀ ਰਸਾਂ ਚਿੱਠੀਆਂ ਤਾਂ ਸਾਨੂੰ ਪੁਚਾ ਜਾਂਦਾ ਹੈ, ਪਰ ਉਸ ਦਾ ਚਿੱਤ ਤਾਂ ਸਾਡੇ ਵਿਚ ਨਹੀਂ ਨਾ ਵੱਸਦਾ। ਉਹ ਨੌਕਰ ਹੁੰਦਾ ਹੈ ਡਾਕਖਾਨੇ ਦਾ, ਉਸ ਨੂੰ ਤਨਖਾਹ ਉਥੋਂ ਮਿਲਦੀ ਹੈ ਉਸਦਾ ਮਨ ਲੱਗਾ ਹੁੰਦਾ ਹੈ ਡਾਕਖਾਨੇ ਦੇ ਵੱਡੇ ਅਫਸਰ ਨਾਲ। ਤਿਵੇਂ ਸਾਡੀ ਜੇ ਮਨ ਵਿਚ ਸੇਧ ਬੱਝ ਗਈ ਹੈ ਵਾਹਿਗੁਰੂ ਵੰਨੇ ਤਾਂ ਅਸੀਂ ਕਰਾਂਗੇ ਕਥਾ ਕੀਰਤਨ ਸੰਗਤ ਵਿਚ ਗੁਰਬਾਣੀ ਦੇ ਕਥਨ ਤੇ ਗਾਇਨ ਦਾ, ਲਾਭ ਪੁੱਜੇਗਾ ਸੰਗਤ ਨੂੰ, ਪਰ ਸਾਡੇ ਮਨ ਦੀ ਸੇਧ ਵਾਹਿਗੁਰੂ ਨਾਲ ਹੋਣ ਕਰਕੇ ਸਾਡਾ ਮਨ ਰਹੇਗਾ ਵਾਹਿਗੁਰੂ ਰੁਖੀਆ ਵਾਹਿਗੁਰੂ ਵਲ ਲੱਗਾ ਹੋਇਆ। ਕਥਾ ਕੀਰਤਨ ਦਾ ਭਾਵ ਕੁਛ ਹੋਵੇਗਾ ਮਨ ਨੂੰ ਸਮੋਧ ਕਰਨ ਜੋੜੇਗਾ ਉਸ ਨਾਲ, ਸਾਨੂੰ ਫਲ ਉਥੋਂ ਮਿਲੇਗਾ ਆਤਮ ਉੱਨਤੀ ਦਾ। ਜੇ ਏਸ ਸੇਧ ਤੋਂ ਉੱਕ ਜਾਵਾਂਗੇ ਤਾਂ ਸਾਨੂੰ ਮਿਲੇਗੀ ਉਹ ਕੁਛ ਕਿ ਜਿੱਧਰ ਅਸਾਂ ਬੱਧੀ ਹੈ ਸੇਧ ਆਪਣੀ।

ਜਦੋਂ ਸੇਧ ਆਪਣੇ ਮਾਲਕ ਦੀ ਨਾ ਰੱਖੀ, ਜਿਸਦੇ ਕਿ ਅਸੀਂ ਚਾਕਰ ਹਾਂ ਤੇ ਸੇਧ ਬੰਨ੍ਹ ਲਈ ਮਾਇਆ ਦੀ ਤੇ ਆਪਣੇ ਜਸ ਦੀ ਤੇ ਓਹਨਾਂ ਲੋਕਾਂ ਦੀ ਕਿ ਜਿਨ੍ਹਾਂ ਤੋਂ ਪ੍ਰਾਪਤੀ ਹੋਣੀ ਹੈ ਮਾਇਆ ਦੀ ਤੇ ਜਸ ਦੀ ਤਾਂ ਸਾਨੂੰ ਮਾਇਆ ਤੇ ਜਸ ਮਿਲੇਗਾ, ਪਰ ਜਿਨ੍ਹਾਂ ਤੋਂ ਮਿਲੇਗਾ ਬੇ ਮਲੂਮੇ ਚਾਕਰੀ ਹੋ ਜਾਵੇਗੀ ਉਨ੍ਹਾਂ ਦੀ, ਤੇ ਓਹਨਾਂ ਦੇ ਪਾਪਾਂ ਦੇ ਭਾਰ ਵੰਡੀਣਗੇ ਸਾਡੇ ਨਾਲ ਕਿਉਂਕਿ ਉਹ ਦਾਨ ਦੇਂਦੇ ਹਨ ਉਸ ਵੇਲੇ ਜਿਸ ਵੇਲੇ ਉਨ੍ਹਾਂ ਦੇ ਮਨ ਹੋ ਜੰਦੇ ਹਨ ਨਰਮ ਸਾਡੇ ਕਥਨ ਯਾ ਕੀਰਤਨ ਨਾਲ। ਇਸ ਨੂੰ ਕਬੀਰ ਜੀ ਨੇ ਫੁਰਮਾਇਆ ਹੈ, ਰਬੀਰ ਭਾਰ ਪਰਾਈ ਸਿਰ ਚਰੈ ਚਲਿਆ ਚਾਹੈ ਬਾਟ॥ ਅਪਨੇ ਭਾਰਹਿ ਨਾ ਡਰੈ ਆਗੇ ਅਉਘਟ ਘਾਟ। ਕਿ ਤੇਰੀ ਆਪਣੀ ਪੰਡ ਕਾਫੀ ਭਾਰੀ ਹੈ, ਹੇ ਸੱਜਣ ਤੂੰ ਪਰਾਏ ਭਾਰ ਨਾਲ ਚੁਕ ਰਿਹਾ ਹੈਂ, ਅੱਗੇ ਰਸਤਾ ਔਖਾ ਹੈ ਤੂੰ ਦੋ ਭਾਰ ਕੀਕੂੰ ਚੁੱਕ ਕੇ ਟੁਰੇਂਗਾ? ਸੋ ਭਾਈ ਮਾਇਆ ਤੇ ਜਸ ਦਾ ਮੋਹ ਤੇ ਪਰਾਇਆ ਭਾਰ ਏਹ ਹੈ ਜੋ ਸਾਡੇ ਮਨਾਂ ਨੂੰ ਉਸ ਰੰਗ ਵਿਚ ਨਹੀਂ ਜਾਣ ਦੇਂਦਾ ਕਿ ਜਿਸ ਵਿਚ ਤੁਹਾਨੂੰ ਸੁਰੇਂਦ੍ਰ ਨਾਥ ਨੇ ਦੱਸਿਆ ਸੀ ਕਿ ਉਹ ਤੇ ਹੋਰ ਇਤਰ ਸਾਧਨਾਂ ਕਰਨ ਵਾਲੇ ਦੁਰਾਡੇ ਪਏ ਆਦਮੀ ਗੁਰਬਾਣੀ ਦੇ ਪਿਆਰ ਨਾਲ ਜਾ ਵੜੇ ਸਨ। ਤੁਸੀਂ ਗੁਰੂ ਕੇ ਹਜ਼ੂਰੀਏ ਹੋ, ਮੇਰਾ ਤੁਸਾਂ ਨੂੰ ਕੁਛ ਕਹਿਣਾ ਨਹੀਂ ਬਣਦਾ। ਮੈਂ ਤਾਂ ਜੋ ਕੁਛ ਆਖਿਆ ਹੈ ਮੈਂ ਆਪਣੇ ਮਨ ਨੂੰ ਸਮੋਧਿਆ ਹੈ, ਤੁਸੀਂ ਭੀ ਵੀਚਾਰ ਕਰ ਲਓ, ਜੇ ਕੁਛ ਗੱਲ ਦਿਲ ਪੁੜਦੀ ਹੈ ਤਾਂ ਪੱਲੇ ਬੰਨ੍ਹ ਲਓ। ਗੁਰੂ ਬਖਸ਼ੇ!

***ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥***
***ਹਰਿ ਕਿਰਪਾ ਕਰਿਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥***
***ਅੰਕ - 1416***

***ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥***
***ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥***
***ਅੰਕ - 261***

ਇਹ ਕਹਿ ਕੇ ਸੰਤ ਚੁੱਪ ਹੋ ਗਏ। ਨੈਣ ਪਹਿਲਾਂ ਲਾਲ ਹੋ ਗਏ ਫੇਰ ਭਰ ਆਏ, ਫੇਰ ਮਿਟ ਗਏ, ਬੁੱਲ ਫਰਕੇ, ਫਿਰ ਘੁਟ ਗਏ। ਸੁਣਨੇ ਵਾਲੇ ਬੀ ਅਚਲਜ ਵਿਚ ਆ ਕੇ ਨੈਣ ਭਰ ਲਿਆਏ, ਬੰਦ ਕਰ ਲਏ ਤੇ ਕਿੰਨਾ ਚਿਰ ਚੁੱਪ ਵਰਤੀ ਰਹੀ।

ਫਿਰ ਸੰਤਾਂ ਦੇ ਨੈਣ ਖੁੱਲ੍ਹੇ ਤੇ ਇਹ ਵਾਕ ਮਿੱਠੀ ਸੁਰ ਵਿਚ ਗਾਇਨ ਹੋਏ –

***ਬਡਭਾਗੀ ਤੇ ਜਨ ਜਗ ਮਾਹਿ॥***
***ਸਦਾ ਸਦਾ ਹਰਿ ਕੇ ਗੁਨ ਗਾਹਿ॥***
***ਰਾਮ ਨਾਮ ਜੋ ਕਰਹਿ ਬੀਚਾਰ॥***
***ਸੇ ਧਨਵੰਦ ਗਨੀ ਸੰਸਾਰ॥***
***ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ॥***
***ਸਦਾ ਸਦਾ ਜਾਨਹੁ ਤੇ ਸੁਖੀ॥***
***ਏਕੋ ਏਕੁ ਏਕੁ ਪਛਾਨੈ॥***
***ਇਤ ਉਤ ਕੀ ਓਹੁ ਸੋਝੀ ਜਾਨੈ॥***
***ਨਾਮ ਸੰਗਿ ਜਿਸ ਕਾ ਮਨੁ ਮਾਨਿਆ॥***
***ਨਾਨਕ ਤਿਨਹਿ ਨਿਰੰਜਨੁ ਜਾਨਿਆ॥*** ***ਅੰਕ –281***

ਕੁਛ ਚਿਰ ਮਗਰੋਂ ਨੈਣ ਖੁਲ੍ਹੇ। ਸ਼ਰਮ ਸਿੰਘ ਨਰਮ ਸਿੰਘ ਜੀ ਨੇ ਧੰਨਵਾਦ ਕੀਤਾ। ਆਖਿਆ ਗੱਲ ਤਾਂ ਨਿੱਕੀ ਜੇਹੀ ਨਿਕਲੀ, ਠੀਕ, ਹਾਂ ਠੀਕ ਪਤੇ ਦੀ, ਠੀਕ ਮਰਮ ਦੀ, ਕੱਖ ਦੇ ਉਹਲੇ ਲੱਖ ਏਸ ਨੂੰ ਆਖਦੇ ਹਨ, ਧੰਨ ਹੋ ਆਪ, ਜਿਨ੍ਹਾਂ ਨੇ ਇਤਨੀ ਮਿਹਰ ਕੀਤੀ ਹੈ।

ਸੰਤਾਂ ਨੇ ਫਿਰ ਨਜ਼ਰ ਕੀਤੀ, ਮਰਮ ਸਿੰਘ ਵਲ ਤੇ ਆਖਿਆ ਸੱਜਣਾਂ ਗੁਰੂ ਕੇ ਹੋਕੇ ਗੁਰਬਾਨੀ ਨਾਲ ਕਦੇ ਵਿੱਥ ਨਾ ਪਾਈਏ। ਦੇਖ ਗੁਰਬਾਨੀ ਆਖਦੀ ਹੈ –

***ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ॥***
***ਨਾਮ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ॥***
***ਅੰਕ – 1153***

ਇਹ ਗੁਰਬਾਨੀ ਦਾ ਹੀ ਪ੍ਰਤਾਪ ਸੀ ਕਿ ਤੈਨੂੰ ਫੇਰ ਭੁੱਲੀ ਪੈ ਗਏ ਨੂੰ ਮੋੜ ਲਿਆਈ ਹੈ। ਸਜਣੋਂ ਨਾਮ ਨੂੰ ਪੱਕੀ ਗੰਢ ਦੇ ਕੇ ਪੱਲੇ ਬੰਨ੍ਹੀਂ। ਗੁਰਵਾਕ ਹੈ – "ਨਉਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਾਧਾ ਛਿਕਿ ਜੀਉ।" ਹਾਂ ਜੀ, ਬਾਣੀ ਤੋਂ ਕਦੇ ਨਾ ਵਿਛੁੜੋ, ਤੀਸਰੇ ਸਾਹਿਬਾਂ ਦਾ ਹੁਕਮ ਹੈ –

***ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥***
***ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥***
***ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥***
***ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ॥***
***ਕਹੈ ਨਾਨਕ ਸਦਾ ਗਾਵਹੁ ਏਹ ਸਚੀ ਬਾਣੀ॥***
***ਅੰਕ – 920***

ਬਾਕੀ ਕੋਈ ਹੋਰ ਗੱਲ ਤੁਸਾਂ ਪੁਛਣੀ ਹੋਵੇ ਤਾਂ?

ਮਰਮ ਸਿੰਘ – ਆਪ ਦੇ ਸਾਰੇ ਬਚਨਾਂ ਨਾਲ ਹੁਣ ਮੈਨੂੰ ਬੀ ਸੋਝੀ ਹੋ ਗਈ ਹੈ ਆਪਣੀ ਉਕਾਈ ਦੀ। ਮੈਂ ਏਤਨੀ ਬੇਨਤੀ ਕਰਨੀ ਹੈ ਕਿ ਭਾਵੇਂ ਆਪ ਨਿੰਮ੍ਰਤਾ ਭਾਵ ਵਿਚ ਵਸਦੇ ਹੋ ਤਦ ਬੀ ਆਪ ਗੁਰਮੁਖ ਹੋਂ, ਨਾਮ ਜਪਦੇ ਹੋ, ਜਪਾਉਣਾ ਬੀ ਆਪ ਦਾ ਧਰਮ ਹੈ, ਜੇ ਆਗਿਆ ਦਿਓ ਤਾਂ ਕਦੇ ਕਦੇ ਆਪ ਦਾ ਸਤਿਸੰਗ ਕਰਨ ਆ ਜਾਯਾ ਕਰੀਏ। ਆਪ ਪਤਾ ਨਹੀਂ ਕਿਤਨਾ ਚਿਰ ਏਥੇ ਹੋ, ਪਰ ਜਦ ਤਕ ਹੋ ਆਗਯਾ ਦੇ ਦਿਓ, ਅਸੀਂ ਆਪ ਦਾ ਸਮਾਂ ਵਿਅਰਥ ਨਹੀਂ ਲਵਾਂਗੇ।

ਸੰਤ ਜੀ – ਜੀ ਸਦਕੇ ਭਾਈ! ਇਹ ਸਰੀਰ ਤਾਂ ਐਸਾ ਹੀ ਹੈਸੀ, ਸਤਿਗੁਰੂ ਨਾਨਕ ਦੇਵ ਨੇ ਨਾਮ ਦੀ ਮਿਹਰ ਕੀਤੀ ਹੈ। ਹੁਣ ਹੁਕਮ ਹੈ, ਜਪਣਾ ਤੇ ਜਪਾਉਣਾ। ਆਪ ਸਭ ਅੰਮ੍ਰਿਤਧਾਰੀ ਹੋ, ਨਾਮ ਬਾਣੀ ਤੇ ਰਹਤ ਧਾਰਨ ਦੀ ਮਿਹਰ ਆਪ ਤੇ ਹੋ ਚੁਕੀ ਹੈ, ਵੱਖਰ ਆਪ ਨੂੰ ਮਿਲ ਚੁਕਾ ਹੈ ਨਾਮ ਦਾ, ਅੰਮ੍ਰਿਤ ਦਾਤੇ ਸਤਿਸੰਗ ਗੁਰੂ ਰੂਪ ਮੰਡਲ ਤੋਂ। ਉਸ ਵੱਖਰੇ ਦਾ ਵਾਪਾਰ ਕਰਨਾ ਹੈ ਸੋ ਕਰੋ। ਉਸ ਵਾਪਾਰ ਵਿਚ ਵਿਤਕਰੇ ਰਹਿਤ ਵਪਾਰੀ ਵਾਂਙੂ ਜੋ ਸਹਾਇਤਾ ਹੋ ਸਕੇ ਮੈਂ ਕਰਨੇ ਨੂੰ ਤਿਆਰ ਹਾਂ। ਗੁਰਬਾਨੀ ਨਾਲ ਪਿਆਰ ਕਰੋ, ਨਾਮ ਜਪੋ, ਸਿਫਤ ਸਲਾਹ ਦਾ ਮਾਰਗ ਸਮਝੋ, ਅਵਗੁਣਾਂ ਦੀ ਗੰਢੜੀ ਕੋਈ ਨਾ ਬੰਨ੍ਹੋ। ਇਤਿ ਬਿਧਿ ਵਪਾਰ ਕਰੋ। ਮੈਂ ਹਾਜ਼ਰ ਹਾਂ, ਜਪਣ ਜਪਾਉਣ ਵਿਚ ਸਹਾਈ ਹੋਣਾ ਹੁਕਮ ਹੈ। ਸਭ ਕਾਰ ਹੁਕਮ ਵਿਚ ਕਰਨੀ ਹੈ।

ਮੈਂ ਤਾਂ ਗੁਰੂ ਕੇ ਦਰ ਕਿਸ ਗਿਣਤੀ ਵਿਚ ਹਾਂ ਸਤਿਗੁਰ ਨੇ ਆਪ ਫੁਰਮਾਇਆ ਹੈ – 'ਹਉ ਆਪਹੁ ਬੋਲਿ ਨ ਜਾਣਦਾ ਮੈਂ ਕਹਿਆ ਸਭੁ ਹੁਕਮਾਉ ਜੀਉ' ਗੁਰੂ ਸਾਹਿਬ ਜੀ ਨੇ ਸਾਨੂੰ ਵਾਹਿਗੁਰੂ ਦਾ ਹੁਕਮ ਸੁਣਾਇਆ ਹੈ, ਇਸ ਸਰੀਰ ਨੇ ਤੁਹਾਨੂੰ ਗੁਰੂ ਸਾਹਿਬਾਂ ਦਾ ਹੁਕਮ ਸੁਣਾਇਆ ਹੈ। ਸੋ ਹੁਕਮ ਵਿਚ ਸਭ ਨੇ ਖੇਲਣਾ ਹੈ।

ਇਉਂ ਸਾਰੇ ਸੁਖੀ ਹੋ ਕੇ ਵਿਦਾ ਹੋਏ। ਸੰਤ ਫਿਰ ਆਪਣੀ ਕੁਟੀ ਦੇ ਉਦਾਲੇ ਪ੍ਰਕਰਮਾ ਕਰਨ ਲਗ ਪਏ ਤੇ ਬੜੀ ਮਿੱਠੀ ਸੁਰ ਵਿਚ ਸੁਖਮਨੀ ਸਾਹਿਬ ਦੇ ਪਾਠ ਵਿਚ ਲਗ ਗਏ। ਏਕਾਂਤ ਸੀ ਤੇ ਪ੍ਰੇਮ ਮਯ ਹਿਰਦਾ ਤੇ ਗੁਰੂ ਜਸ ਨਾਲ ਪਵਿੱਤ੍ਰ ਹੋਈ ਰਸਨਾ ਸੀ, ਰੰਗ ਬੱਝ ਗਿਆ। ਕਈ ਵੇਰ ਪਾਠ ਵਿਚ ਆਪ ਦੇ ਨੈਣ ਭਰੇ, ਕਈ ਵੇਰ ਮਗਨ ਹੋ ਹੋ ਗਏ। ਭੋਗ ਪਾ ਕੇ ਆਪ ਫਿਰ ਨਾਮ ਰੰਗ ਵਿਚ ਟਿਕ ਗਏ।

ਗੁਰੂ ਸਭ ਨੂੰ ਨਾਮ ਦਾਨ ਬਖਸ਼ੇ। ਗੁਰੂ ਸਭ ਨੂੰ ਗੁਰਬਾਣੀ ਦਾ ਪ੍ਰੇਮ ਬਖਸ਼ੇ।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅਧਿਆਇ 23

### ਜਾਪਾਨ ਦਾ ਜੀਵਨ

ਬਹੁਤ ਹੀ ਸੋਹਣਾ ਦਿਨ ਸੀ, ਸੂਰਜ ਦੀ ਹਲਕੀ-ਹਲਕੀ ਗਰਮੀ ਵਿਚ ਨਿੱਘ ਮਹਿਸੂਸ ਹੋ ਰਿਹਾ ਸੀ, ਮੈਂ ਟੋਕੀਓ ਦੀ ਇਕ ਗਲੀ ਵਿਚ ਇਕ ਛੋਟੇ ਜਿਹੇ ਬਾਜ਼ਾਰ ਵਿਚ ਤੁਰ ਰਿਹਾ ਸੀ ਤੇ ਚਾਹ ਦੀ ਇਕ ਦੁਕਾਨ ਵਿਚ ਜਾ ਵੜਿਆ। ਮੈਂ ਕੀ ਦੇਖਿਆ ਬਹੁਤ ਸਾਰੇ ਜਾਪਾਨੀਆਂ ਨੇ ਕਮੋਨੋ ਪਾਇ ਹੋਏ ਹਨ। ਇਕ ਮੇਜ਼ ਤੇ ਚਾਹ ਦੇ ਪਿਆਲੇ ਪਏ ਹਨ ਤੇ ਸਾਰੇ ਇਕੱਠੇ ਹੀ ਉਸ ਮੇਜ਼ ਤੇ ਝੁਕ ਕੇ ਚਾਹ ਪੀ ਰਹੇ ਹਨ। ਮੈਂ ਖੜ੍ਹਾ ਸੀ ਮੈਨੂੰ ਐਸ ਤਰ੍ਹਾਂ ਲੱਗਾ ਕਿ ਕੋਈ ਮੇਰੇ ਨਾਲ ਲਗ ਕੇ ਲੰਘਿਆ ਹੋਵੇ। ਜਦੋਂ ਮੈਂ ਧਿਆਨ ਨਾਲ ਦੇਖਿਆ ਮੈਨੂੰ ਸਵਾਮੀ ਜੀ ਨਜ਼ਰ ਆਏ। ਸਵਾਮੀ ਜੀ ਨੇ ਚਿੱਟਾ ਕਿਮੋਨੋ ਪਾਇਆ ਹੋਇਆ ਹੈ ਤੇ ਉਹ ਨਿਕਲ ਕੇ ਨਾਲ ਹੀ ਇਕ ਸਿਨਟੋ ਮੰਦਰ ਵਿਚ ਚਲੇ ਜਾਂਦੇ ਹਨ, ਮੈਂ ਉਨ੍ਹਾਂ ਦੇ ਪਿਛੇ-ਪਿਛੇ ਗਿਆ, ਜਦੋਂ ਮੈਂ ਉਨ੍ਹਾਂ ਦੇ ਨਾਲ ਜਾ ਕੇ ਮਿਲਿਆ ਸਵਾਮੀ ਜੀ ਕਹਿਣ ਲੱਗੇ, ਤੂੰ ਬਹੁਤ ਛੇਤੀ ਹੀ ਜਾਪਾਨ ਜਾਏਂਗਾ, ਜਿਸ ਤਰ੍ਹਾਂ ਤੂੰ ਸੋਚ ਰਿਹਾ ਹੈਂ, ਉਸ ਤੋਂ ਵੀ ਛੇਤੀ।

ਬੱਸ ਏਥੇ ਹੀ ਮੇਰਾ ਸੁਪਨਾ ਖਤਮ ਹੋ ਗਿਆ, ਮੇਰੀ ਸਦਾ ਹੀ ਇਹ ਇੱਛਾ ਰਹੀ ਹੈ ਕਿ ਮੈਂ ਜਾਪਾਨ ਜਾ ਕੇ ਰਹਾਂ। ਮੈਨੂੰ ਬਚਪਨ ਤੋਂ ਹੀ ਜਾਪਾਨ ਜਾਣਾ ਚੰਗਾ ਲਗਦਾ ਸੀ। ਇਸ ਸੁਪਨੇ ਤੋਂ ਚਾਰ ਸਾਲ ਬਾਅਦ ਥਰੀਸਾ ਤੇ ਮੈਂ ਅਸੀਂ ਟੋਕੀਓ ਚਲੇ ਗਏ। ਸਵਾਮੀ ਜੀ ਨੇ ਸਾਨੂੰ ਹੌਨਸਡੇਲ ਟੈਲੀਫੋਨ ਕਰਕੇ ਹੀ ਕਹਿ ਦਿਤਾ ਸੀ ਕਿ ਅਸੀਂ ਜਾਪਾਨ ਆਉਣ ਦੀ ਤਿਆਰੀ ਕਰ ਲਈਏ। ਸਵਾਮੀ ਜੀ ਅਤਾਮੀ (Atami) ਦੇ ਅਧਿਆਤਮਕ ਸੰਸਥਾ ਦੇ ਮੁਖ ਦਫਤਰ sukyo Mahikari ਵਿਚ ਰਹਿ ਰਹੇ ਸੀ। ਇਹ ਸੰਸਥਾ Okada Sam, ਨੇ ਚਲਾਈ ਸੀ। ਸਵਾਮੀ ਜੀ ਜਦੋਂ ਪਹਿਲੀ ਵਾਰੀ ਆਏ ਸੀ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਹੀ ਮਿਲੇ ਸੀ, ਜਦੋਂ ਉਨ੍ਹਾਂ ਦੇ ਗੁਰੂਦੇਵ ਨੇ ਉਨ੍ਹਾਂ ਨੂੰ ਵਿਸ਼ਵ ਦੇ ਦੌਰੇ ਲਈ ਭੇਜਿਆ ਸੀ। ਉਹ ਸਮਾਂ ਇਹੋ ਜਿਹਾ ਸੀ ਜਦੋਂ ਜਾਪਾਨ ਵਿਚ ਬਹੁਤ ਸਾਰੇ ਮਜ਼ਹਬੀ ਗੁੱਟ ਸ਼ੁਰੂ ਹੋ ਰਹੇ ਸੀ ਤੇ ਉਹ ਜਾਪਾਨ ਦੀ ਆਬਾਦੀ ਨੂੰ ਲੜਾਈ ਦੇ ਪ੍ਰਭਾਵ ਤੋਂ, ਭੈ ਤੋਂ, ਡਰ ਤੋਂ ਜੋ ਕੁਝ ਵੀ ਉਨ੍ਹਾਂ ਨਾਲ ਹੋਇਆ ਸੀ ਉਸ ਤੋਂ ਬਾਹਰ ਕੱਢ ਰਹੇ ਸੀ। ਕਿਉਂਕਿ ਰਾਜੇ ਨੂੰ ਹੁਣ ਉਸ ਅਧਿਆਤਮਕ ਪੱਖ ਨਾਲ ਨਹੀਂ ਸੀ ਦੇਖਿਆ ਜਾਂਦਾ। ਜਿਸ ਕਰਕੇ ਲੋਕੀ ਹੁਣ ਐਧਰ ਓਧਰ ਜਾ ਕੇ ਆਪਣੀ ਅਧਿਆਤਮਕ ਭੁੱਖ ਮਿਟਾ ਰਹੇ ਸੀ। ਬਹੁਤ ਸਾਰੇ ਨਵੇਂ ਧਰਮ ਸ਼ਾਸਤਰ ਪੁਰਾਤਨ ਮਜ਼ਹਬਾਂ ਨੂੰ ਲੈ ਕੇ ਜੀਵਨ ਦੀ ਨਵੀਂ ਵਿਚਾਰਧਾਰਾ ਬਣਾ ਰਹੇ ਸੀ। ਇਨ੍ਹਾਂ ਵਿਚੋਂ Omoto ਦਾ ਪ੍ਰਭਾਵ ਬਹੁਤ ਡੂੰਘਾ Aikido ਕਲਾ ਤੇ ਪਿਆ okada San ਇਸ ਦਾ ਪਤਾ ਲੱਗਾ, Akoda San ਨੇ ਫੇਰ ਆਪਣੇ ਕੁਝ ਵਿਚਾਰ ਇਸ ਨਾਲ ਜੋੜੇ ਤੇ ਆਪਣੀ ਨਵੀਂ ਸੰਸਥਾ ਬਣਾਈ ਜਿਸ ਵਿਚ ਸਵਾਸਥ ਠੀਕ ਰੱਖਣਾ ਸੁਚੱਜਾ ਚੰਗਾ ਜੀਵਨ ਜੀਉਣਾ ਤੇ ਇਕ ਸੁੱਚੇ ਸੁਚੇ ਸਮਾਜ ਦਾ ਨਿਰਮਾਣ ਕਰਨਾ ਉਨ੍ਹਾਂ ਦਾ ਇਕ ਮਾਤਰ ਉਦੇਸ਼ ਸੀ।

1969 ਵਿਚ ਸਵਾਮੀ ਜੀ ਆਪਣੇ ਗੁਰੂਦੇਵ ਦਾ ਸਨੇਹਾ ਅਸੀਸਾਂ ਲੈ ਕੇ ਜਪਾਨ ਗਏ ਸੀ। ਉਨ੍ਹਾਂ ਲਈ ਅਧਿਆਤਮਵਾਦ ਦਾ ਸੰਦੇਸ਼ ਲੈ ਕੇ ਉਨ੍ਹਾਂ ਦੇ ਅਧਿਆਤਮਕ ਗੁਰੂ ਕੋਲ ਸਵਾਮੀ ਜੀ ਰਹੇ ਸੀ ਤੇ ਛੇ ਮਹੀਨੇ ਸਵਾਮੀ ਜੀ ਨੇ ਉਥੇ ਲਗਾਏ। ਉਸ ਤੋਂ ਪਿਛੋਂ ਸਵਾਮੀ ਜੀ ਅਮਰੀਕਾ ਚਲੇ ਗਏ ਸੀ ਉਸ ਤੋਂ ਪਿਛੋਂ ਸਵਾਮੀ ਜੀ ਹਰ ਸਾਲ ਜਾਪਾਨ ਜਾਂਦੇ ਰਹੇ। ਉਨ੍ਹਾਂ ਦੇ ਉਤਸ਼ਾਹ ਦੀ ਸੁਆਮੀ ਜੀ ਸ਼ਲਾਘਾ ਕਰਦੇ, ਉਨ੍ਹਾਂ ਦੀ ਉਦਾਰਤਾ ਦੀ ਸ਼ਲਾਘਾ ਕਰਦੇ, ਓਥੋਂ ਦੇ ਪਹਾੜ ਸਵਾਮੀ ਜੀ ਨੂੰ ਬਹੁਤ ਲੁਭਾਇਮਾਨ ਲਗਦੇ, ਓਥੇ ਦੀ ਅਧਿਆਤਮ ਜਥੇ ਦੇ ਮੁਖੀ ਦੀ ਪੁਤਰੀ ਬਹੁਤ ਹੀ ਦਿਆਲੂ ਸੀ, ਉਸ ਨੇ ਆਪਣੇ ਪਿਤਾ ਦੀ ਗੱਦੀ ਸੰਭਾਲਣੀ ਸੀ, ਉਸ ਦਾ ਨਾਮ ਸੀ Keiju Sama ਸਵਾਮੀ ਜੀ ਨੇ ਇਸ ਗੱਲ ਤੇ ਜ਼ੋਰ ਦਿਤਾ ਸੀ ਕਿ ਇਸ ਸੰਸਥਾ ਨੂੰ ਅਧਿਆਤਮਵਾਦ ਤੇ ਅੰਤਰ ਰਾਸ਼ਟਰ ਪੱਧਰ ਦੀ ਕਾਨਫਰੰਸ ਕਰਨੀ ਚਾਹੀਦੀ ਹੈ, ਉਸ ਵਿਚ ਵਿਗਿਆਨ ਸਿਹਤ ਇਹ ਵਿਸ਼ੇ ਵੀ ਸ਼ਾਮਿਲ ਕਰਨੇ ਚਾਹੀਦੇ ਹਨ ਇਹ ਗੱਲ ਉਨ੍ਹਾਂ ਨੇ ਪਹਿਲੇ ਮੁਖੀ ਨਾਲ ਕੀਤੀ। ਹੁਣ ਦੇ ਮੁਖੀ ਇਸ ਕੰਮ ਨੂੰ ਬਹੁਤ ਹੀ ਔਖਾ ਸਮਝਦੇ ਸੀ ਪਰ ਸਵਾਮੀ ਜੀ ਨੇ ਕਿਹਾ ਇਸ ਗੱਲ ਦੀ ਚਿੰਤਾ ਤੁਸੀਂ ਨਹੀਂ ਕਰੋ। ਮੈਂ ਤੁਹਾਨੂੰ ਆਪਣੇ ਦੋ ਬਹੁਤ ਹੀ ਸੁਚੱਜੇ ਚੇਲੇ ਭੇਜਾਂਗਾ ਜਿਹੜੇ ਇਹ ਕੰਮ ਪੂਰੀ ਤਰ੍ਹਾਂ ਸੰਭਾਲ ਲੈਣਗੇ।

ਜਦੋਂ ਹੀ ਸਵਾਮੀ ਜੀ ਨੇ ਇਹ ਸਭ ਕੁਝ ਟੈਲੀਫੋਨ ਤੇ ਦੱਸਿਆ। ਅਸੀਂ ਤਾਂ ਗੱਦ-ਗੱਦ ਹੋ ਗਏ। ਸਾਨੂੰ ਐਨੀ ਖੁਸ਼ੀ ਹੋਈ ਕਿ ਸਵਾਮੀ ਜੀ ਨੂੰ ਸਾਡੇ ਉਤੇ ਐਨਾ ਭਰੋਸਾ ਹੈ, ਸਾਨੂੰ ਲਗ ਰਿਹਾ ਸੀ ਕਿ ਸਵਾਮੀ ਜੀ ਨੇ ਬਹੁਤ ਵਧਾ ਚੜ੍ਹਾ ਕੇ ਹੀ ਸਾਡੀਆਂ ਤਾਰੀਫਾਂ ਕੀਤੀਆਂ ਹਨ ਅਸੀਂ ਆਪਣਾ ਘਰ ਛੱਡ ਕੇ ਜਪਾਨ ਜਾ ਕੇ ਆਪਣੀ ਅਗਲੀ

ਜ਼ਿੰਮੇਵਾਰੀ ਸੰਭਾਲਣ ਦਾ ਵਾਇਦਾ ਸਵਾਮੀ ਜੀ ਨਾਲ ਕੀਤਾ।

ਇਕ ਹਫਤਾ ਜਾਪਾਨ ਜਾਣ ਤੋਂ ਪਹਿਲਾਂ ਦੀ ਗੱਲ ਹੈ। ਸ਼ਨਿੱਚਰਵਾਰ ਦੁਪਹਿਰ ਨੂੰ ਘੰਟੀ ਵੱਜੀ। ਮੈਂ ਜਾ ਕੇ ਦੇਖਿਆ ਤਾਂ ਸਵਾਮੀ ਜੀ ਤੇ ਫਿਲ ਮੇਰਾ ਦੋਸਤ ਦਰਵਾਜ਼ੇ ਤੇ ਖੜ੍ਹੇ ਸੀ। ਥਰੀਸਾ ਸਵਾਮੀ ਜੀ ਲਈ ਤੇ ਫਿਲ ਲਈ ਚਾਹ ਬਨਾਉਣ ਲਗ ਪਈ। ਸਵਾਮੀ ਜੀ ਸਾਡੇ ਅਨਾਬੀ ਰੰਗ ਦੇ ਸੋਫੇ ਤੇ ਬੈਠ ਗਏ, ਇਹ ਹੀ ਰੰਗ ਦਾ ਕਮੋਨੋ ਸਵਾਮੀ ਜੀ ਪਾਉਂਦੇ ਸੀ। ਮੈਨੂੰ ਬੜੀ ਖੁਸ਼ੀ ਹੋ ਰਹੀ ਸੀ ਜਿਵੇਂ ਸਵਾਮੀ ਜੀ ਸਾਰੇ ਸੋਫੇ ਨੂੰ ਦੇਖ ਰਹੇ ਸੀ। ਫੇਰ ਸਵਾਮੀ ਜੀ ਕਹਿਣ ਲੱਗੇ, "ਤੁਸੀਂ ਮੇਰੇ ਕਮੋਨੋ ਦੇ ਰੰਗ ਦਾ ਸੋਫਾ ਕਿਉਂ ਰਖਿਆ ਹੋਇਆ ਹੈ?'

ਥਰੀਸਾ ਕਹਿਣ ਲੱਗੀ ਸਵਾਮੀ ਜੀ, ਮੈਨੂੰ ਤਾਂ ਇਹ ਸੋਫਾ ਬਹੁਤ ਹੀ ਪਿਆਰਾ ਲਗਦਾ ਹੈ ਜਦੋਂ ਮੈਂ ਤੁਹਾਡੇ ਲਈ ਕਮੋਨੋ ਸੀਉਂਦੀ ਸੀ ਜਿਹੜੀਆਂ ਟਾਕੀਆਂ ਬਚ ਜਾਂਦੀਆਂ ਸੀ ਉਨ੍ਹਾਂ ਨੂੰ ਜੋੜ ਕੇ ਮੈਂ ਇਹ ਸੋਫਾ ਤਿਆਰ ਕੀਤਾ ਹੈ, ਥਰੀਸਾ ਨੇ ਮਖੌਲ ਕਰਦਿਆਂ ਕਿਹਾ।

ਸਵਾਮੀ ਜੀ ਬੜੀ ਜ਼ੋਰ ਦੀ ਹੱਸੇ ਤੇ ਹਸਦਿਆਂ ਹਸਦਿਆਂ ਸਵਾਮੀ ਜੀ ਨੇ ਚਾਹ ਪਕੜੀ ਪਰ ਮੈਂ ਇਸ ਗੱਲ ਨੂੰ ਖਤਮ ਨਹੀਂ ਕੀਤਾ। ਮੈਂ ਤੇ ਥਰੀਸਾ ਜਾਣਦੇ ਸੀ ਕਿ ਸਵਾਮੀ ਜੀ ਨੂੰ ਸੋਫਾ ਚਾਹੀਦਾ ਹੈ। ਉਨ੍ਹਾਂ ਦੇ ਕਮਰੇ ਵਿਚ ਸੋਫਾ ਨਹੀਂ ਸੀ, ਪਰ ਮੈਨੂੰ ਇਹ ਵੀ ਪਤਾ ਸੀ ਕਿ ਥਰੀਸਾ ਵੀ ਰੱਖਣਾ ਚਾਹੁੰਦੀ ਸੀ। ਮੈਂ ਕਿਹਾ ਸਵਾਮੀ ਜੀ, ਤੁਸੀਂ ਬਹੁਤ ਚੰਗੀ ਤਰ੍ਹਾਂ ਪਛਾਣਿਆ ਹੈ ਇਹ ਬਹੁਤ ਹੀ ਵਧੀਆ ਸੋਫਾ ਹੈ ਤੇ ਜਾਣ ਲੱਗੇ ਅਸੀਂ ਇਸ ਨੂੰ ਸਾਂਭ ਕੇ ਜਾਣਾ ਚਾਹੁੰਦੇ ਹਾਂ, ਅਸੀਂ ਇਸ ਨੂੰ ਇਸ ਦੇ ਰੰਗ ਕਰਕੇ ਹੀ ਪਸੰਦ ਕੀਤਾ ਸੀ।

ਸਵਾਮੀ ਜੀ ਕਹਿਣ ਲੱਗੇ ਜੇ ਮੇਰੇ ਕਮਰੇ ਵਿਚ ਰਹੇਗਾ ਤਾਂ ਇਸ ਦੀ ਸੰਭਾਲ ਵਧੇਰੇ ਚੰਗੀ ਤਰ੍ਹਾਂ ਹੋ ਸਕੇਗੀ। ਕਿਤੇ ਏਵੇਂ ਰੱਖਣ ਨਾਲੋਂ ਚੰਗਾ ਹੈ ਇਸ ਨੂੰ ਮੇਰੇ ਕਮਰੇ ਵਿਚ ਹੀ ਰੱਖ ਦੇਓ। ਇਹ ਕਹਿ ਕੇ ਸਵਾਮੀ ਜੀ ਨੇ ਫਿਲ ਨੂੰ ਇਸ਼ਾਰਾ ਕੀਤਾ।

ਮੈਂ ਕਿਹਾ, "ਸਵਾਮੀ ਜੀ ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ, ਇਹ ਤੁਹਾਡੇ ਕਮਰੇ ਦੀ ਸੁੰਦਰਤਾ ਨੂੰ ਹੋਰ ਵਧਾ ਦੇਵੇਗਾ। ਸਵਾਮੀ ਜੀ ਕਹਿਣ ਲੱਗੇ ਜੀ ਹਾਂ ਤੇ ਐਨਾ ਕਹਿ ਕੇ ਅਸੀਂ ਸਾਰੇ ਬੜੀ ਜ਼ੋਰ ਦੀ ਹੱਸ ਪਏ।

ਸੋ ਇਕ ਵਾਰੀ ਫੇਰ ਸਾਡਾ ਘਰ ਖਿੰਡ ਪੁੰਡ ਗਿਆ, ਕੁਝ ਚੀਜ਼ਾਂ ਸਟੋਰ ਵਿਚ ਚਲੀਆਂ ਗਈਆਂ। ਕਿਤਾਬਾਂ ਕਾਗਜ਼ ਇਕ ਦੋਸਤ ਦੇ ਘਰ ਪੜਛੱਤੀ ਵਿਚ ਰੱਖ ਦਿਤੇ ਗਏ, ਕੁਝ ਚੀਜ਼ਾਂ ਸੰਸਥਾ ਨੂੰ ਦੇ ਦਿਤੀਆਂ ਗਈਆਂ, ਸਵਾਮੀ ਜੀ ਨੇ ਵੱਡਾ ਟਰੰਕ ਭੇਜਿਆ ਤੇ ਸੋਫਾ ਆਪਣੇ ਕਮਰੇ ਵਿਚ ਮੰਗਵਾ ਲਿਆ ਤੇ ਉਨ੍ਹਾਂ ਨੇ ਲਿਖ ਕੇ ਭੇਜਿਆ, "ਮੈਂ ਸੋਫਾ ਬਿਨਾ ਕਿਰਾਇਆ ਲਏ ਰੱਖ ਰਿਹਾ ਹਾਂ। ਅਸੀਂ ਸਾਰੇ ਬੜਾ ਹੱਸੇ।

1985 ਦੇ ਅਗਸਤ ਵਿਚ ਅਸੀਂ ਟੋਕੀਓ ਪਹੁੰਚ ਗਏ ਉਥੇ ਇਸ ਸਮੇਂ ਬੜੀ ਹੀ ਗਰਮੀ ਤੇ ਨਾਲ ਬੜਾ ਹੀ ਹੁਮਸ ਵਾਲਾ ਮੌਸਮ ਸੀ। ਅਧਿਆਤਮ ਸੰਸਥਾ ਜਿਸ ਦਾ ਕੰਮ ਕਰਨ ਅਸੀਂ ਗਏ ਸੀ ਉਸ ਦਾ ਨਾਂ ਸੀ ਸੁਕਾਇਓ ਮਹਿਕਾਰੀ (Sukayo Mahikari ਇਸ ਦੇ ਪ੍ਰਬੰਧਕ ਜਦੋਂ ਸਾਨੂੰ ਜਹਾਜ਼ ਤੇ ਲੈਣ ਆਏ ਤਾਂ ਉਹ ਆਪਣੇ ਮੂੰਹ ਪੂੰਝ ਰਹੇ ਸੀ ਐਨੀ ਗਰਮੀ ਤੇ ਘੁਟਣ ਸੀ। ਉਹ ਸਾਡੇ ਕੋਲੋਂ ਮੌਸਮ ਲਈ ਮਾਫੀ ਮੰਗ ਰਹੇ ਸੀ। ਸਾਨੂੰ ਸ਼ਹਿਰ ਵਿਚ Hyal Century Hotal ਵਿਚ ਲੈ ਗਏ ਜਿਥੇ ਅਸੀਂ ਰਹਿਣਾ ਸੀ ਉਹ ਘਰ ਅਜੇ ਤਿਆਰ ਹੋ ਰਿਹਾ ਸੀ ਦੂਸਰੇ ਦਿਨ ਇਕ ਬੀਬੀ ਪੂਰੇ ਉਤਸ਼ਾਹ ਭਰੀ ਆਈ ਤੇ ਸਾਨੂੰ ਸਵਾਮੀ ਜੀ ਜਦੋਂ ਪਿਛਲੀ ਵਾਰੀ ਆਏ ਸੀ ਉਸ ਬਾਰੇ ਦੱਸਣ ਲੱਗੀ ਉਹ ਸਾਨੂੰ ਉਥੇ ਲੈ ਗਈ ਜਿਥੇ ਸਵਾਮੀ ਜੀ ਗਏ ਸੀ। ਫੇਰ ਉਹ ਸਾਨੂੰ ਅਸ਼ੋਕ ਰੈਸਟੋਰੈਂਟ ਲੈ ਗਈ। ਅਸੀਂ ਉਥੇ ਪਹਿਲੀ ਵਾਰੀ ਜਪਾਨੀ ਖਾਣਾ ਖਾਧਾ। ਜਦੋਂ ਸਾਨੂੰ ਲੈ ਜਾ ਰਹੀ ਸੀ ਉਹ ਦੱਸ ਰਹੀ ਸੀ ਕਿ ਸਵਾਮੀ ਜੀ ਵੀ ਏਵੇਂ ਹੀ ਆਏ ਸੀ।

ਥੋੜ੍ਹੇ ਦਿਨਾਂ ਬਾਅਦ ਅਸੀਂ ਅਧਿਆਤਮਕ ਜਥਿਆਂ ਦੇ ਮੋਢੀ ਦਫਤਰ ਗਏ। ਇਹ ਨਵੀਂ ਬਣੀ ਇਕ ਚਿੱਟੀ ਇਮਾਰਤ ਸੀ। ਅਸੀਂ ਉਥੇ ਦੇ ਕਰਮਚਾਰੀਆਂ ਨੂੰ ਮਿਲੇ ਜਿਹੜੇ ਓਥੇ ਦਾ ਸਾਰਾ ਕੰਮ ਕਾਜ ਕਰਦੇ ਸੀ। ਦਫਤਰ ਦਾ ਕੰਮ ਕਾਜ ਛਾਪਣ ਛਪਾਣ ਦਾ ਕੰਮ ਜਦੋਂ ਕੋਈ ਆਏ ਜਾਏ ਜਾਂ ਜਦੋਂ ਕੋਈ ਵੀ ਦਿਨ ਮਨਾਇਆ ਜਾਵੇ ਉਹ ਸਾਰੇ ਕੰਮ ਉਥੇ ਦੇ ਆਲੇ ਦੁਆਲੇ ਦੇ ਰਹਿਣ ਵਾਲੇ ਲੋਕੀ ਕਰਦੇ ਸੀ। ਅਸੀਂ ਪੰਦਰਾਂ ਮਿੰਟ ਤੁਰ ਕੇ ਸਾਨੂੰ ਨਾਲ ਲੈ ਕੇ ਉਥੋਂ ਦੇ ਸੱਜਣ ਗਏ ਜਿਥੇ ਸਾਡੇ ਫਲੈਟ ਸੀ। ਇਹ ਸਭ ਤੋਂ ਉਪਰ ਵਾਲੀ ਮੰਜ਼ਲ ਤੇ ਸੀ ਜਿਹੜੀ ਦਸਵੀਂ ਮੰਜ਼ਲ ਸੀ ਜਿਥੋਂ ਅਸੀਂ ਲੰਘ ਕੇ ਗਏ ਉਹ ਬਹੁਤ ਹੀ ਭੀੜ ਭੜੱਕੇ ਵਾਲਾ ਬਜ਼ਾਰ ਸੀ। ਇਹ Suginama Ward ਵਿਚ ਸੀ। ਸਾਨੂੰ Kim ਨੇ ਜਿਹੜਾ ਸਾਡਾ ਗਾਈਡ ਸੀ ਉਸ ਨੇ ਸਭ ਕੁਝ ਸਮਝਾਇਆ ਕਿ ਕਿਵੇਂ ਇਥੇ ਦੀਆਂ ਚੀਜ਼ਾਂ ਦੀ ਦੇਖਭਾਲ ਕਰਨੀ ਹੈ, ਕਿਵੇਂ ਛੋਟਾ ਜਿਹਾ ਫਰਿਜ ਵਰਤਣਾ ਹੈ, ਕਿਥੋਂ ਖਾਣ ਪੀਣ ਵਾਲੀਆਂ ਚੀਜ਼ਾਂ ਖਰੀਦਣੀਆਂ ਹਨ, ਕਿਥੇ ਜਾ ਕੇ ਕਪੜੇ ਧੋਣੇ ਹਨ, ਕਿਥੇ ਕੂੜਾ ਸੁਟਣਾ ਹੈ, ਕਿਥੋਂ ਜਾ ਕੇ ਗੱਡੀ ਪਕੜਨੀ ਹੈ।

ਅਗਲੇ ਮਹੀਨੇ ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਮੈਂ ਕਿਸੇ ਵਖਰੇ ਹੀ ਪੁਲਾੜ ਤੇ ਹੋਵਾਂ, ਕਿਸੇ ਰਹੱਸਮਈ ਥਾਂ ਤੇ ਹੋਵਾਂ। ਜਿੰਨੀ ਦੇਰ ਮੈਂ ਜਾਪਾਨ ਰਿਹਾ ਮੈਨੂੰ ਇਸ ਤਰ੍ਹਾਂ ਹੀ ਮਹਿਸੂਸ ਹੁੰਦਾ ਰਿਹਾ ਜਿਵੇਂ ਮੈਂ ਕਿਸੇ ਰਹੱਸਮਈ ਥਾਂ ਤੇ

ਹੋਵਾਂ। ਮੈਨੂੰ ਇਸ ਤਰ੍ਹਾਂ ਲਗਦਾ ਜਿਵੇਂ ਇਥੇ ਇਤਿਹਾਸ ਤੇ ਆਧੁਨਿਕਤਾ ਦਾ ਮੇਲ ਹੈ। ਇਹ ਮੇਲ ਮੈਨੂੰ ਪੱਛਮ ਤੋਂ ਵੀ ਅਨੋਖਾ ਲੱਗਿਆ ਸੀ। ਸਾਡੇ ਸਾਮ੍ਹਣੇ ਹੀ ਅਸੀਂ ਦੇਖਿਆ ਇਕ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ। ਇਹ ਰਸਮ ਸ਼ਿਨਟੋ (ਜਾਪਾਨ ਦਾ ਇਕ ਧਰਮ) ਧਰਮ ਦੇ ਅਨੁਸਾਰ ਹੀ ਰੱਖਿਆ ਗਿਆ। ਅਸੀਂ ਓਥੇ ਲਿੰਗ ਭੇਦ ਦੀਆਂ ਗੱਲਾਂ ਵੀ ਸੁਣੀਆਂ, ਨਵੀਆਂ ਨਵੀਆਂ ਗੱਲਾਂ ਸੁਣੀਆਂ। ਅਸੀਂ ਦੇਖਿਆ ਅਫਸਰ ਨੀਲੇ ਸੂਟਾਂ ਵਿਚ ਦਫਤਰ ਤੋਂ ਥੱਲੇ ਦੌੜ ਰਹੇ ਹਨ। ਚਿਹਰੇ ਤੇ ਮਖੌਟੇ ਪਾ ਕੇ ਦੌੜ ਰਹੇ ਹਨ। ਅਸੀਂ ਦੇਖਿਆ ਗੱਡੀਆਂ ਵਿਚ ਮਾਵਾਂ ਬੱਚਿਆਂ ਦੀਆਂ ਜੁੱਤੀਆਂ ਉਤਾਰ ਕੇ ਉਨ੍ਹਾਂ ਨੂੰ ਸੀਟਾਂ ਤੇ ਬਿਠਾ ਰਹੀਆਂ ਹਨ ਤਾਂ ਜੋ ਸੀਟਾਂ ਗੰਦੀਆਂ ਨਾ ਹੋ ਜਾਣ। ਅਸੀਂ ਦੇਖਿਆ ਗੱਡੀ ਵਿਚ ਸਫਰ ਕਰਦਿਆਂ ਹਰ ਕੋਈ ਆਪਣੀ ਕਿਤਾਬ ਕੱਢ ਕੇ ਪੜ੍ਹਨ ਲਗ ਪੈਂਦਾ, ਕੋਈ ਵੀ ਫਾਲਤੂ ਗੱਲ ਨਹੀਂ ਸੀ ਕਰਦਾ। ਜਿਥੇ ਵੀ ਅਸੀਂ ਗਏ ਪਤਾ ਨਹੀਂ ਕਿਥੋਂ ਤਿੰਨ ਸੇਵਾਦਾਰ ਹਾਜ਼ਰ ਹੋ ਜਾਂਦੇ, ਆ ਕੇ ਸਿਰ ਨਿਵਾਉਂਦੇ, ਮੁਸਕਰਾਉਂਦੇ ਤੇ ਸਾਡੇ ਲਈ ਕੋਈ ਵੀ ਸੇਵਾ ਕਰਨ ਲਈ ਤਤਪਰ ਹੁੰਦੇ। ਮੈਨੂੰ ਲੱਗਾ ਟੋਕੀਓ ਦੇ ਸਟੋਰ ਵਿਚ ਜਾ ਕੇ ਚੀਜ਼ਾਂ ਖਰੀਦਣਾ ਸਭ ਤੋਂ ਚੰਗਾ ਕੰਮ ਸੀ ਜਿਸ ਨਾਲ ਤੁਹਾਡੀ ਉਦਾਸੀ, ਤੁਹਾਡਾ ਡਿਪਰੈਸ਼ਨ ਦੂਰ ਹੋ ਜਾਂਦਾ ਸੀ। ਉਨ੍ਹਾਂ ਵੱਡੇ ਸਟੋਰਾਂ ਦੇ ਸੇਵਾਦਾਰ ਚਿੱਟੀਆਂ ਵਰਦੀਆਂ ਪਾ ਕੇ ਖੜ੍ਹੇ ਹੁੰਦੇ ਜਿਵੇਂ ਹੀ ਤੁਸੀਂ ਜਾਓ ਉਹ ਤੁਹਾਡੇ ਅੱਗੇ ਨਿਉਂਦੇ ਤੇ ਹਰ ਇਕ ਤੁਹਾਡੀ ਸੇਵਾ ਵਿਚ ਤਤਪਰ ਹੁੰਦਾ। ਜਿਸ ਵੀ ਕਾਊਂਟਰ ਤੇ ਤੁਸੀਂ ਜਾਓ ਓਥੋ ਦੇ ਸੇਵਾਦਾਰ ਖੜ੍ਹੇ ਹੋਣਗੇ, ਤੁਹਾਨੂੰ ਗਿੱਲੀਆਂ ਛਤਰੀਆਂ ਲਈ ਵੱਡੇ ਲੰਮੇ ਪਲਾਸਟਿਕ ਦੇ ਲਿਫਾਫੇ ਦੇਣਗੇ, ਹਰ ਪੌੜੀਆਂ ਤੇ ਖੜ੍ਹੇ ਹੋਣਗੇ, ਹਰ ਦਰਵਾਜ਼ੇ ਤੇ ਖੜ੍ਹੇ ਹੋਣਗੇ, ਤੁਸੀਂ ਤੁਰਦੇ ਜਾਓ ਤੁਹਾਨੂੰ ਹਰ ਕਦਮ ਤੇ ਪੁੱਛਣ ਵਾਲੇ ਹੋਣਗੇ।

ਜਿਨ੍ਹਾਂ ਕੋਲ ਸਵਾਮੀ ਜੀ ਨੇ ਸਾਨੂੰ ਭੇਜਿਆ ਸੀ ਉਹ ਹਰ ਤਰ੍ਹਾਂ ਨਾਲ ਸਾਨੂੰ ਆਰਾਮ ਨਾਲ ਰੱਖਣ ਲਈ ਯਤਨਸ਼ੀਲ ਰਹਿੰਦੇ, ਜੋ ਕੁਝ ਵੀ ਸਾਨੂੰ ਚਾਹੀਦਾ ਸਾਨੂੰ ਤੁਰੰਤ ਹਾਜ਼ਰ ਕਰਦੇ ਅਸੀਂ ਓਥੇ ਸਵਾਮੀ ਜੀ ਦੇ ਹੁਕਮ ਲਈ ਇਕ ਵਿਸ਼ਵ ਪੱਧਰ ਦੀ ਕਾਨਫਰੰਸ ਕਰਨ ਲਈ ਇਨ੍ਹਾਂ ਦੀ ਸਹਾਇਤਾ ਕਰਨ ਗਏ ਸੀ, ਕਾਨਫਰੰਸ ਦਾ ਵਿਸ਼ਾ ਸੀ, Peace and future of humanity ਅਸੀਂ ਉਨ੍ਹਾਂ ਨੂੰ ਸੁਝਾਓ ਵੀ ਦਿੰਦੇ ਸੀ। ਵਿਸ਼ਵ ਭਰ ਤੋਂ ਕਿਹੜੇ ਸੱਜਣ ਬੁਲਾਉਣੇ ਹਨ ਇਹ ਵੀ ਦਸਦੇ ਸੀ। ਵਾਸਤਵ ਵਿਚ ਅਸੀਂ ਪੂਰਬ ਤੇ ਪੱਛਮ ਵਿਚ ਇਕ ਸੇਤੂ ਦੇ ਪ੍ਰਕਾਰ ਕੰਮ ਕਰ ਰਹੇ ਸੀ। ਅਸੀਂ ਸਾਰੇ ਕਰਮਚਾਰੀਆਂ ਨੂੰ ਅੰਗ੍ਰੇਜ਼ੀ ਪੜ੍ਹਾਈ, ਅਸੀਂ ਬਹੁਤ ਸਾਰੇ ਅਧਿਆਤਮਕ ਆਗੂਆਂ ਦੀਆਂ ਲਿਖਤਾਂ ਦਾ ਉਲਥਾ ਵੀ ਕੀਤਾ।

ਸਵਾਮੀ ਜੀ ਸਾਨੂੰ ਲਗਾਤਾਰ ਚਿੱਠੀਆਂ ਲਿਖਦੇ ਰਹੇ ਤੇ ਸਾਨੂੰ ਇਹ ਬਾਰ-ਬਾਰ ਕਹਿੰਦੇ ਰਹੇ ਕਿ ਅਸੀਂ ਜਾਪਾਨ ਵਿਚ ਹੋਣ ਦਾ ਵੱਧ ਤੋਂ ਵੱਧ ਲਾਭ ਉਠਾਈਏ। ਉਹ ਥਰੀਸਾ ਨੂੰ ਲਿਖਦੇ ਰਹੇ ਕਿ ਉਸ ਦੇ ਸੋਫੇ ਤੇ ਕੁੱਤਾ ਬੜੀ ਚੰਗੀ ਤਰ੍ਹਾਂ ਆਰਾਮ ਕਰਦਾ ਹੈ ਤੇ ਮੇਰਾ ਵਿਚਾਰ ਹੈ ਕਿ ਤੂੰ ਹੁਣ ਉਹ ਸੋਫਾ ਵਾਪਸ ਨਹੀਂ ਲਵੇਂਗੀ। ਉਹ ਸਾਨੂੰ ਬਾਰ-ਬਾਰ ਲਿਖਦੇ ਕਿ ਅਸੀਂ ਜਾਪਾਨ ਦਾ ਸਭਿਆਚਾਰ ਦੇਖੀਏ ਜਾਚੀਏ ਤੇ ਉਸ ਤੋਂ ਸਿਖੀਏ ਵੀ ਤੇ ਮਾਣੀਏ ਵੀ। ਅਸੀਂ ਜਿਥੇ-ਜਿਥੇ ਜਾ ਸਕਦੇ ਜਾਂਦੇ। ਜਿਥੇ ਵੀ ਕੋਈ ਪ੍ਰੋਗਰਾਮ ਹੁੰਦਾ, ਕੋਈ ਕਲਾ ਨਾਲ ਸਬੰਧਤ ਕੋਈ ਵੀ ਸਭਿਆਚਾਰ ਨਾਲ ਸਬੰਧ ਰਖਦਾ ਕੁਝ ਵੀ ਹੁੰਦਾ ਅਸੀਂ ਜ਼ਰੂਰ ਜਾਂਦੇ। ਥਰੀਸਾ ਨੇ ਕਿਮੋਨੋ (ਜਾਪਾਨੀ ਡਰੈਸ) ਵੀ ਪਾਣਾ ਸਿੱਖ ਲਿਆ। ਜਾਪਾਨੀਆਂ ਦਾ ਚਾਹ ਪੀਣ ਦਾ ਰਿਵਾਜ ਵੀ ਥਰੀਸਾ ਨੇ ਸਿੱਖ ਲਿਆ, ਉਨ੍ਹਾਂ ਦਾ ਫੁੱਲ ਲਗਾਉਣ ਦਾ ਅਨੋਖਾ ਤਰੀਕਾ, ਮੈਂ ਉਨ੍ਹਾਂ ਦੇ ਇਤਿਹਾਸ ਦੀਆਂ ਕਲਾਸਾਂ ਵਿਚ ਜਾਣਾ ਸ਼ੁਰੂ ਕਰ ਦਿਤਾ। ਅਸੀਂ ਓਥੇ ਦੀ ਪੇਨਟਿੰਗ ਦੀਆਂ ਕਲਾਸਾਂ ਵਿਚ ਵੀ ਜਾਣਾ ਸ਼ੁਰੂ ਕੀਤਾ। ਅਸੀਂ ਉਥੇ ਇਕ ਜਗ੍ਹਾ ਪੰਜ ਘੰਟੇ ਦੀ ਚਾਹ ਪੀਣ ਵਿਚ ਵੀ ਹਿੱਸਾ ਲਿਆ।

ਟੋਕੀਓ ਸ਼ਹਿਰ ਦੇ ਬਿਲਕੁਲ ਵਿਚਕਾਰ ਇਕ ਬੋਧੀ ਮੱਠ ਵਿਚ ਉਹ ਬੜੇ ਹੀ ਅਧਿਆਤਮਕ ਤਰੀਕੇ ਨਾਲ ਖਾਣਾ ਬਣਾ ਕੇ ਦਿੰਦੇ ਸੀ। ਉਸ ਮੱਠ ਦੇ ਮੁਖੀ Abbcaa koei Hoshino ਸਦੀਆਂ ਪੁਰਾਣੀ ਜਾਪਾਨ ਦੇ ਤਰੀਕੇ ਨਾਲ ਖਾਣਾ ਤਿਆਰ ਕਰਕੇ ਆਪ ਹੀ ਬੜੇ ਪਿਆਰ ਨਾਲ ਪਰੋਸਦੇ ਸੀ। ਹਰ ਇਕ ਖਾਣੇ ਦੇ ਸੱਤ ਕੋਰਸ ਹੁੰਦੇ ਸੀ। ਬਹੁਤ ਹੀ ਸਲੀਕੇ ਨਾਲ ਸਜਾ ਕੇ ਪਰੋਸੇ ਜਾਂਦੇ ਸੀ। ਸਜ਼ਾਵਟ ਤੇ ਪਰੋਸਣ ਤੇ ਬਹੁਤ ਹੀ ਧਿਆਨ ਦਿਤਾ ਜਾਂਦਾ ਸੀ। ਖਾਣੇ ਦੀ ਰੰਗ ਤੇ ਉਸ ਦੀ ਖੁਸ਼ਬੂ ਤੇ ਵੀ ਬਹੁਤ ਹੀ ਖਾਸ ਧਿਆਨ ਦਿੱਤਾ ਜਾਂਦਾ। ਇਸ ਗੱਲ ਨੂੰ ਦੇਖਿਆ ਜਾਂਦਾ ਕਿ ਖਾਣਾ ਮੌਸਮ ਦੇ ਅਨੁਸਾਰ ਹੋਵੇ। ਥਰੀਸਾ ਇਹ ਸਭ ਕੁਝ ਦੇਖ ਕੇ ਬਹੁਤ ਹੀ ਪ੍ਰਭਾਵਿਤ ਹੋਈ। ਉਹ ਬੀਬੀ ਜਿਹੜੀ ਓਥੇ ਰਸੋਈ ਵਿਚ ਹੁੰਦੀ ਸੀ, ਉਸ ਦੀ ਸਮਝਦਾਰੀ ਉਸ ਦੇ ਤਰੀਕੇ ਤੋਂ ਜੋ ਵੀ ਉਹ ਜਿਸ ਤਰ੍ਹਾਂ ਵੀ ਕਰਦੀ, ਉਹ ਇਕ ਕਲਾ ਹੀ ਹੁੰਦੀ ਤੇ ਉਸ ਦਾ ਗੁੱਝਾ ਸਬੰਧ ਆਤਮਕ ਦਰਸ਼ਨ ਅਧਿਆਤਮਵਾਦ ਨਾਲ ਹੁੰਦਾ। ਥਰੀਸਾ ਨੇ ਉਸ ਦੀਆਂ ਕਲਾਸਾਂ ਵਿਚ ਜਾਣਾ ਸ਼ੁਰੂ ਕੀਤਾ, ਉਹ ਕੋਰਸ ਪੂਰਾ ਕੀਤਾ। ਉਸ ਦੀ ਇੰਟਰਵਿਊ ਆਪਣੀ ਪੁਸਤਕ ਲਈ ਕੀਤੀ ਤੇ ਉਸ ਦੀ ਇਕ ਵਿਸ਼ੇਸ਼ ਕਲਾ ਦੀ ਪ੍ਰਸੰਸਾ ਹੀ ਨਹੀਂ ਕੀਤੀ, ਉਸ ਦੇ ਮਹੱਤਵ ਨੂੰ ਅੱਗੇ ਰੱਖ ਕੇ ਲਿਖਿਆ।

ਸਾਨੂੰ ਸ਼ਹਿਰ ਵਿਚ ਤੁਰਨਾ ਚੰਗਾ ਲਗਦਾ ਸੀ। ਸ਼ਹਿਰ ਦੇ ਆਲੇ ਦੁਆਲੇ ਜਾਣਾ, ਦੇਖਣਾ ਚੰਗਾ ਲਗਦਾ ਸੀ। ਥੋੜ੍ਹੀ

ਦੇਰ ਅਸੀਂ ਤੁਰਦੇ ਫੇਰ ਸਾਨੂੰ ਕੋਈ ਅਚੰਭਾ ਦਿਖਦਾ, ਕਦੀ ਕੋਈ ਸ਼ਿੰਟੋ ਦਾ ਮੰਦਰ ਦਿਸਦਾ, ਮੂਰਤੀ ਦੇ ਅੱਗੇ ਕੋਈ ਫਲ ਪਏ ਹੁੰਦੇ, ਕੋਈ ਪੈਸੇ ਪਏ ਹੁੰਦੇ, ਕਈ ਕਲਾਕਾਰ ਅੱਗੇ ਉਥੋ ਦੀਆਂ ਖਾਸ ਦਰੀਆਂ ਬੁਣ ਰਹੇ ਹੁੰਦੇ। ਕੋਈ ਫੁੱਲ ਲਗਾ ਰਹੇ ਹੁੰਦੇ, ਕੋਈ ਛੋਟੀ ਕਿਸਮ ਦੇ ਦਰਖਤ ਲਗਾ ਰਿਹਾ ਹੁੰਦਾ, ਕਦੀ ਅਸੀਂ ਗਰਮੀਆਂ ਵਿਚ ਪਿਕਨਿਕ ਤੇ ਜਾਂਦੇ ਦਰਖਤਾਂ ਦੇ ਝੁੰਡ ਦੇ ਥੱਲੇ ਬੈਠ ਕੇ ਆਰਾਮ ਕਰਦੇ ਖਾਂਦੇ ਪੀਂਦੇ, ਕਦੀ ਅਸੀਂ ਓਥੇ ਦਾ ਰਾਤ ਦਾ ਜੀਵਨ ਤਮਾਸ਼ਾ ਦੇਖਣ ਜਾਂਦੇ, ਬਹੁਤ ਵਾਰੀ ਸਾਨੂੰ ਰਾਤ ਨੂੰ ਪਟਾਕੇ ਚਲਾਉਣ ਦੀ ਆਵਾਜ਼ ਆਉਂਦੀ।

ਅਸੀਂ ਆਪਣੇ ਉਲਥਾਕਾਰ ਨੂੰ ਨਾਲ ਲੈ ਕੇ Kyoto ਗਏ। ਉਥੇ ਜਾ ਕੇ ਸਰਾਂ ਵਿਚ ਠਹਿਰੇ, ਵੱਡੇ-ਵੱਡੇ ਮੰਦਰਾਂ ਵਿਚ ਗਏ ਓਥੇ ਦੇ ਬਾਗਾਂ ਵਿਚ ਗਏ, ਜ਼ੈਨ ਧਰਮ ਦੇ ਮੱਠਾਂ ਵਿਚ ਗਏ, ਪੁਰਾਣੇ ਮਹੱਲਾਂ ਵਿਚ ਗਏ, ਹੋਰ ਕਈ ਪੁਰਾਣੇ ਸ਼ਹਿਰਾਂ ਵਿਚ ਗਏ।

ਅਸੀਂ ਉਥੇ ਦੀ ਗੱਡੀ ਵਿਚ ਬੈਠ ਕੇ ਐਲਪਸ (Alps) ਗਏ Takayama ਦੇ ਸ਼ਹਿਰ ਗਏ Hide ਗਏ। ਜਾਪਾਨ ਦੇ ਮਿਥਿਹਾਸ ਵਿਚ Hide ਨੂੰ ਮਾਨਵਤਾ ਦੀ ਆਤਮਾ ਮੰਨਿਆ ਜਾਂਦਾ ਹੈ। ਇਥੇ ਹੀ Mahikari ਨੇ ਆਪਣਾ ਸਭ ਤੋਂ ਵੱਡਾ ਮੰਦਰ ਬਣਾਇਆ ਹੈ। ਇਸ ਦਾ ਬੜਾ ਵੱਡਾ ਸੋਨੇ ਦੀ ਗੁੰਬਦ ਹੈ, ਅਸੀਂ ਓਥੇ ਸੀ ਜਦੋਂ ਉਨ੍ਹਾਂ ਦੀ ਮਹੀਨੇ ਵਾਰ ਦੀ ਰਸਮ ਕੀਤੀ। ਹਰ ਵਾਰ ਮਹੀਨੇ ਦੀ ਰਸਮ ਤੋਂ ਬਾਅਦ ਓਥੇ ਦਾ ਮੁਖੀ ਸਵਾਮੀ ਜੀ ਬਾਰੇ ਪੁਛਦਾ ਅਸੀਂ ਹਮੇਸ਼ਾ ਹੀ ਉਸ ਨੂੰ ਕੋਈ ਸਨੇਹਾ ਜ਼ਰੂਰ ਦਿੰਦੇ, ਉਹ ਪ੍ਰਸੰਨ ਹੋ ਜਾਂਦਾ।

ਜਾਪਾਨ ਦਾ ਟੀਵੀ ਬਹੁਤ ਹੀ ਹਾਸੋਹੀਣਾ ਹੁੰਦਾ ਟੀਵੀ ਤੇ ਖੇਡਾਂ ਦਿਖਾਈਆਂ ਜਾਂਦੀਆਂ। ਉਨ੍ਹਾਂ ਵਿਚ ਬਹੁਤ ਹੀ ਰੌਲਾ ਗੌਲਾ ਹੁੰਦਾ ਜਿਵੇਂ ਕਿ ਵਲੈਤ ਵਿਚ ਹੁੰਦਾ ਹੈ। ਹਫਤੇ ਵਿਚ ਇਕ ਵਾਰੀ ਅੰਗਰੇਜ਼ੀ ਦੀ ਫਿਲਮ ਦਿਖਾਈ ਜਾਂਦੀ, ਅਸੀਂ ਉਸ ਦਿਨ ਅਮਰੀਕਨ ਦੋਸਤਾਂ ਨੂੰ ਜ਼ਰੂਰ ਬੁਲਾਉਂਦੇ ਤੇ ਉਸ ਦਿਨ ਅਸੀਂ ਰਾਤ ਦੀ ਰੋਟੀ ਵੀ ਇਕੱਠੀ ਹੀ ਖਾਂਦੇ। ਇਕ ਵਾਰੀ ਰੋਟੀ ਤੋਂ ਬਾਅਦ ਮੈਂ ਚਾਹ ਪੀ ਰਿਹਾ ਸੀ ਮੇਰਾ ਪਿਆਲਾ ਰਿੜ੍ਹਿਆ, ਫੇਰ ਵਾਪਸ ਹੋ ਗਿਆ। ਮੈਂ ਹੱਸ ਕੇ ਕਹਿ ਰਿਹਾ ਸੀ ਵਾਹ ਕਿਆ ਜਾਪਾਨ ਦੀ ਕਰਾਮਾਤ ਹੈ, ਫੇਰ ਇਕ ਦਮ ਸਭ ਕੁਝ ਹਿੱਲਣ ਲਗ ਪਿਆ। ਸਭ ਕੁਝ ਥੱਲੇ ਡਿਗ ਪਿਆ, ਕਾਫੀ ਜ਼ੋਰ ਦੀ ਭੁਚਾਲ ਆ ਗਿਆ। ਸਾਰੀ ਇਮਾਰਤ ਡਿੱਗ ਪਈ ਹੋਰ ਵੀ ਕਈ ਕੁਝ ਡਿਗ ਪਿਆ ਪਰ ਕੋਈ ਜਾਨ ਦਾ ਨੁਕਸਾਨ ਨਹੀਂ ਹੋਇਆ।

ਅਸੀਂ ਦੇਖਦੇ ਸੀ ਕਿ ਜਾਪਾਨ ਵਿਚ ਭੁਚਾਲ ਉਸ ਤਰ੍ਹਾਂ ਹੀ ਆਉਂਦਾ ਸੀ ਜਿਵੇਂ ਮਿਨੇਸੋਟਾ ਵਿਚ ਬਰਫ। ਮੈਂ ਪੰਜਾਹ ਭੁਚਾਲਾਂ ਤਕ ਗਿਣਿਆ, ਫੇਰ ਮੈਂ ਛੱਡ ਦਿਤਾ, ਬਹੁਤ ਸਾਰੇ ਤਾਂ ਬੜੇ ਮਾਮੂਲੀ ਜਿਹੇ ਝਟਕੇ ਹੀ ਹੁੰਦੇ, ਜਿਹੜੇ ਅਸੀਂ ਬਾਹਰ ਸੜਕ ਤੇ ਟੁਰਦਿਆਂ ਮਹਿਸੂਸ ਕਰਦੇ, ਕੋਈ ਵੀ ਇਹੋ ਜਿਹੇ ਝਟਕਿਆਂ ਦੀ ਪ੍ਰਵਾਹ ਨਹੀਂ ਸੀ ਕਰਦਾ, ਜਦੋਂ ਤਕ ਬਹੁਤ ਜ਼ੋਰ ਦੀ ਨਹੀਂ ਸੀ ਆਉਂਦਾ। ਜ਼ੋਰ ਦਾ ਭੁਚਾਲ ਮਹੀਨੇ ਵਿਚ ਇਕ ਵਾਰੀ ਆਉਂਦਾ ਸੀ।

ਇਕ ਦਿਨ ਟੋਕੀਓ ਵਿਚ ਮੈਨੂੰ William Johnston ਮਿਲਿਆ। ਉਹ ਆਇਰਲੈਂਡ ਦਾ ਰਹਿਣ ਵਾਲਾ ਸੀ ਤੇ Sopnia University ਵਿਚ ਧਾਰਮਿਕ ਵਿਦਿਆ ਪੜ੍ਹਾਉਂਦਾ ਸੀ। ਉਹ ਬਹੁਤ ਸਾਰੀਆਂ ਪਰਪਾਟੀਆਂ ਦਾ ਅਨੁਆਈ ਸੀ। ਆਤਮ ਮਾਰਗ ਤੇ ਚੱਲ ਕੇ ਮੈਡੀਟੇਸ਼ਨ ਵੀ ਕਰਦਾ ਸੀ। ਉਸ ਨੇ ਮੈਨੂੰ ਆਪਣੀ ਕਲਾਸ ਵਿਚ ਬੁਲਾਇਆ। ਮੈਨੂੰ ਬਹੁਤ ਹੀ ਚੰਗਾ ਲੱਗਾ ਇਹ ਇਕ ਵਖਰੀ ਤਰ੍ਹਾਂ ਦਾ ਹੀ ਅਨੁਭਵ ਸੀ। ਮੈਂ ਤੇ ਦੋ ਬੋਧੀ ਬੀਬੀਆਂ nuns ਅਸੀਂ ਬੈਠ ਕੇ ਬੋਧੀਆਂ ਤੇ ਯੋਗਾ ਤੇ ਵਾਦ ਵਿਵਾਦ ਕਰਦੇ। johanston ਪਿਛੇ ਬੈਠ ਕੇ ਹਸਦਾ। ਜਦੋਂ ਅਸੀਂ ਤਿੰਨੋਂ ਹੀ ਜ਼ੋਰ ਜ਼ੋਰ ਦੀ ਲੱਗੇ ਹੁੰਦੇ ਮੈਨੂੰ ਲਗਦਾ ਬੋਧੀਆਂ ਦੀ ਸਭ ਤੋਂ ਵੱਧ ਗਲਤੀ ਇਹ ਹੈ ਕਿ ਉਹ ਇਛਾਵਾਂ ਨੂੰ ਮਾਰਨ ਦੀ ਗੱਲ ਕਰਦੇ ਹਨ। ਮੈਨੂੰ ਤਾਂ ਮਨੁੱਖ ਇਕ ਉਦੇਸ਼ਵਾਦੀ ਹੀ ਲਗਦਾ ਹੈ। ਕੀ ਨਿਰਵਾਨ ਪ੍ਰਾਪਤੀ ਦੀ ਇੱਛਾ ਵਿਚ ਬਾਕੀ ਸਾਰੀਆਂ ਇਛਾਵਾਂ ਖਤਮ ਕਰ ਦਿਤੀਆਂ ਜਾਂਦੀਆਂ ਹਨ। ਇਕ ਦਿਨ ਸਾਡੀ ਬਹਿਸ ਚਲ ਪਈ ਕਿ ਬੁੱਧ ਵਿਚ ਹਉਮੈ ਸੀ ਕਿ ਨਹੀਂ। ਉਹ ਨੱਨ ਕਹਿਣ ਲੱਗੀ ਬੁੱਧ ਵਿਚ ਬਿਲਕੁਲ ਵੀ ਹਉਮੈ ਨਹੀਂ ਸੀ ਮੈਂ ਉਸ ਤੋਂ ਬਿਲਕੁਲ ਉਲਟ ਕਹਿੰਦਾ ਸੀ, ਮੰਨਦਾ ਸੀ।

ਸੱਚਮੁੱਚ ਮੈਂ ਕਿਹਾ, ਮੈਂ ਭਾਵੇਂ ਆਪ ਅੰਦਰੋਂ ਹਉਮੈ ਨਾਲ ਭਖ ਰਿਹਾ ਸੀ, ਜੇ ਇਹ ਨਹੀਂ ਤਾਂ ਬੁੱਧ ਸਾਰੀ ਥਾਂ ਦੌੜਦੇ ਕਿਉਂ ਫਿਰਦੇ ਰਹੇ ਕਿ ਉਨ੍ਹਾਂ ਨੂੰ ਪ੍ਰਾਪਤੀ ਹੋ ਗਈ ਹੈ। ਮੈਨੂੰ ਤਾਂ ਲਗਦਾ ਹੈ ਕਿ ਉਨ੍ਹਾਂ ਦੀ ਹਉਮੈ ਹੀ ਸੀ ਜਿਹੜਾ ਉਹ ਸਾਰੀ ਦੁਨੀਆਂ ਨੂੰ ਮੁਕਤੀ ਦੇਣ ਲਈ ਇੱਛਾ ਰਖਦੇ ਸੀ, ਹਰ ਇਕ ਨੂੰ ਮੁਕਤ ਕਰਾ ਦੇਣਾ ਚਾਹੁੰਦੇ ਸੀ।

ਬੱਸ ਐਨੀ ਹੀ ਕਹਿਣ ਦੀ ਦੇਰ ਸੀ ਮੇਰੇ ਸ਼ਬਦ ਜਿਵੇਂ ਅਤਿ ਅਪਵਿੱਤਰ ਹੋਣ, ਮਰਿਆਦਾ ਭੰਗ ਕਰਣ ਵਾਲੇ ਹੋਣ। ਉਹ ਨਨ ਤਾਂ ਜਿਵੇਂ ਆਪੇ ਤੋਂ ਬਾਹਰ ਹੋ ਗਈ ਹੋਵੇ ਉਹ ਆਪਣੇ ਆਪ ਨੂੰ ਸਮਾ ਨਾ ਸਕੀ, ਉਸ ਨੇ ਸਾਰੀਆਂ ਕਿਤਾਬਾਂ ਸਮੇਟੀਆਂ ਤੇ ਕਲਾਸ ਵਿਚੋਂ ਬਾਹਰ ਨਿਕਲ ਗਈ ਤੇ ਮੁੜ ਕੇ ਕਦੇ ਆਈ ਨਹੀਂ। ਮੈਂ ਵੀ ਅਲਵਿਦਾ ਕਿਹਾ ਤੇ ਕਿਹਾ ਇਹ ਤਾਂ ਸਾਰੀ ਮਾਇਆ ਹੀ ਹੈ।

ਸਾਡਾ ਜਾਪਾਨ ਵਿਚ ਰਹਿੰਦਿਆਂ ਇਕ ਸਾਲ ਪੂਰਾ ਹੀ ਹੋਣ ਵਾਲਾ ਸੀ ਕਿ ਅਮਰੀਕਾ ਤੋਂ ਸਵਾਮੀ ਜੀ ਦਾ ਸੱਦਾ ਆ ਗਿਆ। ਹਮੇਸ਼ਾ ਦੀ ਤਰ੍ਹਾਂ ਸਾਲਾਨਾ ਕਾਨਫਰੰਸ ਹੋਣ ਜਾ ਰਹੀ ਸੀ ਤੇ ਮੈਨੂੰ ਇਸ ਗੱਲ ਦਾ ਵੀ ਲਾਲਚ

ਸੀ ਕਿ ਮੈਂ ਸਵਾਮੀ ਜੀ ਨਾਲ ਇਕੱਲੇ ਸਮਾਂ ਬਿਤਾ ਸਕਾਂਗਾ, ਮੈਨੂੰ ਇਕ ਸਾਲ ਹੋ ਗਿਆ ਸੀ। ਸਵਾਮੀ ਜੀ ਨੂੰ ਮਿਲਣ ਲਈ ਮੈਂ ਸੱਚਮੁੱਚ ਹੀ ਤਰਸ ਰਿਹਾ ਸੀ। 1984 ਤੋਂ ਮੇਰੇ ਮਨ ਵਿਚ ਆ ਰਿਹਾ ਸੀ ਕਿ ਮੈਨੂੰ ਸੰਨਿਆਸ ਲੈ ਲੈਣਾ ਚਾਹੀਦਾ ਹੈ ਤੇ ਮੈਂ ਸਵਾਮੀ ਜੀ ਨਾਲ ਇਹ ਗੱਲ ਵੀ ਕਰ ਲੈਣਾ ਚਾਹੁੰਦਾ ਸੀ। ਮੈਂ ਭਾਵੇਂ ਆਪਣੀ ਪਤਨੀ ਨੂੰ ਬਹੁਤ ਹੀ ਪਿਆਰ ਕਰਦਾ ਸੀ ਫੇਰ ਵੀ ਮੈਂ ਸੰਨਿਆਸ ਹੀ ਲੈਣਾ ਚਾਹੁੰਦਾ ਸੀ। ਸੋ ਮੈਂ ਟੋਕੀਓ ਨੂੰ ਛੱਡ ਕੇ ਨਿਊਯਾਰਕ ਆ ਗਿਆ ਤੇ ਇਕ ਵਾਰੀ ਫੇਰ ਸਵਾਮੀ ਜੀ ਦੇ ਚਰਨਾਂ ਵਿਚ ਆ ਗਿਆ।

ਸਵਾਮੀ ਜੀ ਦੇ ਚਰਨਾਂ ਵਿਚ ਆ ਕੇ ਐਨਾ ਅਨੰਦ ਆ ਰਿਹਾ ਸੀ ਕਿ ਉਸ ਨੂੰ ਬਿਆਨ ਹੀ ਨਹੀਂ ਕੀਤਾ ਜਾ ਸਕਦਾ ਭਾਵੇਂ ਮੈਨੂੰ ਇਕੱਲੇ ਤਾਂ ਸਵਾਮੀ ਜੀ ਨਾਲ ਸਮਾਂ ਘੱਟ ਹੀ ਮਿਲਿਆ ਫੇਰ ਵੀ ਬਹੁਤ ਹੀ ਚੰਗਾ ਲੱਗਾ। ਸਵਾਮੀ ਜੀ ਨੇ ਆਪਣੀ ਨਵੀਂ ਪੁਸਤਕ The Perennial psychology of the Bhagavad Gita ਮੈਨੂੰ ਦਿਤੀ ਤੇ ਮੈਂ ਉਨ੍ਹਾਂ ਨੂੰ ਆਪਣੀ ਸੰਨਿਆਸ ਲੈਣ ਦੀ ਤੀਬਰ ਇੱਛਾ ਬਾਰੇ ਦੱਸਿਆ। ਸਵਾਮੀ ਜੀ ਕਹਿਣ ਲੱਗੇ, ਤੂੰ ਦੋ ਸਾਲ ਦੇਰ ਕਰ ਦਿਤੀ।

ਇਹ ਗੱਲ ਹੋ ਹੀ ਰਹੀ ਸੀ ਕਿ ਬਹੁਤ ਸਾਰੇ ਲੋਕ ਸਵਾਮੀ ਜੀ ਦੇ ਕਮਰੇ ਵਿਚ ਆ ਗਏ ਤੇ ਮੈਂ ਸਮਝ ਗਿਆ ਕਿ ਹੁਣ ਮੈਨੂੰ ਉਹ ਜਿਹੀ ਤਵਜੋ ਸਵਾਮੀ ਜੀ ਨਹੀਂ ਦੇਣਗੇ ਜਿਸ ਦੀ ਮੈਨੂੰ ਇਸ ਵੇਲੇ ਲੋੜ ਹੈ। ਇਸ ਤੋਂ ਬਾਅਦ ਅਸੀਂ ਮਿਲ ਹੀ ਨਹੀਂ ਸਕੇ। ਮੈਂ ਜਾਪਾਨ ਵਾਪਸ ਆਉਣਾ ਸੀ, ਉਨ੍ਹਾਂ ਦੇ ਸ਼ਬਦ ਮੈਨੂੰ ਅੱਗੇ ਦਾ ਰਾਹ ਨਾ ਦਿਖਾ ਸਕੇ। ਸੋ ਹਾਲ ਦੀ ਘੜੀ ਮੈਂ ਸੰਨਿਆਸ ਦਾ ਵਿਚਾਰ ਇਕ ਪਾਸੇ ਹੀ ਕਰ ਦਿਤਾ।

ਜਦੋਂ ਮੈਂ Sophia University ਵਿਚ ਹੀ ਸੀ, ਪਤਾ ਲੱਗਾ ਕਿ ਉਥੇ ਇਕ ਮਹਾਂਪੁਰਖ ਆਏ ਹਨ ਉਹ ਬੋਧ ਧਰਮ ਦੀ Zen ਪਰਪਾਟੀ ਬਾਰੇ ਆਪਣੇ ਮੱਠ ਵਿਚ ਦਸਦੇ ਹਨ ਤੇ ਉਸ ਉਤੇ ਅਧਿਅਨ ਕਰਾਉਂਦੇ ਹਨ। ਉਨ੍ਹਾਂ ਮਹਾਂਪੁਰਖਾਂ ਨੇ ਇਹ ਮੱਠ 1980 ਵਿਚ ਸ਼ੁਰੂ ਕੀਤਾ ਸੀ। ਉਨ੍ਹਾਂ ਦਾ ਨਿਸ਼ਾਨਾ ਸੀ ਜਿੰਨੇ ਧਰਮ ਹਨ ਉਨ੍ਹਾਂ ਬਾਰੇ ਖੋਜ ਕਰਕੇ ਉਨ੍ਹਾਂ ਦੇ ਗੁਣ ਜਿਹੜੇ ਇਸਾਈ ਮਤ ਨਾਲ ਸਾਂਝੇ ਹਨ ਉਹ ਇਕੱਠੇ ਕੀਤੇ ਜਾਣ।

ਇਕ ਨੌਜਵਾਨ ਪਾਦਰੀ ਮੇਰੇ ਨਾਲ 60 ਮੀਲ ਪਹਾੜਾਂ ਤੇ ਚੜ੍ਹਿਆਂ ਜੋ ਉਹ ਜੈਨ ਬੋਧੀਆਂ ਬਾਰੇ ਵਧੇਰੇ ਜਾਣ ਸਕਣ। ਮੈਂ ਬੋਧੀ ਭਿਖਸ਼ੂਆਂ ਨੂੰ ਬਹੁਤ ਨੇੜੇ ਤੋਂ ਦੇਖਣਾ ਚਾਹੁੰਦਾ ਸੀ। ਕੇਵਲ ਇਸ ਕਰਕੇ ਕਿ ਉਨ੍ਹਾਂ ਨੂੰ ਦੇਖ ਕੇ ਸ਼ਾਇਦ ਮੇਰਾ ਜੀ ਪਾਦਰੀ ਬਣਨ ਨੂੰ ਕਰ ਆਵੇ। ਬਹੁਤ ਸਾਲ ਪਹਿਲਾਂ ਮੈਨੂੰ ਕਿਹਾ ਸੀ ਕੈਥੋਲਿਕ ਪਾਦਰੀ ਬਣਨਾ ਮੇਰਾ ਲਈ ਠੀਕ ਨਹੀਂ ਪਰ ਸ਼ਾਇਦ ਬੋਧੀ ਭਿਖਸ਼ੂ ਬਣਨਾ ਠੀਕ ਹੋਵੇ ਕਿਉਂਕਿ ਇਸ ਵਿਚ ਮੈਡੀਟੇਸ਼ਨ ਦੀ ਖਾਸ ਥਾਂ ਹੈ ਅਸੀਂ ਤੁਰਦੇ ਤੁਰਦੇ ਮੈਡੀਟੇਸ਼ਨ ਬਾਰੇ ਗੱਲਾਂ ਕਰੀ ਜਾ ਰਹੇ ਸੀ।

ਪਾਦਰੀ ਕਹਿਣ ਲੱਗਾ ਕਿ ਮੈਨੂੰ ਤਾਂ ਸਰਟੀਫਿਕੇਟ ਮਿਲਿਆ ਹੋਇਆ ਹੈ। ਮੈਂ ਤਾਂ ਪਹਿਲਾਂ ਕਦੀ ਇਹੋ ਜਿਹੀ ਗੱਲ ਸੁਣੀ ਨਹੀਂ ਸੀ। ਮੈਂ ਪੁਛਿਆ ਇਹ ਕਿਸ ਤਰ੍ਹਾਂ ਹੁੰਦਾ ਹੈ,ਕ੍ਰਿਪਾ ਕਰਕੇ ਮੈਨੂੰ ਦੱਸੋ।

ਤੁਸੀਂ ਪਾਦਰੀ ਕੋਲ ਜਾਂਦੇ ਹੋ ਜਿਸ ਨੂੰ ਰੋਸ਼ੀ ਕਹਿੰਦੇ ਹਨ ਉਹ ਦੇਖਦਾ ਹੈ ਕਿ ਤੁਸੀਂ Kensho (ਬੁੱਧ ਧਰਮ ਵਿਚ ਆਤਮ ਗਿਆਨ) ਪ੍ਰਾਪਤ ਕਰ ਲਿਆ ਹੈ ਕਿ ਨਹੀਂ ਜੇ ਕਰ ਲਿਆ ਹੈ ਤਾਂ ਉਹ ਤੁਹਾਨੂੰ ਸਰਟੀਫਿਕੇਟ ਦੇ ਦਿੰਦਾ ਹੈ।

ਮੈਂ ਪੁਛਿਆ ਤੁਹਾਡਾ ਭਾਵ ਗਿਆਨ ਪ੍ਰਕਾਸ਼ ਤੋਂ ਹੈ ਉਹ ਕਹਿਣ ਲੱਗੇ kensho ਨੂੰ saton ਵੀ ਕਹਿੰਦੇ ਹਨ।

ਮੈਂ ਪੁਛਿਆ, ਤੁਹਾਨੂੰ ਆਤਮ ਗਿਆਨ ਪ੍ਰਾਪਤ ਹੈ ਮੈਨੂੰ ਇਹ ਜਾਨਣ ਦੀ ਬੜੀ ਉਤਸੁਕਤਾ ਸੀ।

ਉਹ ਮੁਸਕਰਾ ਕੇ ਕਹਿਣ ਲੱਗਾ, ਹਾਂ ਬਿਲਕੁਲ।

ਮੇਰੇ ਅੰਦਰ ਮੈਨੂੰ ਲਗ ਰਿਹਾ ਸੀ ਆਤਮਕ ਗਿਆਨ ਦੀ ਪ੍ਰਾਪਤੀ ਤੁਹਾਡੀ ਹੋਈ ਹੈ ਤੁਹਾਡੇ ਆਪਣੇ ਲਈ ਹੋਈ। ਬਾਹਰੋਂ ਕਿਸ ਕੋਲੋਂ, ਕਿਸ ਸਰਟੀਫਿਕਿਟ ਦੀ ਲੋੜ ਹੈ, ਇਹ ਤਾਂ ਕੇਵਲ ਤੁਹਾਡਾ ਆਪਣਾ ਨਿਜੀ ਅਨੁਭਵ ਹੈ। ਮੈਂ ਪੁਛਿਆ ਕੀ ਮੈਂ ਹੋਰ ਕੁਛ ਪੁਛ ਸਕਦਾ ਹਾਂ। ਉਨ੍ਹਾਂ ਨੇ ਕਿਹਾ ਜ਼ਰੂਰ ਕਿਉਂ ਨਹੀਂ। ਮੈਂ ਸੋਚਿਆ ਮੈਂ ਥੋੜ੍ਹਾ ਹੋਰ ਡੂੰਘਾ ਜਾਂਦਾ ਹਾਂ, ਮੈਂ ਬਹੁਤ ਹੀ ਯਥਾਰਥ ਵਿਚ ਹੋ ਕੇ ਪੁਛਿਆ।

ਜਦੋਂ ਮਨ Kensho (ਬੋਧ ਧਰਮ ਵਿਚ ਆਤਮਕ ਗਿਆਨ) ਪ੍ਰਾਪਤ ਕਰ ਲੈਂਦਾ ਹੈ ਉਸ ਤੋਂ ਭਾਵ ਹੈ ਕਿ ਉਹ ਇੰਦਰੀਆਂ ਦੀ ਸੀਮਾਂ ਪਾਰ ਕਰ ਜਾਂਦਾ ਹੈ, ਉਸਨੂੰ ਆਪਣੇ ਆਪ ਨੂੰ ਪਤਾ ਲਗ ਜਾਂਦਾ ਹੈ। ਉਸ ਲਈ ਕਿਸੇ ਪ੍ਰਮਾਣ ਦੀ ਲੋੜ ਨਹੀਂ ਹੁੰਦੀ, ਸਭ ਕੁਝ ਬਿਲਕੁਲ ਸਪਸ਼ਟ ਹੋ ਜਾਂਦਾ ਹੈ.

ਉਸ ਨੇ ਜਵਾਬ ਦਿਤਾ, ਨਹੀਂ।

ਮੈਂ ਹੋਰ ਅੱਗੇ ਪੁਛਿਆ, ਕੀ ਤੁਸੀਂ ਆਪਣੀ ਚੇਤਨਤਾ ਦਾ ਵਿਸਤਾਰ ਕਰ ਚੁੱਕੇ ਹੋ? ਕੀ ਤੁਸੀਂ ਉਥੇ ਪਹੁੰਚ ਚੁੱਕੇ ਹੋ ਜਿਥੇ ਵਰਤਮਾਨ ਭੂਤ ਭਵਿੱਖ ਯਥਾਰਥ ਸਭ ਨੂੰ ਚੰਗੀ ਤਰ੍ਹਾਂ ਜਾਣਦੇ ਹੋ।

ਉਹ ਬੜਾ ਦੁਖੀ ਹੋ ਕੇ ਕਹਿਣ ਲੱਗਾ, ਨਹੀਂ।

ਕੀ ਤੁਸੀਂ ਮੌਤ ਦੇ ਡਰ ਤੋਂ ਮੁਕਤ ਹੋ ਚੁਕੇ ਹੋ? ਮੈਂ ਹੋਰ ਅੱਗੇ ਪੁਛਿਆ।

"ਨਹੀਂ" ਉਨ੍ਹਾਂ ਨੇ ਬੜੀ ਸਚਾਈ ਨਾਲ ਦੱਸਿਆ।

ਇਸ ਗੱਲ ਤੋਂ ਬਿਲਕੁਲ ਸਪੱਸ਼ਟ ਸੀ ਕਿ ਉਨ੍ਹਾਂ ਦਾ

ਆਤਮ ਗਿਆਨ ਦਾ ਵਿਚਾਰ ਅਨੁਭਵ ਮੇਰੇ ਵਿਚਾਰ ਤੋਂ ਬਿਲਕੁਲ ਵਖਰਾ ਹੈ। ਮੈਂ ਇਕ ਹੋਰ ਸਵਾਲ ਪੁਛਿਆ, ਕੀ ਤੁਸੀਂ ਕਦੀ ਕੋਈ ਉਪਨਿਸ਼ਦ ਪੜ੍ਹੇ ਹਨ? ਕੋਈ ਸ਼ੰਕਰਾਚਾਰੀਆ ਦੇ ਕੰਮ ਪੁਸਤਕਾਂ ਪੜ੍ਹੀਆਂ ਹਨ? ਉਹ ਦੋਨਾਂ ਤੋਂ ਹੀ ਪੂਰੀ ਤਰ੍ਹਾਂ ਅਣਜਾਣ ਸੀ। ਮੈਂ ਕਹਿਣਾ ਸ਼ੁਰੂ ਕੀਤਾ ਕਿ ਯੋਗ ਵਿਚ ਆਤਮਕ ਗਿਆਨ ਦਾ ਕੋਈ ਹੋਰ ਅਰਥ ਹੈ। ਮੈਂ ਏਨਾ ਹੀ ਕਿਹਾ, ਉਸ ਨੂੰ ਆਪਣਾ ਪ੍ਰਮਾਣੀਕਰਨ ਬਹੁਤ ਹੀ ਪਿਆਰਾ ਸੀ ਉਸ ਲਈ ਉਹ ਬਹੁਤ ਮਹੱਤਵ ਰੱਖਦਾ ਸੀ। ਮੈਂ ਇਸ ਤੇ ਬਹੁਤੀ ਬਹਿਸ ਨਹੀਂ ਸੀ ਕਰਨਾ ਚਾਹੁੰਦਾ, ਨਾ ਹੀ ਕੋਈ ਸਪਸ਼ਟੀਕਰਨ ਚਾਹੁੰਦਾ ਸੀ। ਮੈਂ ਕੇਵਲ ਏਨਾ ਹੀ ਕਿਹਾ ਕਿ ਜੇ ਕਦੀ ਉਸ ਨੂੰ ਚੰਗਾ ਲੱਗੇ ਜਾਂ ਉਹ ਚਾਹੇ ਕਿ ਯੋਗ ਵਿਚ ਆਤਮਕ ਗਿਆਨ ਬਾਰੇ ਕੀ ਵਿਚਾਰ ਹਨ ਤਾਂ ਉਹ ਗੱਲ ਕਰ ਸਕਦਾ ਹੈ।

ਪੰਜ ਦਿਨ ਮੈਂ ਬੋਧੀਆਂ ਦੇ ਭਿਖਸ਼ੂਆਂ ਨਾਲ ਉਨ੍ਹਾਂ ਦੇ ਮੱਠ ਵਿਚ ਰਿਹਾ ਹਰ ਮਿੰਟ ਦਾ ਪੂਰਾ-ਪੂਰਾ ਪ੍ਰੋਗਰਾਮ ਸੀ। ਖਾਣਾ ਪੀਣਾ, ਕਮਰਾ ਸਾਫ ਕਰਨਾ ਸੈਰ ਜਾਣਾ, ਬੈਠਣਾ, ਕਪੜੇ ਤਹਿ ਕਰਨੇ, ਦਿਨ ਵਿਚ ਨੌਂ ਵਾਰੀ ਮੈਡੀਟੇਸ਼ਨ ਵਿਚ ਬੈਠਣਾ, ਇਹ ਸਭ ਕੁਝ ਇਕੱਠੇ ਪਾਦਰੀ ਦੀ ਦੇਖ-ਰੇਖ ਵਿਚ ਕੀਤਾ ਜਾਂਦਾ ਸੀ। ਇਹ ਵਾਲਾ ਕੈਂਪ ਦੂਸਰੇ ਸਾਰਿਆਂ ਨਾਲੋਂ ਬਹੁਤ ਹੀ ਫਰਕ ਵਾਲਾ ਸੀ। ਆਏ ਹੋਏ ਜਗਿਆਸੂ ਤੇ ਬੋਧੀ ਪਾਦਰੀਆਂ ਦਾ ਪਰਸਪਰ ਵਾਦ ਵਿਵਾਦ, ਪਾਦਰੀਆਂ ਦੀ ਸਹਾਇਤਾ ਇਹ ਸਭ ਕੁਝ ਮੈਨੂੰ ਇਕ ਪਰਉਪਕਾਰੀ ਕੰਮ ਹੀ ਲਗਦਾ ਸੀ। ਮੈਨੂੰ ਅਚੰਭਾ ਸੀ ਇਹ ਕੰਮ ਕਿੰਨਾ ਕੁਝ ਸਭਿਆਚਾਰਕ ਹੈ ਤੇ ਕਿੰਨਾ ਬੋਧੀ ਧਰਮ ਲਈ ਹੈ। ਮੇਰੇ ਸਾਥੀਆਂ ਨੂੰ ਲਗਦਾ ਸੀ ਕਿ ਉਨ੍ਹਾਂ ਦਾ ਹਫਤਾ ਬੇਅਰਥ ਹੋ ਜਾਏਗਾ ਜੇ ਅੰਤ ਵਿਚ ਉਨ੍ਹਾਂ ਨੂੰ ਪ੍ਰਮਾਣ ਪੱਤਰ ਹੀ ਨਾ ਮਿਲਿਆ, ਹਾਂ ਮੈਨੂੰ ਜ਼ਰੂਰ ਇਕ ਗੱਲ ਸਪਸ਼ਟ ਹੋ ਗਈ, ਉਹ ਇਹ ਕਿ ਬੁੱਧ ਧਰਮ ਦਾ ਮਾਰਗ ਮੇਰੇ ਲਈ ਨਹੀਂ ਹੈ। ਮੈਂ ਇਸ ਅਨੁਭਵ ਲਈ ਬਹੁਤ ਹੀ ਧੰਨਵਾਦੀ ਸੀ। ਮੈਂ ਇਕ ਹਫਤੇ ਦੇ ਬਾਅਦ ਇਹ ਹੀ ਸਮਝ ਕੇ ਆਇਆ ਕਿ ਮੇਰਾ ਮਾਰਗ ਆਤਮ ਸਿੱਧੀ ਦਾ ਯੋਗਾ ਦਾ ਮਾਰਗ ਹੈ। ਮੇਰੇ ਅੰਦਰ ਤਿਆਗ ਬਾਰੇ ਮੇਰੇ ਗ੍ਰਹਿਸਤ ਬਾਰੇ ਬਹੁਤ ਦਵੰਦ ਚਲ ਰਿਹਾ ਸੀ, ਇਸ ਤੇ ਮੈਂ ਨਿਤਾਰਾ ਚਾਹੁੰਦਾ ਸੀ ਪਰ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਕਿਵੇਂ ਕੀਤਾ ਜਾਵੇ।

ਜਿਹੜੇ ਲੋਕ ਸਾਡੀ ਦੇਖਭਾਲ ਕਰਦੇ ਸੀ ਉਹ ਸਾਡਾ ਐਨਾ ਧਿਆਨ ਰਖਦੇ ਸੀ ਸਾਨੂੰ ਨਵੀਆਂ-ਨਵੀਆਂ ਥਾਵਾਂ ਤੇ ਲੈ ਕੇ ਜਾਂਦੇ। ਸਾਨੂੰ ਨਵੀਆਂ ਥਾਵਾਂ ਦਿਖਾਉਂਦੇ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਕੁਸ਼ਤੀਆਂ ਦੇਖਣ ਦਾ ਸ਼ੋਕ ਰਖਦਾ ਹਾਂ ਉਨ੍ਹਾਂ ਦਾ ਇਕ ਬੜਾ ਹੀ ਸੀਨੀਅਰ ਬੰਦਾ ਮੈਨੂੰ ਕੁਸ਼ਤੀ ਦੇਖਣ ਲੈ ਗਿਆ। ਮੈਨੂੰ ਬਹੁਤ ਚੰਗਾ ਲੱਗਾ Konisniki ਕਲਾ ਇਕ ਅਮਰੀਕਨ ਸੀ ਉਹ ਬਹੁਤ ਅੱਛਾ ਖੇਡਿਆ, ਫੇਰ ਅਸੀਂ ਜਾਪਾਨ ਦਾ ਸਭ ਤੋਂ ਮਸ਼ਹੂਰ ਤੇ ਵੱਡਾ ਪਹਿਲਵਾਨ ਦੇਖਿਆ। ਉਹ ਬਹੁਤ ਹੀ ਸੋਹਣਾ ਘੋਲ ਕਰਦਾ ਸੀ ਅਸੀਂ ਉਸ ਨੂੰ ਜਿਤਦਿਆਂ ਦੇਖਿਆ।

ਮੈਨੂੰ ਬਹੁਤ ਚੰਗਾ ਲੱਗਾ ਜਦੋਂ ਮੈਂ Prof Motoyama ਨੂੰ ਮਿਲਣ ਗਿਆ। ਉਹ ਬਹੁਤ ਹੀ ਇਕ ਉਚੇ ਵਿਗਿਆਨਕ ਸੀ ਜਿਨ੍ਹਾਂ ਨੇ ਯੋਗਾ ਤੇ ਖੋਜ ਕੀਤੀ ਸੀ ਤੇ ਵੱਖ-ਵੱਖ ਚੱਕਰਾਂ ਤੇ ਖੋਜ ਕੀਤੀ ਸੀ। ਉਸ ਨੇ ਸਵਾਮੀ ਜੀ ਦੀਆਂ ਪੁਸਤਕਾਂ ਵੀ ਪੜ੍ਹੀਆਂ ਸੀ ਤੇ ਇਕ ਮਸ਼ੀਨ ਵੀ ਬਣਾਈ ਸੀ ਜਿਹੜੀ ਵੱਖ-ਵੱਖ ਚੱਕਰਾਂ ਦੀ ਸ਼ਕਤੀ ਨੂੰ ਜਾਂਚਦੀ ਸੀ। ਜਦੋਂ ਮੈਂ ਉਸ ਨੂੰ ਮਿਲਿਆ ਸੀ ਉਦੋਂ ਉਹ ਮੈਡੀਟੇਸ਼ਨ ਵਿਚ ਚੇਤਨਤਾ ਨੂੰ ਬਿਜਲੀ ਨਾਲ ਜਾਚ ਰਿਹਾ ਸੀ, ਦੇਖ ਰਿਹਾ ਸੀ ਕਿ ਵੱਖ-ਵੱਖ ਚੱਕਰਾਂ ਤੇ ਧਿਆਨ ਲਗਾਉਣ ਨਾਲ ਕਿਸ ਤਰ੍ਹਾਂ ਦੇ ਬਦਲਾਵ ਸਰੀਰ ਵਿਚ ਆਉਂਦੇ ਹਨ। ਅਸੀਂ ਬਹੁਤ ਸਾਰੇ ਵਿਸ਼ਿਆਂ ਤੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਦੀ ਇਹ ਗੱਲ ਮੈਨੂੰ ਬਹੁਤ ਹੀ ਚੰਗੀ ਲੱਗੀ।

ਉਹ ਕਹਿਣ ਲੱਗੇ ਸਭਿਅਤਾ ਜਿੰਨੀ ਤਰੱਕੀ ਕਰੇਗੀ ਤੇ ਜਿਨ੍ਹਾਂ ਕੁਝ ਕੰਟਰੋਲ ਕਰੇਗੀ, ਕਰਨਾ ਚਾਹੇਗੀ ਉਨ੍ਹਾਂ ਹੀ ਮਜ਼ਹਬ ਦਾ ਪ੍ਰਭਾਵ ਘਟਦਾ ਜਾਏਗਾ। ਉਹ ਮਜ਼ਹਬ ਨੂੰ ਕੋਈ ਘੱਟ ਮਹੱਤਤਾ ਨਹੀਂ ਸੀ ਦੇ ਰਹੇ, ਉਹ ਕੇਵਲ ਇਹ ਕਹਿਣ ਦੀ ਕੋਸ਼ਿਸ਼ ਕਰ ਰਹੇ ਸੀ ਕਿ ਲੋਕਾਂ ਦੇ ਸਮਝਣ ਦੀ ਸਮਰਥਾ ਚੇਤਨਤਾ ਤੇ ਸੰਸਾਰਕ ਵਸਤੂਆਂ ਦੇ ਪਰਸਪਰ ਸਬੰਧ ਨੂੰ ਸਮਝਣ ਲਈ ਅਸੀਂ ਐਨਾ ਅੱਗੇ ਨਿਕਲ ਜਾਵਾਂਗੇ ਕਿ ਸਾਡੀ ਆਸਥਾ ਚਰਚ ਤੇ ਘੱਟ ਜਾਵੇਗੀ। ਉਹ ਕਹਿਣ ਲੱਗੇ ਸਾਡੀ ਆਸਥਾ ਹੋਰ ਪਦਾਰਥੀ ਹੁੰਦੀਆਂ ਜਾਣਗੀਆਂ।

ਮੈਨੂੰ ਤੇ ਥਰੀਸਾ ਨੂੰ ਜਾਪਾਨ ਵਿਚ ਵਧੇਰੀ ਦੇਰ ਰਹਿਣ ਲਈ ਕਿਹਾ ਗਿਆ ਭਾਵੇਂ ਸਾਡਾ ਸਮਾਂ ਪੂਰਾ ਹੋ ਚੁੱਕਾ ਸੀ ਪਰ ਕਾਨਫਰੰਸ ਵਿਚ ਸਹਾਇਤਾ ਕਰਨ ਲਈ ਸਾਨੂੰ ਹੋਰ ਠਹਿਰਨ ਲਈ ਕਿਹਾ ਗਿਆ। ਕਾਨਫਰੰਸ 30 ਅਕਤੂਬਰ ਤੋਂ ਪਹਿਲੀ ਨਵੰਬਰ ਤਕ ਹੋਣੀ ਸੀ, ਬਹੁਤ ਹੀ ਸੋਹਣੀ ਤੇ ਸੁਚੱਜੀ ਤਰ੍ਹਾਂ ਤਿਆਰੀ ਕੀਤੀ ਗਈ ਸੀ ਤੇ ਕੋਈ 51 ਬੁਲਾਰੇ ਆਏ ਸੀ ਤੇ ਵੀਹ ਹਜ਼ਾਰ ਸਜਨ ਵੱਖ-ਵੱਖ ਦੇਸ਼ਾਂ ਤੋਂ ਭਾਗ ਲੈਣ ਆਏ ਸੀ। ਬੁਲਾਰਿਆਂ ਨੇ ਮਜ਼ਹਬ ਸਿਖਿਆ, ਵਿਗਿਆਨ, ਡਾਕਟਰੀ ਸਾਰਿਆਂ ਤੇ ਚਾਨਣਾ ਪਾਇਆ ਤੇ ਇਨ੍ਹਾਂ ਸਾਰਿਆਂ ਵਿਸ਼ਿਆਂ ਨੂੰ ਭਵਿੱਖ ਨਾਲ ਜੋੜਿਆ ਤੇ ਮਨੁੱਖਤਾ ਦੀ ਭਲਾਈ ਨਾਲ ਜੋੜਿਆ। ਮੇਰੇ ਸਭ ਤੋਂ ਮਨ ਭਾਉਂਦੇ ਬੁਲਾਰੇ ਜੀ ਡਾ. ਰੋਬਰਟ ਮੈਨਡਲ ਸਨ। ਉਹ ਸ਼ਿਕਾਗੋ ਤੋਂ ਸੀ ਤੇ ਪਰਿਵਾਰ ਭਲਾਈ ਲਈ ਕੰਮ ਕਰਦੇ ਸੀ। ਉਨ੍ਹਾਂ ਨੇ ਲੋਕਾਂ ਨੂੰ ਦੱਸਿਆ ਕਿ ਦਵਾਈ ਦੇ ਕੀ ਕੀ ਭੈੜੇ ਅਸਰ ਵੀ ਹਨ। ਇਥੋਂ ਤਕ ਕਿ ਸ਼ਾਂਤੀ ਤੇ ਵੀ ਨਖੇਦੀ ਦੇ ਪ੍ਰਭਾਵ ਹਨ। ਹੌਲੀ-ਹੌਲੀ ਉਸ ਨੇ ਆਪਣੀ ਸੂਝ ਬੂਝ ਨਾਲ ਤੇ ਪ੍ਰਮਾਣਾਂ ਨਾਲ ਅਜੋਕੀਆਂ

ਦਵਾਈਆਂ ਦਾ ਤਰੀਕਾ ਕੋਈ ਵਿਗਿਆਨ ਨਹੀਂ ਪਰ ਇਕ ਵਿਸ਼ਵਾਸ਼ ਹੈ ਉਨ੍ਹਾਂ ਵਾਸਤੇ ਦਵਾਈਆਂ ਤੇ ਵਿਗਿਆਨ ਇਸ ਤਰ੍ਹਾਂ ਹੀ ਸੀ ਜਿਵੇਂ ਵਿਰੋਧੀ ਅਲੰਕਾਰ ਹੋਣ ਜਿਵੇਂ ਪਲਾਸਟਿਕ ਤੇ ਲੜਾਈ ਹੋਵੇ ਕੁਝ ਵੀ ਜੋ ਵਿਪਰੀਤ ਹੋਵੇ।

ਨੱਬੇ ਪ੍ਰਤੀਸ਼ਤ ਦਵਾਈਆਂ ਉਹ ਹੁੰਦੀਆਂ ਹਨ ਜਿਹੜੀਆਂ ਕਿਸੇ ਨਾ ਕਿਸੇ ਤਰ੍ਹਾਂ ਦਾ ਨੁਕਸਾਨ ਹੀ ਪਹੁੰਚਾਉਂਦੀਆਂ ਹਨ। ਦੱਸ ਪ੍ਰਤੀਸ਼ਤ ਦਵਾਈਆਂ ਉਹ ਹੁੰਦੀਆਂ ਹਨ ਜਿਹੜੀਆਂ ਤੇ ਤਜਰਬੇ ਕਰਕੇ ਉਨ੍ਹਾਂ ਨੂੰ ਛੱਡਿਆ ਜਾ ਚੁੱਕਾ ਹੁੰਦਾ ਹੈ। ਉਹ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਆਂਕੜੇ ਦਸਦੇ ਰਹੇ, ਆਪਣਾ ਅਨੁਭਵ ਦਸਦੇ ਰਹੇ, ਜਿਥੋਂ ਇਹ ਪਤਾ ਲਗਦਾ ਸੀ ਕਿ ਦਵਾਈਆਂ ਖਾਣੀਆਂ ਕਿੰਨੀਆਂ ਹਾਨੀਕਾਰਕ ਹਨ। ਅਸੀਂ ਬਹੁਤ ਸਮਾਂ ਇਕੱਠੇ ਬਿਤਾਇਆ। ਅਸੀਂ ਕਾਨਫਰੰਸ ਵਿਚ ਵੀ ਇਕੱਠੇ ਰਹੇ ਤੇ ਬਹੁਤ ਸਾਲ ਬਾਅਦ ਵੀ।

ਜੇ ਕੋਈ ਇਹੋ ਜਿਹਾ ਸੱਜਣ ਹੈ ਜਿਹੜਾ ਆਪਣੇ ਵਿਅਕਤੀਤ੍ਵ ਵਿਚ ਬਹੁਤ ਉੱਚਾ ਸੀ ਜਿਸ ਦੀ ਯਾਦ ਬਣੀ ਹੀ ਰਹੀ ਉਹ ਸੀ ਫਰੈਡਰਕ ਫਰੈਂਕ, ਅਸੀਂ ਇਕ ਦੂਸਰੇ ਨੂੰ ਬਹੁਤ ਹੀ ਪਸੰਦ ਕਰਦੇ ਸੀ ਇਕ ਦੂਸਰੇ ਨਾਲ ਮਖੌਲ ਕਰਦੇ ਸੀ। ਉਹ ਹਮੇਸ਼ਾ ਇਕ ਗੱਲ ਤੇ ਸੋਚਦੇ ਕੀ ਵਾਸਤਵ ਹੈ ਕੀ ਝੂਠ? ਉਨ੍ਹਾਂ ਦੀ ਹਾਸੇ ਮਖੌਲ ਦੀ ਆਦਤ ਤਾਂ ਮੈਨੂੰ ਬਹੁਤ ਹੀ ਚੰਗੀ ਲਗਦੀ।

ਕਾਨਫਰੰਸ ਵਿਚ ਉਨ੍ਹਾਂ ਦਾ ਵਿਸ਼ਾ ਸੀ, ਮਾਨਵਤਾ ਦੇ ਸਿਧਾਂਤ, ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਇਸ ਸਥਾਨ ਤੇ ਰੱਖ ਕੇ ਹੀ ਇਹ ਦੇਖਿਆ ਹੈ, ਗੱਲ ਕੀਤੀ ਹੈ ਉਨ੍ਹਾਂ ਨੇ ਕਿਹਾ ਮੇਰੀ ਤਰ੍ਹਾਂ ਇਥੇ ਬਹੁਤ ਸਾਰੇ ਸਜਨ ਹਨ ਜਿਨ੍ਹਾਂ ਨੂੰ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਉਨ੍ਹਾਂ ਦਾ ਸੰਸਾਰ ਦੇ ਬਹੁਤ ਸਾਰੇ ਮਜ਼ਹਬਾਂ ਦੀ ਖੋਜ ਕੀਤੀ ਸੀ ਕਿ ਮਨੁੱਖ ਦੇ ਅੰਦਰ ਕੀ ਕੀ ਰਤਨ ਛੁਪੇ ਪਏ ਹਨ। ਇਸ ਬਾਰੇ ਉਨ੍ਹਾਂ ਨੇ ਹੋਰ ਵੀ ਬਹੁਤ ਸਾਰੀਆਂ ਸੰਸਾਰਕ ਸੰਸਥਾਵਾਂ ਨੂੰ ਪੁਛਿਆ ਤੇ ਜਾਣਿਆ ਸੀ।

ਮੇਰਾ ਆਪਣਾ ਵਿਸ਼ਾ ਸੀ, Formation of Religiun Consciousness in the Twenty First century ਮੈਂ ਯੋਗਾ ਤੇ ਮੈਡੀਟੇਸ਼ਨ ਤੋਂ ਹੀ ਲਿਆ ਸੀ ਇਸ ਵਿਚ ਬਹੁਤ ਹੀ ਪ੍ਰੈਕਟੀਕਲ ਤਰੀਕੇ ਦੱਸੇ ਗਏ ਸੀ ਕਿ ਜੀਵਨ ਕਿਵੇਂ ਸੁਚੱਜਾ ਤੇ ਸੋਹਣਾ ਬਣਾਇਆ ਜਾ ਸਕਦਾ ਹੈ। ਮੈਂ ਦੱਸਿਆ ਸੀ ਕਿ ਅੱਜ ਕਲ੍ਹ ਮਜ਼ਹਬ ਵੀ ਸੰਪੂਰਨ ਜੀਵਨ ਤੇ ਜੀਵਨ ਜਾਚ ਤੇ ਜ਼ੋਰ ਦੇ ਰਹੇ ਹਨ। ਹਰ ਮਜ਼ਹਬ ਆਪਣੀ ਫਿਲੋਸਫੀ ਨੂੰ ਥੋੜ੍ਹਾ ਦੂਰ ਹੀ ਰੱਖ ਰਿਹਾ ਹੈ। ਲੋਕਾਂ ਦੇ ਸਭਿਆਚਾਰ ਨੂੰ ਅਭਿਆਸ ਤੇ ਅਨੁਭਵ ਨੂੰ ਮਹੱਤਤਾ ਦਿਤੀ ਜਾ ਰਹੀ ਹੈ। ਮਜ਼ਹਬੀ ਚੀਜ਼ਾਂ ਨੂੰ ਦੂਰ ਹੀ ਰੱਖਿਆ ਜਾ ਰਿਹਾ ਹੈ।

ਮੈਂ ਦੱਸਿਆ ਕਿ ਮਜ਼ਹਬ ਤਾਂ ਆਪਣੀ ਜ਼ਿੰਮੇਵਾਰੀ ਤੋਂ ਦੂਰ ਹੀ ਹੱਟ ਰਹੇ ਹਨ, ਉਹ ਮਨੁੱਖ ਨੂੰ ਜਾਗਰਣ ਕਰਕੇ ਉਸ ਨੂੰ ਗਿਆਨ ਦੀ ਪ੍ਰਾਪਤੀ ਨਹੀਂ ਕਰਾ ਰਹੇ।

ਮਜ਼ਹਬ ਕੋਲ ਐਸ ਵੇਲੇ ਕੋਈ ਤਰੀਕਾ ਹੀ ਨਹੀਂ ਜਿਸ ਨਾਲ ਆਪਣੀ ਪ੍ਰਮਾਣਤਾ ਦਾ ਸਬੂਤ ਦੇ ਸਕਣ।

ਮੈਨੂੰ ਲੰਡਨ ਦੇ ਡਾ. ਪੈਟਰਨ ਜੋ British Holistic Medical Association ਦੇ ਪ੍ਰਧਾਨ ਸੀ ਉਨ੍ਹਾਂ ਨੇ ਬੁਲਾਇਆ ਕਿ ਮੈਂ ਲੰਡਨ ਆ ਕੇ ਸਵਸਥ ਸਿਹਤ ਬਾਰੇ ਪੜ੍ਹਾਵਾਂ। ਡਾਕਟਰਾਂ ਤੇ ਨਰਸਾਂ ਨੂੰ ਦੱਸਾਂ। ਇਨ੍ਹਾਂ ਨੂੰ ਭਾਵੇਂ ਕੋਰਸ ਕਰਾਵਾਂ ਜਾਂ ਲੈਕਚਰ ਵਿਚ ਦੱਸਾਂ, ਮੈਂ ਡਰੈਕਟਰ ਸਿਖਿਆ ਹੋਵਾਂਗਾ। ਉਨ੍ਹਾਂ ਨੇ ਕਿਹਾ ਤੇ stress managment ਤੇ ਕੋਰਸ ਕਰਾਵਾਂਗਾ। ਇਹ ਇਕ ਬਹੁਤ ਹੀ ਵੱਡਾ ਮੌਕਾ ਸੀ ਜਦੋਂ ਮੈਂ ਆਪਣਾ ਗਿਆਨ ਜੋ ਮੈਂ ਪਿਛਲੇ ਪੰਦਰਾਂ ਸਾਲ ਤੋਂ ਇਕੱਠਾ ਕਰਕੇ ਰੱਖਿਆ ਹੈ ਉਸ ਦਾ ਪ੍ਰਯੋਗ ਕਰਾਂ, ਮੈਂ ਤੁਰੰਤ ਹੀ ਇਸ ਤੇ ਕੰਮ ਸ਼ੁਰੂ ਕਰ ਦਿਤਾ।

ਮੇਰੇ ਅੰਦਰ ਦਾ ਸਵਾਮੀ, ਤਿਆਗ, ਮੇਰਾ ਥਰੀਸਾ ਨਾਲ, ਬੰਧਨ ਇਹ ਸਾਰੀਆਂ ਗੱਲਾਂ ਮੇਰੇ ਅੰਦਰ ਬਹੁਤ ਹੀ ਰੋਲਾ ਪਾਉਣ ਲਗ ਪਈਆਂ, ਜਿੰਨਾਂ ਹੀ ਮੈਂ ਇਨ੍ਹਾਂ ਤੋਂ ਦੂਰ ਹੋਣ ਦੀ ਕੋਸ਼ਿਸ਼ ਕਰਦਾ ਓਨਾ ਹੀ ਇਹ ਮੇਰੇ ਮਨ ਤੇ ਹਾਵੀ ਹੋ ਜਾਂਦੀਆਂ। ਥਰੀਸਾ ਤੇ ਮੈਂ ਅਸੀਂ ਆਪਸ ਵਿਚ ਗੱਲ ਕਰਦੇ ਰਹਿੰਦੇ, ਉਹ ਭਲੀ ਭਾਂਤੀ ਜਾਣਦੀ ਸੀ ਮੇਰਾ ਜੀਵਨ ਕਿਸ ਦਿਸ਼ਾ ਵਿਚ ਜਾ ਰਿਹਾ ਹੈ।

ਕਾਨਫਰੰਸ ਖਤਮ ਹੋ ਗਈ। ਦੂਸਰੇ ਦਿਨ ਅਸੀਂ ਆਪਣਾ ਸਾਮਾਨ ਬੰਨ੍ਹ ਰਹੇ ਸੀ ਤੇ ਜਾਪਾਨ ਛੱਡਣ ਦੀ ਤਿਆਰੀ ਕਰ ਰਹੇ ਸੀ। ਸਵਾਮੀ ਜੀ ਨੇ ਟੈਲੀਫੋਨ ਕੀਤਾ ਤੇ ਕਹਿਣ ਲੱਗੇ ਮੈਂ ਤੁਹਾਡੇ ਸੋਫੇ ਦੀਆਂ ਲੱਤਾਂ ਕੱਟ ਦਿਤੀਆਂ ਹਨ। ਸਵਾਮੀ ਜੀ ਕਹਿਣ ਲੱਗੇ ਅਸੀਂ ਅਮਰੀਕਾ ਮੁੜਨ ਤੋਂ ਪਹਿਲਾਂ ਭਾਰਤ ਜ਼ਰੂਰ ਆਈਏ। ਮੈਨੂੰ ਲੱਗਾ ਸਵਾਮੀ ਜੀ ਜੋ ਕਹਿ ਰਹੇ ਹਨ ਉਸ ਲਈ ਸਮਾਂ ਉਚਿਤ ਨਹੀਂ ਸੀ। ਅਮਰੀਕਾ ਦੀ ਟਿਕਟ ਬੁਕ ਹੋ ਚੁੱਕੀ ਸੀ ਅਸੀਂ ਸਾਮਾਨ ਬੰਨ੍ਹ ਚੁੱਕੇ ਸੀ, ਅਸੀਂ ਰਾਤੋ ਰਾਤ ਭਾਰਤ ਲਈ ਸਮਾਨ ਬੰਨ੍ਹਿਆ। ਆਪਣਾ ਬਾਕੀ ਦਾ ਸਾਮਾਨ ਟੋਕੀਓ ਦੇ ਹਵਾਈ ਅੱਡੇ ਦੇ ਕਮਰੇ ਵਿਚ ਰੱਖਿਆ। ਟਿਕਟਾਂ ਕੈਂਸਲ ਕਰਾ ਕੇ ਨਵੀਆਂ ਟਿਕਟਾਂ ਦਿੱਲੀ ਲਈ ਖਰੀਦ ਕੇ ਅਸੀਂ ਦਿੱਲੀ ਲਈ ਜਹਾਜ਼ ਚੜ੍ਹ ਗਏ। ਅਸੀਂ ਸੋਚਿਆ ਸੀ ਅਸੀਂ ਦੋ ਚਾਰ ਦਿਨ ਹੀ ਦਿੱਲੀ ਰਹਾਂਗੇ। ਅਸੀਂ ਬਿਲਕੁਲ ਨਹੀਂ ਸੀ ਜਾਣਦੇ ਕਿ ਦਿੱਲੀ ਸਾਡੇ ਨਾਲ ਕੀ ਹੋਣ ਵਾਲਾ ਹੈ।

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਇ - 2

### ਸ਼ਲੋਕ ਪਹਿਲਾ

ਇਸ ਸਰੀਰ ਦੇ ਅੰਦਰ ਹੀ ਚਾਨਣ ਹੈ, ਆਤਮਾ ਹੈ ਇਸ ਨੂੰ ਗੁਹਾਚਰ (guhachara) ਕਹਿੰਦੇ ਹਨ ਭਾਵ ਗੁਫਾ ਵਿਚ ਰਹਿਣ ਵਾਲਾ। ਪਰਮ ਸੱਤ ਦਾ ਵਾਸਾ ਏਥੇ ਹੀ ਹੈ। ਜੋ ਕੁਝ ਵੀ ਚੇਤਨ ਹੈ, ਜਾਨਦਾਰ ਹੈ ਸਮਵੇਗਕ ਹੈ ਜੜ੍ਹ ਚੇਤਨ ਜੋ ਕੁਝ ਵੀ ਮੌਜੂਦ ਹੈ ਉਸ ਸਭ ਕੁਝ ਦਾ ਮੁਢ ਇਹੋ ਹੀ ਹੈ। ਗਿਆਨ ਦੀ ਪ੍ਰਾਪਤੀ ਕਰਕੇ, ਆਤਮਾ ਤਕ ਪਹੁੰਚ ਕੇ ਜਗਿਆਸੂ ਸਭ ਤੋਂ ਅੱਗੇ ਲੰਘ ਜਾਂਦਾ ਹੈ, ਉਤਮ ਪੁਰਖ ਬਣ ਜਾਂਦਾ ਹੈ।

ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਪ੍ਰਮਾਤਮਾ ਅੰਦਰ ਵਸਦਾ ਹੈ, ਸਭ ਦੀ ਅੰਤਰ ਆਤਮਾ ਵਿਚ ਪ੍ਰਮਾਤਮਾ ਦਾ ਹੀ ਵਾਸ ਹੈ, ਸਭ ਤੋਂ ਵੱਧ ਚਾਨਣ ਓਥੇ ਹੀ ਹੈ, ਚਾਨਣ ਦਾ ਚਾਨਣ ਓਥੇ ਹੀ ਹੈ, ਇਹ ਹੀ ਸਾਡੇ ਸਭ ਦਾ ਓਟ ਆਸਰਾ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿ ਸਾਈਕਲ ਵਿਚ ਹਬ ਹੁੰਦਾ ਹੈ ਤੇ ਉਹ ਪਹੀਏ ਦੇ ਸਪੋਕਸ ਨੂੰ ਸਹਾਰਾ ਦਿੰਦਾ ਹੈ। ਸਭ ਕੁਝ ਉਸ ਨਾਲ ਹੀ ਚਲਦਾ ਹੈ, ਚਮਕਦਾ ਹੈ, ਸ੍ਵਾਸ ਲੈਂਦਾ ਹੈ, ਹੇ ਸ਼ਿਸ਼! ਇਸ ਨੂੰ ਜਾਣੋ, ਇਹ ਹੀ ਤੇਰੀ ਆਤਮਾ ਹੈ ਇਹ ਹੀ ਤੇਰਾ ਸੂਖਮ ਹੈ, ਇਹ ਹੀ ਇੰਦ੍ਰੀਆਂ ਤੋਂ ਪਰ੍ਹੇ ਹੈ, ਮਨ ਤੋਂ ਪਰ੍ਹੇ ਹੈ, ਪ੍ਰਾਣੀਆਂ ਤੋਂ ਪਰ੍ਹੇ ਹੈ, ਇਹ ਬ੍ਰਹਮਾ ਦੀ ਹੀ ਸ਼ਕਤੀ ਹੈ ਜਿਸ ਨਾਲ ਇੰਦ੍ਰੀਆਂ ਪ੍ਰਾਣ ਮਨ ਸਭ ਕੁਝ ਚਲ ਰਿਹਾ ਹੈ। ਸੁਣਨ ਦੀ ਸ਼ਕਤੀ, ਸੋਚਣ ਦੀ ਸ਼ਕਤੀ, ਅੱਖਾਂ ਦੀ ਸ਼ਕਤੀ, ਬ੍ਰਹਮਾ ਦੀ ਸ਼ਕਤੀ ਹੀ ਤਾਂ ਹੈ, ਅੰਤਰ ਆਤਮਾ ਹੀ ਹੈ।

ਇਸ ਸ਼ਕਤੀ ਦੇ ਸਰੋਤ ਤੋਂ ਬਿਨਾਂ, ਇੰਦ੍ਰੀਆਂ ਤੋਂ ਬਿਨਾਂ, ਸ੍ਵਾਸਾਂ ਤੋਂ ਬਿਨਾਂ, ਮਨ ਬਿਲਕੁਲ ਜੜ੍ਹ ਹੈ, ਉਸ ਵਿਚ ਕੋਈ ਸ਼ਕਤੀ ਹੀ ਨਹੀਂ। ਉਹ ਕੋਈ ਕਾਰਜ ਕਰ ਹੀ ਨਹੀਂ ਸਕਦਾ, ਬ੍ਰਹਮਾ ਹੀ ਵਿਅਕਤੀ ਦੀ ਆਤਮਾ ਹੈ। ਇਹੋ ਹੀ ਕਾਰਣ ਹੈ ਦੇਖਣ ਦੀ ਸਕਤੀ, ਸੁਣਨ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਖਾਣ ਦਾ ਸੁਆਦ, ਹੱਥ ਨਾਲ ਪਕੜ ਕੇ ਦੇਖਣ ਦੀ ਸ਼ਕਤੀ ਅਨੁਭਵ ਕੀਤੀ ਜਾਂਦੀ ਹੈ। ਜਗਿਆਸੂ ਨੂੰ ਚਿੰਤਨ ਕਰਨਾ ਚਾਹੀਦਾ ਹੈ। ਧਿਆਨ ਲਗਾਉਣਾ ਚਾਹੀਦਾ ਹੈ। ਚਿੰਤਨ ਕਰਕੇ ਧਿਆਨ ਲਗਾ ਕੇ ਹੀ ਬ੍ਰਹਮਾ ਦੀ ਪ੍ਰਾਪਤੀ ਹੋ ਸਕਦੀ ਹੈ, ਬ੍ਰਹਮਾ ਹੀ ਸਾਰੀਆਂ ਸ਼ਕਤੀਆਂ ਦਾ ਸਰੋਤ ਹੈ, ਇਨ੍ਹਾਂ ਅਨੁਭਵਾਂ ਦਾ ਸਰੋਤ ਹੈ। ਜਗਿਆਸੂ ਬ੍ਰਹਮਾ ਨੂੰ ਆਪਣੇ ਹਿਰਦੇ ਵਿਚ ਅਨੁਭਵ ਕਰਦਾ ਹੈ, ਉਸ ਨੂੰ ਜਾਨਣ ਵਾਲਾ ਸਿੱਧ ਪੁਰਸ਼ ਹੈ। ਆਤਮਾ ਹੀ ਹਰ ਚੀਜ਼ ਦਾ ਪ੍ਰਤੀਕ ਹੈ, ਆਤਮਾ ਹੀ ਹਰ ਗੱਲ ਦਾ ਲਸ਼ਕਾਰਾ ਹੈ ਇਸ ਕਾਰਣ ਹੀ ਲਗਦਾ ਹੈ ਕਿ ਆਤਮਾ ਚਲਿਤ ਹੈ ਤੇ ਸਾਈਕਲ ਦੇ ਪਹੀਏ ਦੀ ਤਰ੍ਹਾਂ ਹੈ ਜਿਹੜਾ ਚਲਦਾ ਹੈ।

ਜਿਹੜੇ ਅਨੁਸਾਸ਼ਨ ਵਿਚ ਨਹੀਂ, ਉਹ ਧਿਆਨ ਕਰਨਾ ਨਹੀਂ ਜਾਣਦੇ, ਚਿੰਤਨ ਕਰਨਾ ਨਹੀਂ ਜਾਣਦੇ ਉਹ ਨਾ ਤਾਂ ਮੈਡੀਟੇਸ਼ਨ ਕਰ ਸਕਦੇ ਹਨ ਤੇ ਨਾ ਹੀ ਮਨ ਇਕਾਗਰ ਕਰ ਸਕਦੇ ਹਨ। ਇਹੋ ਜਿਹਾ ਮਨ ਅਨੁਸ਼ਾਸਨ ਤੋਂ ਬਾਹਰ ਹੈ, ਇਸ ਕੋਲ ਆਪਣੇ ਆਪ ਨੂੰ ਜਾਨਣ ਦੀ, ਆਤਮਾ ਨੂੰ ਜਾਨਣ ਦੀ ਕੋਈ ਸਕਤੀ ਨਹੀਂ। ਆਤਮਾ ਦੀ ਕੋਈ ਰੂਪ ਰੇਖਾ ਨਹੀਂ ਜਿਸ ਕਰਕੇ ਆਤਮਾ ਤੇ ਇਕਾਗਰ ਕਰਨਾ ਔਖਾ ਹੈ। ਬਿਨਾਂ ਰੂਪ ਰੇਖ ਦੇ ਬ੍ਰਹਮਾ ਦੀ ਸ਼ਕਤੀ ਇਕ ਅਣੂ ਵਿਚ ਹੈ, ਛੋਟੇ ਤੋਂ ਛੋਟੇ ਕਣ ਵਿਚ ਹੈ, ਉਸ ਦਾ ਪਸਾਰਾ ਸਾਰੇ ਸੰਸਾਰ ਵਿਚ ਹੈ, ਵਿਸ਼ਵ ਵਿਚ ਹੈ। ਚੌਥੇ ਸਲੋਕ ਵਿਚ ਦਸਿਆ ਹੈ ਆਤਮਾ ਇਕ ਹੈ, ਸਥਿਰ ਹੈ, ਮਨ ਤੋਂ ਵੀ ਵੱਧ ਤੀਖਣ ਹੈ। ਇਹ ਈਸ਼ ਉਪਨਿਸ਼ਦ ਵਿਚ ਦਸਿਆ ਗਿਆ ਹੈ।

ਆਤਮਾ ਹੀ ਬ੍ਰਹਮਾ ਹੈ। ਜਦੋਂ ਅਸੀਂ ਮਨੁੱਖ ਦੇ ਸੁਭਾਅ ਦੀ ਗੱਲ ਕਰਦੇ ਹਾਂ ਅਸੀਂ ਕਹਿੰਦੇ ਹਾਂ ਆਤਮਾ ਮਨੁੱਖ ਰੂਪ ਸਰੀਰ ਦੀ ਗੁਫਾ ਵਿਚ ਰਹਿੰਦੀ ਹੈ। ਜਗਿਆਸੂ ਲਈ ਇਹ ਜਾਨਣਾ ਆਵਸ਼ਕ ਹੈ ਕਿ ਆਤਮਾ ਨੂੰ ਅੰਤਰਮੁਖੀ ਹੋ ਕੇ ਹੀ ਦੇਖਿਆ ਜਾ ਸਕਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਆਤਮਾ ਸਾਈਕਲ ਦੇ ਹੱਬ ਦੀ ਤਰ੍ਹਾਂਹੈ, ਜਿਸ ਦੇ ਚੱਲਣ ਨਾਲ ਸਾਰਾ ਪਹੀਆ ਚਲਦਾ ਹੈ ਪਰ ਉਹ ਆਪ ਨਹੀਂ ਚਲਦਾ। ਈਸ਼ ਉਪਨਿਸ਼ਦ ਵਿਚ ਇਸ ਤਰ੍ਹਾਂ ਦੱਸਿਆ ਗਿਆ ਹੈ। ਮਨ ਬਿਜਲੀ ਤੋਂ ਵੀ ਤੇਜ਼ ਦੌੜਦਾ ਹੈ, ਪਰ ਆਤਮਾ ਇਸ ਤੋਂ ਵੀ ਵੱਧ ਤੇਜ਼ ਹੈ, ਉਸ ਦੀ ਸਪੀਡ ਇਸ ਤੋਂ ਵੀ ਵੱਧ ਹੈ। ਇਸ ਤੋਂ ਭਾਵ ਹੈ ਕਿ ਮਨ ਭਾਵੇਂ ਕਿੰਨਾ ਹੀ ਤੇਜ਼ ਕਿਉਂ ਨਾ ਦੌੜੇ, ਆਤਮਾ ਕਿਉਂਕਿ ਸਰਬ ਵਿਆਪਕ ਹੈ, ਇਸ ਲਈ ਆਤਮਾ ਪਹਿਲਾਂ ਹੀ ਓਥੇ ਹੈ ਜਿਥੇ ਵੀ ਮਨ ਜਾਏਗਾ, ਆਤਮਾ ਪਹਿਲਾ ਹੀ ਓਥੇ ਹੋਏਗੀ।

### ਸ਼ਲੋਕ ਦੂਸਰਾ

ਇਹ ਅਜਰ ਅਮਰ ਅਟੱਲ ਬ੍ਰਹਮਾ ਦਾ ਚਾਨਣ ਸੂਖਮ ਤੋਂ ਸੂਖਮ ਹੈ। ਸਾਰੀ ਸ੍ਰਿਸ਼ਟੀ, ਸਾਰੇ ਇਸ ਵਿਚ ਰਹਿਣ ਵਾਲੇ, ਇਸ ਚਮਕ, ਇਸ ਰੋਸ਼ਨੀ ਵਿਚ ਸਮੋਏ ਹੋਏ ਹਨ।

ਬ੍ਹਮਾ ਹੀ ਸਾਡੇ ਪ੍ਰਾਣ ਹਨ, ਬ੍ਹਮਾ ਹੀ ਸਾਡੀ ਬਾਣੀ ਹੈ, ਬ੍ਹਮਾ ਹੀ ਸਾਡਾ ਮਨ ਹੈ। ਕੇਵਲ ਬ੍ਹਮਾ ਹੀ ਸਤਿ ਹੈ, ਅਜਰ ਹੈ, ਅਮਰ ਹੈ, ਅਟੱਲ ਹੈ ਇਸ ਗੱਲ ਦਾ ਹੀ ਗਿਆਨ ਸਭ ਨੂੰ ਹੋਣਾ ਚਾਹੀਦਾ ਹੈ।

ਰਥ ਚਲਦਾ ਹੈ ਕਿਉਂਕਿ ਇਕ ਗਿਆਨੀ ਇਸ ਰਥ ਨੂੰ ਚਲਾਣ ਵਾਲਾ ਹੈ, ਤੁਹਾਡੀ ਚੇਤਨਾ ਨਿਰੋਲ ਚੇਤਨਾ, ਤੁਹਾਡੇ ਪ੍ਰਾਣਾਂ ਨੂੰ, ਮਨ ਨੂੰ, ਇੰਦ੍ਰੀਆਂ ਨੂੰ, ਸੰਵੇਗਾਂ ਨੂੰ ਗਾਈਡ ਕਰਦੀ ਹੈ, ਭਾਵੇਂ ਤੁਸੀਂ ਇਸ ਨੂੰ ਦੇਖ ਨਹੀਂ ਸਕਦੇ ਪਰ ਇਹ ਹੀ ਤੁਹਾਡੀ ਪਥ ਪਰਦਰਸ਼ਕ ਹੈ। ਜਗਿਆਸੂ ਸਤਿ ਤੇ ਧਿਆਨ ਲਗਾਉਣਾ ਸਿੱਖ ਲੈਂਦਾ ਹੈ ਤੇ ਇਹ ਜਾਣ ਜਾਂਦਾ ਹੈ ਕਿ ਬ੍ਹਮਾ ਹਰ ਇਕ ਦੇ ਹਿਰਦੇ ਵਿਚ ਵਸਦਾ ਹੈ, ਜਦੋਂ ਇਹ ਮਹਿਸੂਸ ਹੋਣ ਲਗ ਪੈਂਦਾ ਹੈ, ਅੰਦਰ ਬਹੁਤ ਭਰੋਸਾ ਆ ਜਾਂਦਾ ਹੈ, ਉਦੋਂ ਬਾਹਰ ਦੇਖਣ ਨਾਲੋਂ ਮਨ ਤੁਹਾਨੂੰ ਅੰਤਰ ਵਲ ਲੈ ਜਾਂਦਾ ਹੈ। ਵੱਖ-ਵੱਖ ਪਰਤਾਂ ਤੋਂ ਬਾਅਦ ਤੁਸੀਂ ਆਤਮ ਸਿੱਧੀ, ਆਤਮ ਸਾਧਨਾ ਤੇ ਪਹੁੰਚ ਜਾਂਦੇ ਹੋ। ਧਿਆਨ ਲਗਾਉਣਾ ਮੈਡੀਟੇਸ਼ਨ ਕਰਨੀ ਇਸ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਤੇ ਇਸ ਦਾ ਅਭਿਆਸ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਪਾਤੰਜਲ ਜਿਨ੍ਹਾਂ ਨੇ ਯੋਗ ਨੂੰ ਨਿਯਮਬੱਧ ਕੀਤਾ ਹੈ ਉਹ ਦਸਦੇ ਹਨ Sath dirghakala-nairantarya-satkarasevito dridha-bhumin ਕੇਵਲ ਉਹ ਅਭਿਆਸ ਹੀ ਪੱਕਦਾ ਹੈ ਜਿਹੜਾ ਬਾਰ-ਬਾਰ ਰੋਜ਼ ਕੀਤਾ ਜਾਵੇ, ਮਿਹਨਤ ਨਾਲ ਕੀਤਾ ਜਾਵੇ ਤੇ ਲੰਮੇ ਸਮੇਂ ਲਈ ਕੀਤਾ ਜਾਵੇ, ਪੂਰੀ ਰੁਚੀ ਤੇ ਸਕਾਰਆਤਮਕ ਬਿਰਤੀ ਨਾਲ ਕੀਤਾ ਜਾਵੇ।

ਬ੍ਹਮਾ ਦਾ ਉਤਮ ਵਿਗਿਆਨ ਸਮਝਣ ਲਈ ਜਗਿਆਸੂ ਨੂੰ ਆਪਣੀ ਬੁਧੀ ਤੀਖਣ ਕਰਨੀ ਚਾਹੀਦੀ ਹੈ, ਪਵਿੱਤਰ ਤੇ ਸ਼ੁਧ ਕਰਨੀ ਚਾਹੀਦੀ ਹੈ, ਮਨ ਸਾਫ ਕਰਨਾ ਚਾਹੀਦਾ ਹੈ ਤਾਂ ਹੀ ਜਗਿਆਸੂ ਬ੍ਹਮਾ ਦੇ ਰਾਜ ਵਿਚ ਪ੍ਰਵੇਸ਼ ਕਰ ਸਕਦਾ ਹੈ। ਬ੍ਹਮਾ ਕੇਂਦਰ ਬਿੰਦੂ ਹੈ, ਸਾਰਾ ਵਿਸ਼ਵ ਕੇਵਲ ਉਸੇ ਬਿੰਦੂ ਦਾ ਪਸਾਰਾ ਹੈ, ਆਤਮਾ ਮਨੁੱਖ ਦੇ ਅੰਦਰ ਦਾ ਬਿੰਦੂ ਹੈ। ਮਨ, ਬੁੱਧੀ, ਗਿਆਨ, ਸੰਵੇਗ, ਇੰਦ੍ਰੀਆਂ, ਪ੍ਰਾਣ ਇਹ ਸਭ ਬ੍ਹਮਾ ਦੀ ਹੀ ਰਚਨਾ ਹੈ ਇਹ ਸਭ ਬ੍ਹਮਾ ਦੇ ਹੀ ਚਲਾਏ ਚਲਦੇ ਹਨ, ਉਸ ਦੀ ਹੀ ਅਗਵਾਈ ਹੇਠ ਕੰਮ ਕਰਦੇ ਹਨ।

ਜਿਵੇਂ ਕਿ ਇਕ ਵਿਗਿਆਨੀ ਆਪਣੀ ਪ੍ਰਯੋਗਸ਼ਾਲਾ ਵਿਚ ਕੋਈ ਵੀ ਪ੍ਰਯੋਗ ਕਰਦਾ ਹੈ ਇਸੇ ਤਰ੍ਹਾਂ ਜਗਿਆਸੂ ਆਪਣੇ ਅੰਤਰ ਦੇ ਜੀਵਨ ਨੂੰ ਪ੍ਰਯੋਗਸ਼ਾਲਾ ਬਣਾਉਂਦਾ ਹੈ ਤਾਂ ਜੋ ਉਹ ਅੰਦਰ ਦੇ ਸੂਖਮ ਭਾਵ, ਸ਼ਕਤੀ ਨੂੰ ਸਮਝ ਸਕੇ। ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਮੈਡੀਟੇਸ਼ਨ ਕਰਕੇ, ਧਿਆਨ ਲਗਾਏ, ਪਰ ਇਹ ਸਭ ਕੁਝ ਉਹ ਨਿਯਮਬੱਧ ਹੋ ਕੇ ਇਕ ਸੁਰ ਇਕ ਸਾਰ ਇਕਾਗਰ ਹੋ ਕੇ ਕਰੇ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਇਕ ਜਗਿਆਸੂ ਆਪਣੀ ਪ੍ਰਯੋਗਸ਼ਾਲਾ ਵਿਚ ਪ੍ਰਯੋਗ ਕਰਦਾ ਹੈ।

ਅੰਧ ਵਿਸ਼ਵਾਸ਼ ਜਗਿਆਸੂ ਨੂੰ ਗੁਮਰਾਹ ਕਰ ਸਕਦਾ ਹੈ। ਦਲੀਲ ਯੁਕਤ, ਦਲੀਲ ਨਾਲ ਕੀਤਾ ਭਰੋਸਾ ਸ਼ੁਧ ਬੁੱਧੀ, ਸ਼ੁਧ ਮਨ ਜੋ ਕੇ ਜਗਿਆਸੂ ਆਤਮ ਮਾਰਗ ਤੇ ਚੱਲ ਕੇ ਪ੍ਰਾਪਤ ਕਰਦਾ ਹੈ ਉਹ ਜਗਿਆਸੂ ਨੂੰ ਡੂੰਘਾ ਲੈ ਜਾਂਦੀ ਹੈ ਜਿਸ ਬਾਰੇ ਆਮ ਮਨੁੱਖਾਂ ਨੂੰ ਕੋਈ ਪਤਾ ਹੀ ਨਹੀਂ ਹੁੰਦਾ। ਅੰਦਰ ਦੀ ਡੂੰਘਾਈ ਜਾਨਣ ਦਾ ਹੋਰ ਕੋਈ ਤਰੀਕਾ ਹੀ ਨਹੀਂ। ਉਸ ਲਈ ਤਾਂ ਮੈਡੀਟੇਸ਼ਨ ਹੀ ਕਰਨੀ ਪੈਂਦੀ ਹੈ, ਧਿਆਨ ਲਗਾਉਣਾ ਪੈਂਦਾ ਹੈ, ਭਜਨ ਸਿਮਰਨ ਕਰਨਾ ਪੈਂਦਾ ਹੈ। ਧਿਆਨ ਲਗਾਉਣ ਨਾਲ, ਚਿੰਤਨ ਕਰਨ ਨਾਲ ਬੁੱਧੀ ਤੀਖਣ ਹੁੰਦੀ ਹੈ, ਮੈਡੀਟੇਸ਼ਨ ਕਰਨ ਨਾਲ ਮਨ ਬੁੱਧੀ ਤੇ ਹੋਰ ਬਹੁਤ ਸੁਧਾਈ ਹੁੰਦੀ ਹੈ ਤੇ ਬਹੁਤ ਕੁਝ ਦਾ ਏਕੀਕਰਣ ਹੁੰਦਾ ਹੈ। ਉਹ ਸਭ ਇਕਾਗਰ ਹੋ ਕੇ ਪੂਰਣ ਸ਼ਰਧਾ ਬਣਦੀ ਹੈ ਜਿਸ ਤੋਂ ਭਾਵ ਹੈ ਸ਼ਰਧਾ ਤੇ ਸਮਾਨ, ਸਤਿਕਾਰ।

ਬਹੁਤ ਸਾਰੇ ਸ਼ਿਸ਼ ਇਸ ਗੱਲ ਵਿਚ ਸਮਾਂ ਵਿਅਰਥ ਗੁਆ ਦਿੰਦੇ ਹਨ ਕਿ ਭਗਤੀ ਉਚੀ ਹੈ, ਕਰਮ ਕਰਨਾ ਉਸ ਤੋਂ ਥੱਲੇ ਹੈ, ਕੋਈ ਕਹਿੰਦੇ ਹਨ ਕਰਮ ਕਰਨੇ ਉਚੇ ਹਨ, ਭਗਤੀ ਉਸ ਤੋਂ ਥੱਲੇ ਹੈ। ਇਹ ਠੀਕ ਹੈ ਕਿ ਕਰਮ ਭਗਤੀ ਤੋਂ ਨੀਵੇਂ ਹੀ ਹਨ ਪਰ ਨਿਸ਼ਕਾਮ ਕਰਮ, ਭਗਤੀ ਸਮਝ ਕੇ ਕਰਮ ਕਰਨੇ ਇਹ ਭਗਤੀ ਦਾ ਹੀ ਹਿੱਸਾ ਹੈ। ਭਗਤੀ ਦਾ ਇਹ ਮਾਰਗ, ਪਿਆਰ ਇਹ ਮਨੁੱਖ ਨੂੰ ਆਤਮ ਸਿੱਧੀ ਤੇ ਪਹੁੰਚਾ ਦਿੰਦੇ ਹਨ। ਸੱਚਾ ਸ਼ਰਧਾਲੂ ਮੈਡੀਟੇਸ਼ਨ ਦਾ ਅਭਿਆਸ ਕਰਦਾ ਹੈ, ਪੂਰੀ ਸ਼ਰਧਾ ਨਾਲ ਕਰਦਾ ਹੈ ਤੇ ਸੰਸਾਰ ਵਿਚ ਨਿਸ਼ਕਾਮ ਕਰਮ ਕਰਦਾ ਹੈ, ਉਹ ਆਪਣਾ ਸਮਾਂ ਬੇਅਰਥ ਨਹੀਂ ਗੁਆਉਂਦਾ।

## ਸਲੋਕ ਤੀਸਰਾ

ਉਪਨਿਸ਼ਦਾਂ ਦੇ ਗਿਆਨ ਦਾ ਤੀਰ ਕਮਾਨ ਬਣਾਓ, ਜਗਿਆਸੂ ਨੂੰ ਚਾਹੀਦਾ ਹੈ ਕਿ ਮਨ ਦਾ ਤੀਰ ਉਸ ਤੀਰ ਕਮਾਨ ਤੇ ਚੜ੍ਹੀਏ, ਉਸ ਨੂੰ ਮੈਡੀਟੇਸ਼ਨ ਨਾਲ ਤੇਜ ਕਰੇ, ਪੂਰੀ ਤਰ੍ਹਾਂ ਇਕ ਚਿੱਤ ਹੋ ਕੇ ਉਸ ਦੀ ਕਮਾਨ ਖਿੱਚੋ ਤੇ ਫੇਰ ਨਿਸ਼ਾਨੇ ਤੇ ਤੀਰ ਮਾਰੇ। ਉਹ ਮੇਰੇ ਪਿਆਰੇ ਯਾਦ ਰੱਖੇ ਨਿਸ਼ਾਨਾ ਕੇਵਲ ਅਜਰ, ਅਮਰ, ਅਟੱਲ, ਸਤਿ ਹੀ ਹੋਵੇ।

ਉਪਨਿਸ਼ਦਾਂ ਵਿਚ ਓਮ ਸ਼ਬਦ ਦੀ ਬੜੀ ਉਸਤਤ ਲਿਖੀ ਹੈ ਤੇ ਓਮ ਸ਼ਬਦ ਦੀ ਧੁਨ ਨਾਲ ਹੀ ਮੈਡੀਟੇਸ਼ਨ ਕਰਨ ਨੂੰ ਕਿਹਾ ਗਿਆ ਹੈ। ਸਾਰੇ ਉਪਨਿਸ਼ਦਾਂ ਵਿਚ ਓਮ ਸ਼ਬਦ ਨੂੰ ਅਤਿ ਉਤਮ ਦੱਸਿਆ ਗਿਆ ਹੈ ਤੇ ਏਸੇ ਦੀ ਧੁਨ ਨਾਲ ਮੈਡੀਟੇਸ਼ਨ ਕਰਨਾ ਲਿਖਿਆ ਹੈ, ਵਾਸਤਵ ਵਿਚ

ਜਿਹੜਾ ਏਸ ਸ਼ਬਦ ਦੀ ਗੰਭੀਰਤਾ ਨੂੰ ਗਹਿਰਾਈ ਨੂੰ ਜਾਣਦਾ ਹੈ ਉਹ ਬ੍ਰਹਮਾ ਨੂੰ ਜਾਣਦਾ ਹੈ। ਉਪਨਿਸ਼ਦ ਮੈਡੀਟੇਸ਼ਨ ਕਰਨ ਦਾ ਪੂਰਾ-ਪੂਰਾ ਤਰੀਕਾ ਦਸਦੇ ਹਨ, ਪੂਰਾ ਸਕਾਰਆਤਮਕ ਤਰੀਕਾ ਦਸਦੇ ਹਨ ਇਹ ਤਰੀਕਾ ਤਿਆਗੀਆਂ ਲਈ ਵੀ ਹੈ ਤੇ ਅਗਾਂਹ ਪਹੁੰਚੇ ਸ਼ਿਸ਼ਾਂ ਲਈ ਵੀ ਹੈ।

ਉਪਨਿਸ਼ਦਾਂ ਨੂੰ ਪੜ੍ਹੇ ਬਿਨਾਂ ਗ੍ਰੰਥਾਂ ਨੂੰ ਪੜ੍ਹੇ ਬਿਨਾਂ ਵਿਸ਼ੇਸ਼ ਤੌਰ ਤੇ ਮੰਡੂਕ ਉਪਨਿਸ਼ਦ ਨੂੰ ਪੜ੍ਹੇ ਬਿਨਾਂ ਜਗਿਆਸੂ ਨੂੰ ਕਦੇ ਵੀ 'ਓਮ' ਸ਼ਬਦ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਉਸ ਦੀ ਧੁਨ ਤੇ ਵੀ ਕਦੀ ਧਿਆਨ ਲਗਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਹਮੇਸ਼ਾਂ ਕਿਸੇ ਮਹਾਂਪੁਰਖ ਦੀ ਅਗਵਾਈ ਲੈਣੀ ਚਾਹੀਦੀ ਹੈ। 'ਓਮ' ਤਿੰਨ ਅੱਖਰਾਂ ਦਾ ਮਿਸ਼ਰਨ ਹੈ। A, U, M ਇਹ ਮਨ ਦੀਆਂ ਤਿੰਨ ਅਵਸਥਾ ਬਾਰੇ ਦਸਦਾ ਹੈ। ਇਹ ਤਿੰਨ ਅਵਸਥਾ ਜੀਵ ਆਤਮਾ ਦੀਆਂ ਹਨ ਜਾਗਤ, ਸੁਪਨ ਤੇ ਸਖੋਪਤੀ ਅੰਤ ਵਿਚ ਇਸ ਦੀ ਅੰਤਮ ਅਵਸਥਆ ਵੀ ਹੈ ਜਿਸ ਨੂੰ ਤੁਰੀਆ ਅਵਸਥਾ ਕਹਿੰਦੇ ਹਨ, ਭਾਵ ਪਰਮ ਚੇਤਨਾ, ਉਚ ਚੇਤਨ ਅਵਸਥਾ ਜਿਹੜੀ ਕਿ ਬਿਲਕੁਲ ਸ਼ਾਂਤ ਹੈ ਤੇ ਨਿਰੋਲ ਆਤਮਾ ਹੈ।

ਜਿਹੜੇ ਇਸ ਮਾਰਗ ਤੇ ਨਵੇਂ ਆਏ ਹਨ, ਗ੍ਰੰਥਾਂ ਨੂੰ ਚੰਗੀ ਤਰ੍ਹਾਂ ਨਾਲ ਨਹੀਂ ਜਾਣਦੇ ਉਨ੍ਹਾਂ ਨੂੰ ਪਹਿਲਾਂ ਆਪਣੇ ਆਪ ਨੂੰ ਤਿਆਰ ਕਰਨਾ ਚਾਹੀਦਾ ਹੈ, ਮੈਡੀਟੇਸ਼ਨ ਲਈ ਤਿਆਰੀ ਕਰਕੇ 'ਓਮ' ਸ਼ਬਦ ਦੀ ਮਹਿਮਾ ਨੂੰ ਸਮਝਣਾ ਚਾਹੀਦਾ ਹੈ। ਜਿਹੜੇ ਜਗਿਆਸੂ ਦੇਹ ਅਭਿਆਸ ਤੋਂ ਅੱਗੇ ਨਿਕਲ ਗਏ ਹਨ ਮਨ ਤੋਂ ਵੀ ਅੱਗੇ ਚਲੇ ਗਏ ਹਨ ਕੇਵਲ ਅਧਿਆਤਮ ਮਾਰਗ ਦੀ ਹੀ ਸੋਝੀ ਰਖਦੇ ਹਨ, ਧਿਆਨ ਲਗਾਉਂਦੇ ਹਨ, ਮੈਡੀਟੇਸ਼ਨ ਕਰਦੇ ਉਹ ਕੇਵਲ ਓਮ ਤੇ ਹੀ ਧਿਆਨ ਲਗਾਉਂਦੇ ਹਨ। ਉਨ੍ਹਾਂ ਨੂੰ ਕਿਸੇ ਵੀ ਆਕਾਰ ਜਾਂ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ਜਿਸ ਤੇ ਉਹ ਧਿਆਨ ਲਗਾ ਸਕਣ, ਇਹ ਵਸਤੂਆਂ ਤਾਂ ਨਵੇਂ-ਨਵੇਂ ਸ਼ਿਸ਼ ਵਰਤਦੇ ਹਨ। ਸੱਚਾ ਜਗਿਆਸੂ ਤਾਂ ਅੱਗੇ ਨਿਕਲ ਜਾਂਦਾ ਹੈ। ਉਹ ਇਹ ਚੀਜ਼ਾਂ ਪਿਛੇ ਛੱਡ ਆਇਆ ਹੈ, ਉਹ ਮਨ ਦੇ ਆਕਾਰ ਤੇ ਨਮੂਨੇ ਅੱਗੇ ਨਹੀਂ ਰਖਦਾ। ਉਹ ਕੇਵਲ 'ਓਮ' ਤੇ ਹੀ ਮੈਡੀਟੇਸ਼ਨ ਕਰਦੇ ਹਨ।

ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਜਦੋਂ ਵੀ ਕੋਈ ਆਕਾਰ ਕੋਈ ਨਕਸ਼ਾ ਅੱਖਾਂ ਅੱਗੇ ਰਖਾਂਗੇ ਉਹ ਜਗਿਆਸੂ ਨੂੰ ਫੇਰ ਕਲਪਨਾ ਦੀ ਹੱਦ ਤਕ ਰਹਿਣ ਦੇਵੇਗਾ। ਜਿਵੇਂ ਵੱਡੇ-ਵੱਡੇ ਕਵੀ ਜਾਂ ਚਿਤਰਕਾਰ ਜਿਨ੍ਹਾਂ ਦੀ ਦ੍ਰਿਸ਼ਟੀ ਵੱਡੇ ਮਹਾਂਪੁਰਖ ਹੁੰਦੀ ਹੈ, ਉਨ੍ਹਾਂ ਦਾ ਗਿਆਨ

(ਬਾਕੀ ਪੰਨਾ 63 ਤੇ)

# ਮੰਗੀਆਂ ਮੁਰਾਦਾਂ ਝੋਲੀ ਪਾਉਣ ਵਾਲਿਆਂ

ਤੇਰੀ ਯਾਦ ਆਵੇ ਸਾਨੂੰ ਗਲ ਲਾਉਣ ਵਾਲਿਆ
ਤੇਰੀ ਯਾਦ ਆਵੇ ਆਤਮ-ਮਾਰਗ ਚਲਾਉਣ ਵਾਲਿਆ।
ਕੀਤੀਆਂ ਪਿਆਰ ਨਾਲ ਗੱਲਾਂ ਯਾਦ ਆਉਂਦੀਆਂ।
ਸੰਗਤਾਂ ਪਿਆਰੀਆਂ ਦੇ ਸੀਨੇ ਗਲ ਪਾਉਂਦੀਆਂ।
ਤੇਰੀ ਯਾਦ ਆਈ ਰਤਵਾੜੇ ਨੂੰ ਬਣਾਉਣ ਵਾਲਿਆ।
ਤੇਰੀ ਯਾਦ ਆਵੇ ਸਾਨੂੰ ਗਲ ਲਾਉਣ ਵਾਲਿਆ।
ਤੇਰੀ ਯਾਦ ਆਵੇ ......................।
ਜੀਵਨ 'ਚ ਖੇੜਾ ਆਇਆ ਜਦੋਂ ਤੁਸੀਂ ਮਿਲੇ ਸੀ
ਫੁੱਲਾਂ ਦੀ ਬਹਾਰ ਵਾਂਗੂੰ ਸਾਡੇ ਦਿਲ ਖਿਲੇ ਸੀ
ਦੁੱਖਾਂ ਦੇ ਹਨ੍ਹੇਰੇ ਨੂੰ ਮੁਕਾਉਣ ਵਾਲਿਆ
ਤੇਰੀ ਯਾਦ ਆਵੇ.....................।
ਬਾਣੀ ਵਾਲੇ ਤੀਰ ਮਾਰ ਰੱਬ ਵੱਲ ਮੋੜਿਆ।
ਟੁੱਟਿਆਂ ਨੂੰ ਪਿਆਰ ਕੀਤਾ ਗੁਰੂ ਨਾਲ ਜੋੜਿਆ।
ਧੰਨ ਤੂੰ ਸੀ ਚੰਗਾ ਰਾਹ ਦਿਖਾਉਣ ਵਾਲਿਆ
ਤੇਰੀ ਯਾਦ ਆਵੇ......................।
ਤੱਕਿਆ ਸੀ ਪਲ ਪਲ ਤੇਰੇ ਨਾਲ ਬਤਾਵਾਂਗੇ।
ਪਤਾ ਨਹੀ ਸੀ ਧੋਖਾ ਹੋਊ ਕੱਲੇ ਰਹਿ ਜਾਵਾਂਗੇ।
ਤੀਰ ਹਾਏ ਵਿਛੋੜੇ ਦੇ ਚਲਾਉਣ ਵਾਲਿਆ
ਤੇਰੀ ਯਾਦ ਆਵੇ......................।
ਰਹੂਗੀ ਉਡੀਕ ਕਦੇ ਫੇਰ ਫੇਰਾ ਪਾਇਓ ਜੀ,
ਖੜੇ ਹਾਂ ਕਿਨਾਰੇ ਸਾਹਿਬਾ ਸਾਨੂੰ ਪਾਰ ਲਾਇਓ ਜੀ।
ਡੁਬਦੇ ਨੂੰ ਕਿਨਾਰੇ ਤੇ ਪਚਾਉਣ ਵਾਲਿਆ
ਤੇਰੀ ਯਾਦ ਆਵੇ..................।

***ਭਾਈ ਅਵਤਾਰ ਸਿੰਘ***
***'ਆਤਮ ਮਾਰਗ' ਦਫਤਰ***

(ਪੰਨਾ 62 ਦੀ ਬਾਕੀ)

ਮਨ ਤੋਂ ਨਹੀਂ, ਦ੍ਰਿਸ਼ਟੀ ਸ਼ਕਤੀ ਤੋਂ ਆਉਂਦਾ ਹੈ। ਇਨ੍ਹਾਂ ਸਜਣਾਂ ਦੀ ਕਲਪਨਾ ਮਨ ਦੀ ਨਹੀਂ ਹੁੰਦੀ ਜਿਸ ਕਰਕੇ ਕਿਸੇ ਵੀ ਤਰ੍ਹਾਂ ਦਾ ਵਿਘਨ ਤੋੜ ਮੋੜ ਜੇ ਮਨ ਕਰਨਾ ਚਾਹੇ, ਉਹ ਨਹੀਂ ਹੋ ਸਕਦੀ।

ਜਗਿਆਸੂ ਨੂੰ ਬਿਲਕੁਲ ਸਿੱਧੇ ਬੈਠਣਾ ਚਾਹੀਦਾ ਹੈ ਰੀੜ ਦੀ ਹੱਡੀ ਸਿੱਧੀ ਰਖਣੀ ਚਾਹੀਦੀ ਹੈ, ਸਿਰ ਗਰਦਨ ਬਿਲਕੁਲ ਸਿੱਧੇ ਹੋਣੇ ਚਾਹੀਦੇ ਹਨ, ਮੂੰਹ ਬੰਦ, ਦੰਦ ਬੰਦ ਹੋਣੇ ਚਾਹੀਦੇ ਹਨ ਤਾਂ ਜੋ ਜੀਭ ਹਿੱਲੇ ਨਹੀਂ। ਇਸ ਤਰ੍ਹਾਂ ਨਾਲ ਜਗਿਆਸੂ 'ਓਮ' ਦੀ ਧੁਨੀ ਸੁਣ ਸਕਦਾ ਹੈ, ਸ੍ਵਾਸਾਂ ਵਿਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਹੋਣੀ ਚਾਹੀਦੀ ਇਸ ਤਰ੍ਹਾਂ ਨਾਲ ਜਗਿਆਸੂ ਪ੍ਰਾਣਮਈ ਕੋਸ਼ ਦੁਆਰਾ ਸ਼ਾਂਤੀ ਦਾ ਅਨੁਭਵ ਕਰ ਲੈਂਦਾ ਹੈ।

ਕਿੰਨੇ ਹੀ ਮੰਤਰ ਐਸੇ ਹਨ ਜਿਹੜੇ ਮੈਡੀਟੇਸ਼ਨ ਸ਼ੁਰੂ ਕਰਨ, ਮੈਡੀਟੇਸ਼ਨ ਦੀ ਨੀਂਹ ਰੱਖਣ ਲਈ ਵਰਤੇ ਜਾ ਸਕਦੇ ਹਨ। ਕਿਸੇ ਵੀ ਹੋਰ ਮੰਤਰ ਦੀ ਵਰਤੋਂ ਬਿਨ੍ਹਾਂ ਗੁਰੂ ਦੀ ਗਾਈਡੈਂਸ ਦੇ ਹਾਨੀਕਾਰਕ ਹੋ ਸਕਦੀ ਹੈ। ਵਿਸ਼ੇਸ਼ ਤੌਰ ਤੇ ਜੇ ਉਨ੍ਹਾਂ ਦਾ ਅਭਿਆਸ ਠੀਕ ਤਰ੍ਹਾਂ ਨਾਲ ਨਾ ਕੀਤਾ ਜਾਵੇ।

ਜਿਹੜੇ ਵੀ ਸਰੀਰ ਵਿਗਿਆਨ ਜਾਣਦੇ ਹਨ, ਯੋਗਾ ਜਾਣਦੇ ਹਨ, ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ ਕਿ ਘੜੀ-ਘੜੀ ਸ੍ਵਾਸਾਂ ਦਾ ਰੋਕਣਾ, ਉਨ੍ਹਾਂ ਵਿਚ ਰੁਕਾਵਟ ਪਾਉਣੀ, ਫੇਫੜਿਆਂ ਲਈ ਤੇ ਹਿਰਦੇ ਦੇ pumping station ਲਈ ਠੀਕ ਨਹੀਂ, ਇਸ ਨਾਲ ਹਾਲਤ ਪੈਦਾ ਅਸਾਧਾਰਨ ਹੋ ਜਾਂਦੀ ਹੈ ਤੇ ਖ਼ੂਨ ਦੀ ਗਤੀ ਵੀ ਬੇਨਿਯਮੀ ਹੋ ਜਾਂਦੀ ਹੈ ਜਿਹੜੀ ਫੇਰ ਦਿਮਾਗ ਤੇ ਵੀ ਪ੍ਰਭਾਵ ਪਾਉਂਦੀ ਹੈ। ਇਸੇ ਕਰਕੇ ਮੰਤਰਾਂ ਦਾ ਗਿਆਨ ਦੇਣਾ ਆਪਣੇ ਆਪ ਵਿਚ ਇਕ ਵਿਗਿਆਨ ਹੈ ਜਿਸ ਨੂੰ ਬਹੁਤ ਥੋੜ੍ਹੇ ਗੁਰੂ ਤੇ ਯੋਗੀ ਸਮਝਦੇ ਹਨ ਤੇ ਇਨ੍ਹਾਂ ਦਾ ਨਤੀਜਾ ਜਾਣਦੇ ਹਨ।

ਇਸ ਸਲੋਕ ਵਿਚ ਦਸਿਆ ਗਿਆ ਹੈ ਜਦੋਂ ਜਗਿਆਸੂ ਮੁਢਲੀਆਂ ਗੱਲਾਂ ਤੇ ਕਾਬੂ ਪਾ ਲੈਂਦਾ ਹੈ ਜਿਵੇਂ ਕਿ ਇੰਦ੍ਰੀਆਂ ਤੇ ਕਾਬੂ ਪਾਉਣਾ ਫੇਰ ਉਹ ਉਪਨਿਸ਼ਦਾਂ ਦੇ ਗਿਆਨ ਦਾ ਤੀਰ ਚਲਾਣਾ ਜਾਣ ਲੈਂਦਾ ਹੈ। ਜਦੋਂ ਮਨ ਦਾ ਤੀਰ ਮੈਡੀਟੇਸ਼ਨ ਨਾਲ ਤਿੱਖਾ ਹੋ ਜਾਂਦਾ ਹੈ ਉਸ ਤੇ ਨੂੰ ਪੂਰੀ ਸੁਰਤੀ ਬਿਰਤੀ ਨਾਲ ਤਿਆਰ ਕਰ ਲਿਆ ਜਾਂਦਾ ਹੈ ਫੇਰ ਜਗਿਆਸੂ ਉਸ ਤੀਰ ਨੂੰ ਕਮਾਨ ਤੇ ਚੜ੍ਹਾ ਕੇ ਉਸ ਉਤਮ ਬ੍ਰਹਮਾ ਦੇ ਭੇਜਦਾ ਹੈ।

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

**ਆਤਮ ਮਾਰਗ**
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........

ਪਤਾ/Address ..........

..........

..........

..........Pin Code..........

Phone.......... E-mail :..........

ਮੈਂ..........ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ..........ਮਿਤੀ..........ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. Ropar (Pb.) Pin - 140901
Phone : 0160-2255002, 0160-2255009, Email : atammarg1@yahoo.co.in, www.ratwarasahib.org

ਦਸਖਤ..........

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 05, 12,19, 26 ਮਾਰਚ।

**ਸੰਗਰਾਂਦ** – 14 ਮਾਰਚ, ਦਿਨ ਮੰਗਲਵਾਰ।

**ਪੂਰਨਮਾਸ਼ੀ** – 14 ਮਾਰਚ, ਦਿਨ ਮੰਗਲਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 25 ਮਾਰਚ 2006, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901 (India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ .............। | 100/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

RNI No. 61816/95 Licenced to post without prepayment for the Calendar year 2006-08 under the Licence no. PP/Pb-3/0003

Postal Regd. No. Pb/0081/2006

# GURU GOBIND SINGH VIDYA MANDIR RATWARA SAHIB Ph: 0160-2255003



ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ

## ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ

## Registration And Admission Open For Classes Nursery to IX

(Affiliated to C.B.S.E., New Delhi) (Affiliation No. -1630370) **Nursery to class X**

ਨਰਸਰੀ ਤੋਂ ਨੌਵੀਂ ਜਮਾਤ ਤਕ ਰਜਿਸਟਰੇਸ਼ਨ ਅਤੇ ਦਾਖਲਾ ਸ਼ੁਰੂ।

**School will be upgraded by one class every year up to XIII**



ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

+2 ਹੋਣ ਲਈ ਹਰ ਸਾਲ ਸਕੂਲ ਵਿੱਚ ਇੱਕ ਜਮਾਤ ਵਧਦੀ ਜਾਵੇਗੀ।

**Limited Seats** | **Co-Educational** | **English Medium**

ਸੀਮਤ ਸੀਟਾਂ | ਸਹਿ-ਸਿਖਿਅਕ | ਅੰਗਰੇਜ਼ੀ ਮਾਧਿਅਮ



ਸਕੂਲ ਬਿਲਡਿੰਗ

*"ਦੇਗ ਤੇਗ ਜਗ ਮੈ ਦੋਊ ਚਲੈ।"* ਪਰੀਪੂਰਨ ਜੋਤ, ਬ੍ਰਹਮਗਿਆਨੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਦੇ ਕਰ-ਕਮਲਾਂ ਨਾਲ ਸਥਾਪਿਤ 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ' ਉਹ ਸੰਸਥਾ ਹੈ ਜੋ ਸਾਇੰਸ ਦੇ ਯੁੱਗ ਵਿੱਚ ਆਧੁਨਿਕ ਵਿਗਿਆਨਿਕ ਤਕਨੀਕਾਂ ਰਾਹੀਂ ਵਿਦਿਆ ਪ੍ਰਦਾਨ ਕਰਨ ਦੇ ਨਾਲ-ਨਾਲ ਬੱਚਿਆਂ ਨੂੰ ਸਿਖਰ ਦੇ ਅਧਿਆਤਮਿਕ ਜੀਵਨ ਦੇ ਆਤਮ-ਮਾਰਗ ਦੇ ਪਾਂਧੀ ਬਣਾ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਨੂੰ ਸਮਰਪਿਤ ਹੁੰਦੇ ਹੋਏ ਬਾਬਾ ਜੀ ਮਹਾਰਾਜ ਦੇ ਉਪਰੋਕਤ ਮਹਾਂਵਾਕ ਅਨੁਸਾਰ ਉਹ ਸੁਪਨਾ ਸਾਕਾਰ ਕਰਨ ਲਈ ਇਹ ਸੰਸਥਾ ਕੁਦਰਤ ਦੀ ਗੋਦ ਵਿੱਚ ਵਸਾਈ ਕਿ ਇੱਥੋਂ ਤਾਲੀਮ ਲੈਣ ਵਾਲੇ ਮੇਰੇ ਬੱਚੇ ਉਹ ਸੱਚੇ ਸੰਤ-ਸਿਪਾਹੀ ਬਣਨ ਜੋ ਮਨੁੱਖਾ ਜੀਵਨ ਦੇ ਪਰਮ ਮਨੋਰਥ ਵੱਲ ਕਦਮ ਪੁੱਟਦੇ ਹੋਏ ਦੇਸ਼- ਕੌਮ ਤੇ ਪੂਰੀ ਖਲਕਤ ਦੀ ਤਨ ਮਨ ਧਨ ਨਾਲ ਰਾਖੀ ਕਰ ਸਕਣ। ਸੋ ਬਾਬਾ ਜੀ ਮਹਾਰਾਜ ਅਤੇ ਪੂਜਨੀਕ ਬੀਜੀ ਦੇ ਅਸ਼ੀਰਵਾਦ ਸਦਕਾ ਅੱਜ ਸਾਡਾ ਸਕੂਲ ਹਰ ਖੇਤਰ ਵਿੱਚ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ ਤੇ ਅੱਵਲ ਨੰਬਰ ਤੇ ਆ ਰਿਹਾ ਹੈ-



ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਨਾਲ ਭੇਂਟ ਕਰਦੇ ਸਕੂਲ ਦੇ ਵਿਦਿਆਰਥੀ, ਪ੍ਰਿੰਸੀਪਲ ਅਤੇ ਡਾਇਰੈਕਟਰ।



ਸਲਾਨਾ ਸਮਾਰੋਹ ਮੌਕੇ ਵਿੱਚ ਲੜਕੀਆਂ ਗਿੱਧੇ ਵਿਚ ਭਾਗ ਲੈ ਰਹੀਆਂ ਹਨ।



ਸਕੂਲ ਦਾ ਆਰਟ ਅਤੇ ਕਰਾਫਟ ਰੂਮ

### Salient Features

1. Spacious school building in the lap of nature., 2. No building fund is charged., 3. Admission charges only once during admission of the child in the school., 4. Medium of instruction - English.., 5. Ideal Teacher Student Ratio 1:25., 6. Activity Based learning, 7. Lays emphasis on English speaking., 8. Hobby classes and summer camp a routine feature of the school., 9. Music, Dance & Yoga classes.

**- Best students sent to UK for 14 day education trip by NRI's**

10. Emphasis on extra curricular activities. (literary, religious, sports, cultural etc.), 11. Well stocked library catering to the needs of different age groups., 12. Well equipped computer labs with internet., 13. Art & craft room., 14. Well furnished science lab., 15. Playway rooms with latest educational toys for kids., 16. Medical facilities - First aid and dispensary available. 17. School bus facility available.

- Syllabus - C.B.S.E., - Registration & Admission open for Classes Nursery to IX

### ਸਹੂਲਤਾਂ

1. ਕੁਦਰਤ ਦੀ ਗੋਦ ਵਿੱਚ ਸਥਿਤ ਖੁੱਲ੍ਹੀ-ਡੁੱਲ੍ਹੀ ਇਮਾਰਤ।, 2. ਧਰਮ ਅਤੇ ਜੀਵਨ ਪ੍ਰਤੀ ਵਿਗਿਆਨਿਕ ਸੋਚ ਅਪਨਾਉਣ ਵਾਲਾ ਮਾਹੌਲ, 3. ਵਿਸ਼ੇਸ਼ ਸਹੂਲਤਾਂ ਨਾਲ ਲੈਸ ਕਲਾਸ ਰੂਮਜ਼ ਅਤੇ ਖੇਡ ਦੇ ਮੈਦਾਨ, ਅੰਗਰੇਜ਼ੀ ਮਾਧਿਅਮ।

4. ਤਜਰਬੇਕਾਰ, ਉੱਚ-ਯੋਗਤਾ ਪ੍ਰਾਪਤ ਅਧਿਆਪਕ, ਅਧਿਆਪਕ ਵਿਦਿਆਰਥੀ ਅਨੁਪਾਤ 1:25, 5. ਵਾਜ਼ਬ ਫ਼ੀਸ, ਦੂਜੇ ਬੱਚੇ ਲਈ ਫ਼ੀਸ ਅੱਧੀ, ਰੋਜ਼ਾਨਾ ਗੁਰਬਾਣੀ ਪੀਰੀਅਡ।, 6. ਵਿਸ਼ਾਲ ਕੰਪਿਊਟਰ ਲੈਬ ਜਿੱਥੇ ਪਹਿਲੀ ਜਮਾਤ ਤੋਂ ਹੀ ਬੱਚਿਆਂ ਨੂੰ ਕੰਪਿਊਟਰ ਵਿਸ਼ੇ ਦੀ ਜਾਣਕਾਰੀ ਦਿੱਤੀ ਜਾਂਦੀ ਹੈ।, 7. ਪੜ੍ਹਾਈ ਦੇ ਨਾਲ-ਨਾਲ ਸਿੱਖਿਆਦਾਇਕ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਰਾਹੀਂ ਬੱਚਿਆਂ ਦੀ ਅੰਦਰਲੀ ਕਲਾ ਨੂੰ ਜਾਗਰੂਕ ਕੀਤਾ ਜਾਂਦਾ ਹੈ।

**- ਵਿਦੇਸ਼ੀ ਭਾਰਤੀਆਂ ਦੁਆਰਾ ਹਰ ਸਾਲ ਸਕੂਲ ਦੇ ਪੰਜ ਬੱਚੇ 14 ਦਿਨਾਂ ਲਈ ਇੰਗਲੈਂਡ ਵਿੱਚ ਵਿਦਿਅਕ ਦੌਰੇ ਤੇ ਲਿਜਾਏ ਜਾਂਦੇ ਹਨ।**

8. ਵਿਸ਼ਾਲ ਖੇਡ ਦੇ ਮੈਦਾਨ, ਖੇਡ ਸਹੂਲਤਾਂ।, 9. ਵਾਧੂ ਰੁਚੀਆਂ ਤੇ ਵਿਸ਼ੇਸ਼ ਜ਼ੋਰ (ਸਾਹਿਤਕ, ਧਾਰਮਿਕ, ਖੇਡਾਂ ਅਤੇ ਸੰਸਕ੍ਰਿਤਕ ਆਦਿ)।, 10. ਉੱਚ ਪੱਧਰੀ ਅਧਿਆਤਮਿਕ ਸਾਹਿਤ ਸਮੇਤ ਹਰ ਵਿਸ਼ੇ ਤੇ ਉਪਲਬਧ ਸਾਹਿਤ ਦੀ ਲਾਇਬਰੇਰੀ। 11. ਕੰਪਿਊਟਰ ਲੈਬ ਵਿੱਚ ਇੰਟਰਨੈਟ ਦੀ ਸਹੂਲਤ ਹੈ।, 12. ਆਰਟ ਤੇ ਕਰਾਫਟ ਰੂਮਜ਼, ਆਧੁਨਿਕ ਸਾਇੰਸ ਲੈਬ, ਡਾਕਟਰੀ ਸਹੂਲਤਾਂ ਉਪਲਬਧ ਹਨ।, 13. ਹਰ ਸਾਲ ਸ਼ਾਨਦਾਰ 'ਸਪੋਰਟਸ ਡੇ' ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ ਕ੍ਰਿਕਟ ਮੈਚ, ਅਥਲੈਟਿਕਸ ਅਤੇ ਕਈ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ ਜੇਤੂ ਖਿਡਾਰੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।, 14. ਟ੍ਰਾਂਸਪੋਰਟ ਸਹੂਲਤ ਉਪਲਬਧ।

- ਸੀ.ਬੀ.ਐਸ.ਈ. ਵੱਲੋਂ ਮਾਨਤਾ ਪ੍ਰਾਪਤ।

- +2 ਹੋਣ ਲਈ ਹਰ ਸਾਲ ਸਕੂਲ ਵਿੱਚ ਇੱਕ ਜਮਾਤ ਵਧਦੀ ਜਾਵੇਗੀ।



ਸਕੂਲ ਦੀ ਸਾਇੰਸ ਲੈਬ ਵਿੱਚ ਪ੍ਰਯੋਗ ਕਰਦੇ ਹੋਏ ਵਿਦਿਆਰਥੀ।



ਕੰਪਿਊਟਰ ਲੈਬ ਵਿੱਚ ਵਿਦਿਆਰਥੀ ਪ੍ਰੈਕਟੀਕਲ ਕਰਦੇ ਹੋਏ।

**GURU GOBIND SINGH VIDYA MANDIR**

**P.O. Mullanpur Garibdas, Distt. Ropar- 140901,**

**Tel. : (160) 2255003, Fax. : 2255009, Email**

**atammarg@glide.net.in**